


ਜਨ-ਜਨ ਦੀ ਅਵਾਜ਼

Website:www.onlinejagran.com

ਜਲੰਧਰ ਤੋਂ ਪ੍ਰਕਾਸ਼ਿਤ

# ਜਨ ਜਾਗਰਣ

R.N.I No. PUNPUN/2011/44547

Email- janjagran1988@gmail.com

Daily Jan Jagran Punjab

ਜਨ ਜਾਗਰਣ ਟੀ. ਵੀ. ਪੰਜਾਬ ਦੇਖਣ ਲਈ ਹੇਠਾਂ ਦਿੱਤੇ ਫੇਸਬੁੱਕ ਅਕਾਊਂਟ 'ਤੇ ਜਾਓ

Facebook.com/ janjagranpunjab

ਸਾਲ : 16 ਅੰਕ : 89 ਦਿਨ : ਬੁੱਧਵਾਰ ਮਿਤੀ : 1 ਅਪ੍ਰੈਲ, 2026 ਮੁੱਲ : 2.00 ਰੁਪਏ ਫੋਨ : 099998-89104 ਕੁੱਲ ਸਫੇ =12


## ਹੁਣ, ਅਮਰੀਕਾ ਅਤੇ ਯੂਰਪ ਵਾਂਗ ਪੰਜਾਬ ਵਿੱਚ ਮਹਿਜ਼ 6 ਮਿੰਟਾਂ ਵਿੱਚ ਪੁਲਿਸ ਸਹਾਇਤਾ ਮਿਲੇਗੀ : ਭਗਵੰਤ ਮਾਨ

### ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੰਜਾਬ ਪੁਲਿਸ ਨੂੰ 508 ਐਮਰਜੈਂਸੀ ਰਿਸਪਾਂਸ ਵਹੀਕਲ ਸੌਂਪੇ



ਸੰਗਰੂਰ, 31 ਮਾਰਚ (ਪੱਤਰ ਪ੍ਰੇਰਕ)- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਸੂਬੇ ਭਰ ਵਿੱਚ ਜ਼ਮੀਨੀ ਪੱਧਰ 'ਤੇ ਪੁਲਿਸਿੰਗ ਨੂੰ ਮਜ਼ਬੂਤ ਕਰਨ ਲਈ ਸੰਗਰੂਰ ਵਿੱਚ 508 ਐਮਰਜੈਂਸੀ ਰਿਸਪਾਂਸ ਵਹੀਕਲ (ਈਵੀਆਰ) ਨੂੰ ਹਰੀ ਝੰਡੀ ਦੇ ਕੇ ਰਵਾਨਾ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਹੁਣ ਅਮਰੀਕਾ ਅਤੇ ਯੂਰਪ ਵਰਗੇ ਵਿਕਸਤ ਦੇਸ਼ਾਂ ਵਾਂਗ ਮਹਿਜ਼ ਛੇ ਮਿੰਟਾਂ ਵਿੱਚ ਪੁਲਿਸ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ। ਉੱਨਤ ਤਕਨਾਲੋਜੀ ਨਾਲ ਲੈਸ ਇਹ ਵਾਹਨ ਡਾਇਲ-112 ਅਧੀਨ ਸਾਰੇ 28 ਪੁਲਿਸ ਜ਼ਿਲ੍ਹਿਆਂ ਵਿੱਚ ਤਾਇਨਾਤ ਕੀਤੇ ਗਏ ਹਨ ਜੋ ਐਮਰਜੈਂਸੀ ਹਾਲਾਤਾਂ ਦੌਰਾਨ ਤੁਰੰਤ ਸਹਾਇਤਾ ਯਕੀਨੀ ਬਣਾਉਣਗੇ। ਇਹ ਤੁਰੰਤ, ਤਕਨਾਲੋਜੀ-ਅਧਾਰਤ ਕਾਨੂੰਨ ਲਾਗੂਕਰਨ ਦੀ ਦਿਸ਼ਾ ਵੱਲ ਇਕ ਅਹਿਮ ਪੁਲਾਂਘ ਹੈ। ਮੁੱਖ ਮੰਤਰੀ ਨੇ ਕਿਹਾ ਕਿ ਚਾਰ ਸਾਲਾਂ ਦੌਰਾਨ ਪੁਲਿਸ ਵਾਹਨਾਂ ਲਈ 327.70 ਕਰੋੜ ਰੁਪਏ ਦਾ ਨਿਵੇਸ਼ ਕੀਤਾ ਗਿਆ ਹੈ ਜਿਸ ਨਾਲ ਨਾ ਸਿਰਫ ਫੋਰਸ ਦੇ ਆਧੁਨਿਕੀਕਰਨ ਨਾਲ ਕਾਨੂੰਨ ਵਿਵਸਥਾ ਨੂੰ ਮਜ਼ਬੂਤ ਕੀਤਾ ਗਿਆ ਹੈ ਸਗੋਂ ਨਸ਼ਾ ਤਸਕਰਾਂ 'ਤੇ ਵੀ ਨਕੇਲ ਕਸੀ ਗਈ ਹੈ। ਬਿਹਤਰ ਸੁਰੱਖਿਆ ਨਿਵੇਸ਼ਕਾਂ ਦੇ ਵਿਸ਼ਵਾਸ ਵਿੱਚ ਵੀ ਵਾਧਾ ਕਰਦੀ ਹੈ ਜੋ ਟਾਟਾ ਸਟੀਲ ਵੱਲੋਂ ਪੰਜਾਬ ਵਿੱਚ ਆਪਣਾ ਦੂਜਾ ਸਭ ਤੋਂ ਵੱਡੇ ਪਲਾਂਟ ਸਥਾਪਤ ਕਰਨ ਲਈ ਕੀਤੇ ਜਾ ਰਹੇ ਵੱਡੇ ਨਿਵੇਸ਼ਾਂ ਤੋਂ ਸਪੱਸ਼ਟ ਹੁੰਦਾ ਹੈ। ਸੰਗਰੂਰ ਵਿੱਚ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਲੋਕਾਂ ਨੂੰ ਕਿਹਾ, ਪੰਜਾਬ ਵਿੱਚੋਂ ਨਸ਼ਿਆਂ ਦੇ ਖ਼ਤਰੇ ਨੂੰ ਪੂਰੀ ਤਰ੍ਹਾਂ ਖ਼ਤਮ ਕਰਨ ਲਈ ਆਖਰੀ ਵਾਰ ਵਜੋਂ ਨਸ਼ਿਆਂ ਦੇ ਕਾਰੋਬਾਰ ਵਿੱਚ ਸ਼ਾਮਲ ਲੋਕਾਂ ਦਾ ਸਮਾਜਿਕ ਬਾਈਕਾਟ ਕਰਨਾ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਜਿਨ੍ਹਾਂ ਲੋਕਾਂ ਨੇ ਪੀੜ੍ਹੀਆਂ ਨੂੰ ਬਰਬਾਦ ਕੀਤਾ ਹੈ ਉਨ੍ਹਾਂ ਨਾਲ ਬਿਲਕੁਲ ਵੀ ਨਰਮੀ ਨਹੀਂ ਵਰਤਣੀ ਚਾਹੀਦੀ। ਉਨ੍ਹਾਂ ਕਿਹਾ, ਅਜਿਹੇ ਤੱਤਾਂ ਨੂੰ ਸਬਕ ਸਿਖਾਇਆ ਜਾਣਾ ਚਾਹੀਦਾ ਹੈ ਅਤੇ ਇਹਨਾਂ ਦਾ ਸਮਾਜਿਕ ਬਾਈਕਾਟ ਪੰਜਾਬ ਨੂੰ ਨਸ਼ਿਆਂ ਦੀ ਦਲਦਲ ਵਿੱਚੋਂ ਬਾਹਰ ਕੱਢਣ ਲਈ ਅਹਿਮ ਭੂਮਿਕਾ ਨਿਭਾਏਗਾ। ਸਰਕਾਰ ਦੀ ਸਖ਼ਤ ਕਾਰਵਾਈ ਨੂੰ ਉਜਾਗਰ ਕਰਦਿਆਂ ਉਨ੍ਹਾਂ ਕਿਹਾ, ਪੰਜਾਬ ਸਰਕਾਰ ਨੇ ਪਹਿਲਾਂ ਹੀ ਨਸ਼ਿਆਂ ਦੇ ਵਪਾਰ ਵਿਰੁੱਧ ਸ਼ਿਕੰਜਾ ਕੱਸ ਦਿੱਤਾ ਹੈ ਅਤੇ ਅਜਿਹੇ ਮਾਮਲਿਆਂ ਵਿੱਚ ਸਜ਼ਾ ਦਰ 87 ਫੀਸਦ ਤੱਕ ਪਹੁੰਚ ਗਈ ਹੈ ਜੋ ਕਿ ਕਿਸੇ ਵੀ ਹੋਰ ਸੂਬੇ ਨਾਲੋਂ ਕਿਤੇ ਵੱਧ ਹੈ। ਉਨ੍ਹਾਂ ਕਿਹਾ, ਯੁੱਧ ਨਸ਼ਿਆਂ ਵਿਰੁੱਧ ਪੰਜਾਬ ਵਿੱਚ ਨਸ਼ਿਆਂ ਦੇ ਨੈੱਟਵਰਕ ਵਿਰੁੱਧ ਕੀਤੀ ਗਈ ਹੁਣ ਤੱਕ ਦੀ ਸਭ ਤੋਂ ਵੱਡੀ ਕਾਰਵਾਈ ਸਾਬਤ ਹੋ ਰਹੀ ਹੈ ਜਿਸ ਤਹਿਤ ਸਪਲਾਈ ਚੇਨ ਤੋੜ ਕੇ ਅਤੇ ਵੱਡੀਆਂ ਮੱਛੀਆਂ ਨੂੰ ਸਲਾਖਾਂ ਪਿੱਛੇ ਸੁੱਟ ਕੇ ਇਸ ਗੈਰ-ਕਾਨੂੰਨੀ ਵਪਾਰ ਦੀ ਰੀੜ੍ਹ ਦੀ ਹੱਡੀ ਤੋੜ ਦਿੱਤੀ ਗਈ ਹੈ। ਲੋਕ ਲਹਿਰ 'ਤੇ ਜ਼ੋਰ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ, ''ਨਸ਼ਿਆਂ ਵਿਰੁੱਧ ਇਸ ਯੁੱਧ ਨੂੰ ਜਨਤਕ ਸਮਰਥਨ ਨਾਲ ਲੋਕ ਲਹਿਰ ਵਿੱਚ ਬਦਲਣ ਲਈ ਇੱਕ ਵਿਆਪਕ ਅਤੇ ਬਹੁ-ਪੱਖੀ ਰਣਨੀਤੀ ਤਿਆਰ ਕੀਤੀ ਗਈ ਹੈ।'' ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਦੇ ਉਲਟ, ਮੌਜੂਦਾ ਸਰਕਾਰ ਨੇ ਤਸਕਰਾਂ ਨੂੰ ਸੂਬੇ ਵਿੱਚ ਪੈਰ ਪਸਾਰਨ ਦੀ ਇਜਾਜ਼ਤ ਦੇਣ ਦੀ ਬਜਾਏ ਸਖ਼ਤ ਕਾਰਵਾਈ ਨੂੰ ਯਕੀਨੀ ਬਣਾਇਆ ਹੈ। ਉਨ੍ਹਾਂ ਕਿਹਾ, ''ਸਾਡੀ ਲੜਾਈ ਪੰਜਾਬ ਦੀ ਨੌਜਵਾਨ ਪੀੜ੍ਹੀ ਦੀ ਰੱਖਿਆ ਲਈ ਹੈ ਅਤੇ ਇਹ ਨਿਰੰਤਰ ਜਾਰੀ ਰਹੇਗੀ।'' 'ਨਸ਼ਾ ਅੱਤਵਾਦ' ਬਾਰੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ''ਪੰਜਾਬ ਪੁਲਿਸ ਸਰਹੱਦ ਪਾਰੋਂ ਨਸ਼ੀਲੇ ਪਦਾਰਥਾਂ ਦੀ ਤਸਕਰੀ ਦਾ ਸਰਗਰਮੀ ਨਾਲ ਮੁਕਾਬਲਾ ਕਰ ਰਹੀ ਹੈ ਅਤੇ ਦੁਸ਼ਮਣ ਤਾਕਤਾਂ ਦਾ ਸਖ਼ਤ ਮੁਕਾਬਲਾ ਕਰਦੇ ਹੋਏ ਨਾਗਰਿਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾ ਰਹੀ ਹੈ।'' ਉਨ੍ਹਾਂ ਪ੍ਰਬੰਧਕੀ ਸੁਧਾਰਾਂ 'ਤੇ ਚਾਨਣਾ ਪਾਉਂਦਿਆਂ ਕਿਹਾ, ''ਪਹਿਲੀ ਵਾਰ ਜ਼ਮੀਨੀ ਪੱਧਰ ਤੱਕ ਪਹੁੰਚ ਅਪਣਾਈ ਗਈ ਹੈ ਜਿਸ ਤਹਿਤ ਹੁਣ ਸਿਰਫ਼ ਸੀਨੀਅਰ ਅਧਿਕਾਰੀਆਂ ਦੀ ਬਜਾਏ ਜ਼ਮੀਨੀ ਪੱਧਰ 'ਤੇ ਐਸਐਚਓਜ਼ ਨੂੰ ਵਾਹਨ ਪ੍ਰਦਾਨ ਕੀਤੇ ਜਾ ਰਹੇ ਹਨ।'' ਕਾਨੂੰਨ ਵਿਵਸਥਾ ਨੂੰ ਆਰਥਿਕ ਵਿਸ਼ਵਾਸ ਨਾਲ ਜੋੜਦਿਆਂ ਉਨ੍ਹਾਂ ਕਿਹਾ, ''ਕਾਨੂੰਨ ਵਿਵਸਥਾ ਦਾ ਮੁਲਾਂਕਣ ਕਰਨ ਦਾ ਸਭ ਤੋਂ ਵਧੀਆ ਮਾਪਦੰਡ ਸੂਬੇ ਵਿੱਚ ਕੀਤਾ ਜਾਣ ਵਾਲਾ ਨਿਵੇਸ਼ ਹੈ ਅਤੇ ਟਾਟਾ ਸਟੀਲ ਵੱਲੋਂ ਪੰਜਾਬ ਵਿੱਚ ਆਪਣਾ ਦੂਜਾ ਸਭ ਤੋਂ ਵੱਡਾ ਪਲਾਂਟ ਸਥਾਪਤ ਕੀਤਾ ਗਿਆ ਜੋ ਸੂਬੇ ਦੀ ਬਿਹਤਰ ਕਾਨੂੰਨ ਵਿਵਸਥਾ ਦਾ ਪ੍ਰਤੱਖ ਪ੍ਰਮਾਣ ਹੈ।'' ਉਨ੍ਹਾਂ ਅੱਗੇ ਕਿਹਾ, ''ਪੰਜਾਬ ਸਭ ਤੋਂ ਸੁਰੱਖਿਅਤ ਥਾਵਾਂ ਵਿੱਚੋਂ ਇੱਕ ਹੈ ਅਤੇ ਇਸਦਾ ਸਿਹਰਾ ਪੰਜਾਬ ਪੁਲਿਸ ਨੂੰ ਜਾਂਦਾ ਹੈ ਜਿਸਨੇ ਫੋਰਸ ਅਤੇ ਲੋਕਾਂ ਦਰਮਿਆਨ ਪਾੜੇ ਨੂੰ ਪੂਰਿਆ ਹੈ।'' ਸੜਕ ਸੁਰੱਖਿਆ ਵਿੱਚ ਕੀਤੇ ਸੁਧਾਰਾਂ 'ਤੇ ਚਾਨਣਾ ਪਾਉਂਦਿਆਂ ਮੁੱਖ ਮੰਤਰੀ ਨੇ ਕਿਹਾ, ਪੰਜਾਬ ਸਰਕਾਰ ਨੇ ਹਾਈਵੇਅ 'ਤੇ ਸੁਰੱਖਿਆ ਨੂੰ ਯਕੀਨੀ ਬਣਾਉਣ ਅਤੇ ਕੀਮਤੀ ਜਾਨਾਂ ਬਚਾਉਣ ਲਈ ਦੇਸ਼ ਦੀ ਪਹਿਲੀ ਸਮਰਪਿਤ ਸੜਕ ਸੁਰਖੀਆ ਫੋਰਸ ਸ਼ੁਰੂ ਕੀਤੀ ਹੈ।

## ਪ੍ਰਧਾਨ ਮੰਤਰੀ ਵੱਲੋਂ 3,300 ਕਰੋੜ ਰੁਪਏ ਦੇ ਕੇਨ ਸੈਮੀਕੰਡਕਟਰ ਪਲਾਂਟ ਦਾ ਉਦਘਾਟਨ



ਅਹਿਮਦਾਬਾਦ (ਗੁਜਰਾਤ), 31 ਮਾਰਚ (ਪੱਤਰ ਪ੍ਰੇਰਕ)-ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੰਗਲਵਾਰ ਨੂੰ ਅਹਿਮਦਾਬਾਦ ਦੇ ਸਾਨੰਦ ਜੀਆਈਡੀਸੀ ਵਿੱਚ 3,300 ਕਰੋੜ ਰੁਪਏ ਦੀ ਲਾਗਤ ਵਾਲੇ ਕੇਨ ਸੈਮੀਕੰਡਕਟਰ ਪਲਾਂਟ ਦਾ ਉਦਘਾਟਨ ਕੀਤਾ, ਜੋ ਕਿ ਭਾਰਤ ਵਿੱਚ ਅਜਿਹਾ ਦੂਜਾ ਪਲਾਂਟ ਹੈ ਅਤੇ ਦੇਸ਼ ਦੇ ਸੈਮੀਕੰਡਕਟਰ ਮਿਸ਼ਨ ਵਿੱਚ ਇੱਕ ਵੱਡੀ ਪ੍ਰਾਪਤੀ ਮੰਨਿਆ ਜਾ ਰਿਹਾ ਹੈ। ਇਸ ਮੌਕੇ ਗੁਜਰਾਤ ਦੇ ਵਿਗਿਆਨ ਅਤੇ ਤਕਨਾਲੋਜੀ ਮੰਤਰੀ ਅਰਜੁਨ ਮੋਢਵਾਡੀਆ ਨੇ ਦੱਸਿਆ ਕਿ ਇਹ ਇਕਾਈ ਰੋਜ਼ਾਨਾ 7 ਲੱਖ ਤੋਂ ਵੱਧ ਚਿਪ ਦਾ ਨਿਰਮਾਣ ਕਰੇਗੀ, ਜੋ ਭਾਰਤ ਨੂੰ ਇੱਕ ਨਵੇਂ ਤਕਨੀਕੀ ਯੁੱਗ ਵਿੱਚ ਲੈ ਕੇ ਜਾਵੇਗੀ। ਇਸ ਤੋਂ ਪਹਿਲਾਂ ਦਿਨ ਵੇਲੇ ਪ੍ਰਧਾਨ ਮੰਤਰੀ ਨੇ ਮਹਾਂਵੀਰ ਜਯੰਤੀ ਦੇ ਸ਼ੁਭ ਮੌਕੇ 'ਤੇ ਗਾਂਧੀਨਗਰ ਦੇ ਮਹਾਂਵੀਰ ਜੈਨ ਅਰਾਧਨਾ ਕੇਂਦਰ ਕੈਂਪਸ ਵਿੱਚ ਸਮਰਾਟ ਸੰਪ੍ਰਤੀ ਅਜਾਇਬ ਘਰ ਦਾ ਵੀ ਉਦਘਾਟਨ ਕੀਤਾ, ਜੋ ਜੈਨ ਧਰਮ ਦੀ ਅਮੀਰ ਇਤਿਹਾਸਕ ਅਤੇ ਅਧਿਆਤਮਿਕ ਵਿਰਾਸਤ ਨੂੰ ਦਰਸਾਉਂਦਾ ਹੈ।

ਪ੍ਰਧਾਨ ਮੰਤਰੀ ਨੇ ਦੇਸ਼ ਦੇ ਤੇਜ਼ੀ ਨਾਲ ਹੋ ਰਹੇ ਵਿਕਾਸ ਅਤੇ ਨੀਤੀਗਤ ਫੈਸਲਿਆਂ ਦੀ ਗਤੀ 'ਤੇ ਜ਼ੋਰ ਦਿੰਦਿਆਂ ਫਰਵਰੀ ਵਿੱਚ ਮਾਈਕਰੋਨ ਸੈਮੀਕੰਡਕਟਰ ਪਲਾਂਟ ਦੀ ਸ਼ੁਰੂਆਤ ਦਾ ਵੀ ਜ਼ਿਕਰ ਕੀਤਾ ਅਤੇ ਕਿਹਾ ਕਿ ਭਾਰਤ ਨੇ ਉਹ ਕੰਮ ਸਿਰਫ਼ 900 ਦਿਨਾਂ ਵਿੱਚ ਪੂਰਾ ਕਰ ਦਿਖਾਇਆ ਹੈ ਜੋ ਵਿਕਸਿਤ ਦੇਸ਼ਾਂ ਵਿੱਚ ਸਾਲਾਂ ਬੱਧੀ ਸਮਾਂ ਲੈਂਦਾ ਹੈ।

## ਦਵਿੰਦਰ ਨੱਤ ਖੁਦਕੁਸ਼ੀ: ਦੋਸ਼ੀਆਂ ਦੀ ਗ੍ਰਿਫਤਾਰੀ ਤੋਂ ਪਹਿਲਾਂ ਪੋਸਟਮਾਰਟਮ ਨਾ ਕਰਵਾਉਣ ਦਾ ਐਲਾਨ

### ਬਿਲਡਰਾਂ 'ਤੇ 10 ਕਰੋੜ ਰੁਪਏ ਵਾਪਸ ਨਾ ਕਰਨ 'ਤੇ ਗੋਲੀ ਮਾਰ ਕੇ ਕੀਤੀ ਸੀ ਖੁਦਕੁਸ਼ੀ

ਬਠਿੰਡਾ, 31 ਮਾਰਚ (ਪੱਤਰ ਪ੍ਰੇਰਕ)- ਬਠਿੰਡਾ ਦੇ ਡੱਬਵਾਲੀ ਰੋਡ 'ਤੇ ਰਹਿਣ ਵਾਲੇ 34 ਸਾਲਾ ਐਡਵੋਕੇਟ ਦਵਿੰਦਰਪਾਲ ਸਿੰਘ ਨੱਤ (ਮਰਹੂਮ ਕਾਂਗਰਸੀ ਆਗੂ ਸੁਖਰਾਜ ਸਿੰਘ ਨੱਤ ਦੇ ਪੁੱਤਰ) ਨੇ ਐਤਵਾਰ ਰਾਤ ਆਪਣੀ ਲਾਇਸੰਸੀ ਪਿਸਤੌਲ ਨਾਲ ਗੋਲੀ ਮਾਰ ਕੇ ਖੁਦਕੁਸ਼ੀ ਕਰ ਲਈ। ਖੁਦਕੁਸ਼ੀ ਤੋਂ ਪਹਿਲਾਂ ਉਸ ਨੇ ਇੱਕ ਵੀਡੀਓ ਰਿਕਾਰਡ ਕੀਤੀ ਅਤੇ ਇੱਕ ਸੁਸਾਈਡ ਨੋਟ ਵੀ ਛੱਡਿਆ। ਇਸ ਵਿੱਚ ਉਸ ਨੇ ਚੰਡੀਗੜ੍ਹ ਦੇ ਸੁਸ਼ਮਾ ਬਿਲਡਟੈੱਕ ਲਿਮਟਿਡ ਦੇ ਮਾਲਕ ਬਿੰਦਰ ਪਾਲ ਮਿੱਤਲ ਅਤੇ ਉਸ ਦੇ ਦੋ ਪੁੱਤਰਾਂ ਪ੍ਰਤੀਕ ਅਤੇ ਭਾਰਤ ਮਿੱਤਲ 'ਤੇ ਗੰਭੀਰ ਦੋਸ਼ ਲਗਾਏ ਹਨ। ਦਵਿੰਦਰਪਾਲ ਅਨੁਸਾਰ ਇਨ੍ਹਾਂ ਬਿਲਡਰਾਂ ਨੇ ਉਨ੍ਹਾਂ ਦੇ ਅਤੇ ਉਨ੍ਹਾਂ ਦੇ ਦੋਸਤਾਂ ਦੇ ਲਗਪਗ 10 ਕਰੋੜ ਰੁਪਏ



ਵਾਪਸ ਨਹੀਂ ਕੀਤੇ ਸਨ। ਦਵਿੰਦਰਪਾਲ ਦੀ ਮਾਤਾ ਪਰਮਿੰਦਰ ਕੌਰ ਨੇ ਐਲਾਨ ਕੀਤਾ ਹੈ ਕਿ ਜਦੋਂ ਤੱਕ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਜਾਂਦਾ, ਉਹ ਬੱਚੇ ਦਾ ਸਸਕਾਰ ਨਹੀਂ ਕਰਨਗੇ। ਪਰਿਵਾਰ ਨੇ ਬੁੱਧਵਾਰ ਨੂੰ ਮੌੜ ਮੰਡੀ ਵਿੱਚ ਸੜਕ ਜਾਮ ਕਰਕੇ ਪ੍ਰਦਰਸ਼ਨ ਕਰਨ ਦਾ ਫੈਸਲਾ ਕੀਤਾ ਹੈ। ਫਿਲਹਾਲ ਦੇਹ ਨੂੰ ਸਿਵਲ ਹਸਪਤਾਲ ਦੀ ਮੋਰਚਰੀ ਵਿੱਚ ਰੱਖਿਆ ਗਿਆ ਹੈ। ਬਠਿੰਡਾ ਪੁਲੀਸ ਨੇ ਖੁਦਕੁਸ਼ੀ ਲਈ ਉਕਸਾਉਣ ਦਾ ਮਾਮਲਾ ਦਰਜ ਕਰ ਲਿਆ ਹੈ ਅਤੇ ਮੁਲਜ਼ਮਾਂ ਦੇ ਦੇਸ਼ ਛੱਡ ਕੇ ਭੱਜਣ ਦੇ ਡਰੋਂ 'ਲੁੱਕ ਆਊਟ ਸਰਕੂਲਰ' ਜਾਰੀ ਕਰ ਦਿੱਤਾ ਹੈ। ਪੁਲੀਸ ਟੀਮਾਂ ਵੱਖ-ਵੱਖ ਥਾਵਾਂ 'ਤੇ ਛਾਪੇਮਾਰੀ ਕਰ ਰਹੀਆਂ ਹਨ ਅਤੇ ਮੁਲਜ਼ਮਾਂ ਦੀ ਆਖਰੀ ਲੋਕੇਸ਼ਨ ਦਿੱਲੀ ਦੇ ਨੇੜੇ ਮਿਲੀ ਹੈ।

## ਪੰਜਾਬ ਦੇ ਕਈ ਹਿੱਸਿਆਂ 'ਚ ਮੀਂਹ, ਤੇਜ਼ ਹਵਾਵਾਂ ਤੇ ਗੜੇਮਾਰੀ ਕਾਰਨ ਵਿਛੀ ਕਣਕ

ਮਾਨਸਾ, 31 ਮਾਰਚ (ਪੱਤਰ ਪ੍ਰੇਰਕ)- ਮਾਲਵਾ ਪੱਟੀ ਵਿਚ ਕਈ ਦਿਨਾਂ ਤੋਂ ਹਲਕੀਆਂ ਕਣੀਆਂ ਅਤੇ ਮੀਂਹ ਪੈਣ ਤੋਂ ਬਾਅਦ ਸ਼ਾਮ ਨੂੰ ਆਏ ਝੱਖੜ ਅਤੇ ਗੜੇਮਾਰੀ ਨਾਲ ਹਜ਼ਾਰਾਂ ਏਕੜ ਕਣਕ ਦੀ ਫ਼ਸਲ ਧਰਤੀ 'ਤੇ ਵਿੱਛ ਗਈ ਹੈ। ਝੁਕੀ ਹੋਈ ਇਸ ਕਣਕ ਦੇ ਮੁੜ ਖੜ੍ਹੇ ਹੋਣ ਦੀ ਘੱਟ ਹੀ ਉਮੀਦ ਵਿਖਾਈ ਦਿੰਦੀ ਹੈ, ਜਿਸ ਕਰਕੇ ਕਣਕ ਦਾ ਝਾੜ ਘੱਟਣ ਦਾ ਖਦਸ਼ਾ ਖੜ੍ਹਾ ਬਣਿਆ ਹੋਇਆ ਹੈ। ਉਧਰ ਮੌਸਮ ਮਹਿਕਮੇ ਵਲੋਂ ਅਗਲੇ 36 ਘੰਟੇ ਅਜਿਹਾ ਹੀ ਮੌਸਮ ਬਣੇ ਰਹਿਣ ਦੀ ਦਿੱਤੀ ਚਿਤਾਵਨੀ ਤੋਂ ਕਿਸਾਨ ਘਬਰਾ ਗਏ ਹਨ। ਮੌਸਮ ਵਿਭਾਗ ਵੱਲੋਂ ਅਗਲੇ 36 ਘੰਟਿਆਂ ਦੌਰਾਨ ਬਠਿੰਡਾ, ਫਾਜ਼ਿਲਕਾ, ਮਾਨਸਾ, ਸ੍ਰੀ ਮੁਕਤਸਰ ਸਾਹਿਬ ਵਿੱਚ ਕੁੱਝ ਥਾਵਾਂ 'ਤੇ ਬਿਜਲੀ ਲਿਸ਼ਕਣ, ਗੜੇਮਾਰੀ ਅਤੇ ਤੇਜ਼ ਹਵਾਵਾਂ ਚੱਲਣ ਦੀ ਸੰਭਾਵਨਾ ਜਤਾਈ ਗਈ ਹੈ। ਬੀਤੇ ਕਈ ਦਿਨਾਂ ਤੋਂ ਮੌਸਮ



ਵਿੱਚ ਆਈ ਤਬਦੀਲੀ ਕਾਰਨ ਇਹ ਮੀਂਹ ਉਸ ਵੇਲੇ ਕਿਸਾਨਾਂ ਲਈ ਸਿਰਦਰਦੀ ਬਣਨ ਲੱਗਿਆ, ਜਦੋਂ ਕੁੱਝ ਇਲਾਕਿਆਂ ਵਿਚ ਮੀਂਹ ਤੇ ਤੇਜ਼ ਹਵਾ ਦੇ ਨਾਲ ਗੜੇਮਾਰੀ ਸ਼ੁਰੂ ਹੋ ਗਈ। ਇਸ ਹਵਾ ਤੇ ਗੜੇਮਾਰੀ ਨਾਲ ਪੱਕ ਕੇ ਤਿਆਰ ਹੋਣ ਵਾਲੀ ਕਣਕ ਦੇ ਬੂਟੇ ਖੇਤਾਂ ਵਿਚ ਟੇਡੇ ਹੋਣੇ ਸ਼ੁਰੂ ਹੋ ਗਏ ਹਨ। ਜਿਹੜੀਆਂ ਕਣਕਾਂ ਨੂੰ ਤਾਜ਼ਾ ਨਹਿਰੀ ਜਾਂ ਟਿਊਬਵੈਲਾਂ ਦਾ ਪਾਣੀ ਲੱਗਿਆ ਸੀ, ਉਹ ਬਿਲਕੁਲ ਜ਼ਮੀਨ 'ਤੇ ਡਿੱਗ ਗਈਆਂ ਹਨ, ਕਿਉਂਕਿ ਉਨ੍ਹਾਂ ਕਣਕਾਂ ਦੀਆਂ ਜੜ੍ਹਾਂ ਪੋਲੀਆਂ ਹੋ ਗਈਆਂ ਸਨ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਬਠਿੰਡਾ ਸਥਿਤ ਖੇਤਰੀ ਖੋਜ ਕੇਂਦਰ ਦੇ ਸੇਵਾ ਮੁਕਤ ਵਿਗਿਆਨੀ ਡਾ. ਜੀ.ਐਸ ਰੋਮਾਣਾ ਨੇ ਕਿਸਾਨਾਂ ਨੂੰ ਸਲਾਹ ਦਿੱਤੀ ਕਿ ਉਹ ਕਣਕ ਦੀ ਫ਼ਸਲ ਨੂੰ ਅਗਲੇ ਪੂਰੇ ਹਫ਼ਤੇ ਤੱਕ ਪਾਣੀ ਦੇਣ ਤੋਂ ਬਿਲਕੁਲ ਗੁਰੇਜ਼ ਕਰਨ। ਉਨ੍ਹਾਂ ਕਿਹਾ ਕਿ ਬੇਸ਼ੱਕ ਫ਼ਸਲ ਦੇ ਪੱਕਣ ਦੌਰਾਨ ਉਸ ਨੂੰ ਪਾਣੀ ਦੇਣਾ ਜ਼ਰੂਰੀ ਹੁੰਦਾ ਹੈ, ਪਰ ਇਸ ਵੇਲੇ ਪਾਣੀ ਦੇਣ ਨਾਲ ਕਣਕ ਦੇ ਝਾੜ ਡਿੱਗਣ ਦੀ ਸੰਭਾਵਨਾ ਬਣ ਸਕਦੀ ਹੈ। ਖੇਤੀ ਮਾਹਿਰਾਂ ਦਾ ਕਹਿਣਾ ਕਿ ਇਸ ਮੀਂਹ ਨਾਲ ਅਗੇਤੀਆਂ ਕਣਕਾਂ ਦੇ ਨਾਲ-ਨਾਲ ਅੱਜ ਆਏ ਭਾਰੀ ਝੱਖੜ ਅਤੇ ਮੀਂਹ ਕਾਰਨ ਪਿਛੇਤੀਆਂ ਕਣਕਾਂ ਵੀ ਡਿੱਗੀਆਂ ਹਨ। ਖੇਤੀ ਮਹਿਕਮੇ ਦੇ ਵਿਗਿਆਨੀਆਂ ਦਾ ਮੰਨਣਾ ਹੈ ਕਿ ਇਸ ਮੀਂਹ ਨਾਲ ਜਿੱਥੇ ਕਣਕਾਂ ਡਿੱਗੀਆਂ ਹਨ, ਉਥੇ ਫ਼ਸਲ ਦੇ ਝਾੜ ਦਾ ਮਾੜਾ ਅਸਰ ਪਵੇਗਾ।

## ਵਿਰੋਧ ਅੱਗੇ ਝੁਕੀ ਸੁੱਖੂ ਸਰਕਾਰ, ਵਾਹਨਾਂ 'ਤੇ ਵਧਾਇਆ ਐਂਟਰੀ ਟੈਕਸ ਲਿਆ ਵਾਪਸ

ਸ਼ਿਮਲਾ, 31 ਮਾਰਚ (ਪੱਤਰ ਪ੍ਰੇਰਕ)- ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਨੇ ਮੰਗਲਵਾਰ ਨੂੰ ਸਰਹੱਦੀ ਖੇਤਰਾਂ ਵਿੱਚ ਵਾਹਨਾਂ ਦੇ ਐਂਟਰੀ ਟੈਕਸ ਵਿੱਚ ਕੀਤੇ ਗਏ ਹਾਲੀਆ ਵਾਧੇ ਨੂੰ ਵਿਰੋਧ ਪ੍ਰਦਰਸ਼ਨਾਂ ਤੋਂ ਬਾਅਦ ਵਾਪਸ ਲੈਣ ਦਾ ਐਲਾਨ ਕੀਤਾ ਹੈ। ਨਵੀਆਂ ਦਰਾਂ ਦੇ ਅਨੁਸਾਰ, ਹੁਣ ਪੰਜ ਸੀਟਾਂ ਵਾਲੇ ਵਾਹਨਾਂ ਨੂੰ 70 ਰੁਪਏ ਅਤੇ 6-12 ਸੀਟਾਂ ਵਾਲੇ ਵਾਹਨਾਂ ਨੂੰ ਪੁਰਾਣੇ ਰੇਟ ਮੁਤਾਬਕ 110 ਰੁਪਏ ਅਦਾ ਕਰਨੇ ਪੈਣਗੇ। ਪਹਿਲਾਂ ਸਰਕਾਰ ਨੇ ਦੋਵਾਂ ਸ਼੍ਰੇਣੀਆਂ ਲਈ ਟੈਕਸ ਵਧਾ ਕੇ 130 ਰੁਪਏ ਕਰਨ ਦਾ ਪ੍ਰਸਤਾਵ ਦਿੱਤਾ ਸੀ। ਟੋਲ ਦੇ ਪੰਜ ਕਿਲੋਮੀਟਰ ਦੇ ਘੇਰੇ ਵਿੱਚ ਰਹਿਣ ਵਾਲੇ ਨਿਵਾਸੀਆਂ ਨੂੰ ਵਿਸ਼ੇਸ਼ ਪਾਸ ਮੁਹੱਈਆ ਕਰਵਾਏ ਜਾਣਗੇ। ਮੁੱਖ ਮੰਤਰੀ ਨੇ ਕਿਹਾ ਕਿ ਇਸ ਮੁੱਦੇ 'ਤੇ ਜਾਣਬੁੱਝ ਕੇ ਭੰਬਲਭੂਸਾ ਫੈਲਾਇਆ ਜਾ ਰਿਹਾ ਸੀ, ਜਦੋਂ ਕਿ ਜ਼ਿਆਦਾਤਰ ਵਾਹਨ ਸ਼੍ਰੇਣੀਆਂ ਲਈ ਇਹ ਵਾਧਾ ਮਾਮੂਲੀ ਸੀ। ਉਨ੍ਹਾਂ ਸਪੱਸ਼ਟ ਕੀਤਾ ਕਿ ਲੋਕਾਂ ਦੀਆਂ ਭਾਵਨਾਵਾਂ ਨੂੰ ਧਿਆਨ ਵਿੱਚ ਰੱਖਦਿਆਂ ਇਹ ਫੈਸਲਾ ਲਿਆ ਗਿਆ ਹੈ। ਇਸ ਫੈਸਲੇ ਦਾ ਸਭ ਤੋਂ ਵੱਧ ਫਾਇਦਾ ਗੁਆਂਢੀ ਸੂਬਿਆਂ, ਖਾਸ ਕਰਕੇ ਪੰਜਾਬ ਅਤੇ ਹਰਿਆਣਾ ਤੋਂ ਹਿਮਾਚਲ ਆਉਣ-ਜਾਣ ਵਾਲੇ ਰੋਜ਼ਾਨਾ ਦੇ ਯਾਤਰੀਆਂ ਅਤੇ ਸਥਾਨਕ ਵਪਾਰੀਆਂ ਨੂੰ ਹੋਵੇਗਾ। ਟੈਕਸ ਵਾਧੇ ਕਾਰਨ ਸਰਹੱਦੀ ਖੇਤਰਾਂ ਵਿੱਚ ਸੈਰ-ਸਪਾਟਾ ਅਤੇ ਮਾਲ ਦੀ ਢੋਆ-ਢੁਆਈ ਪ੍ਰਭਾਵਿਤ ਹੋਣ ਦਾ ਖਦਸ਼ਾ ਜਤਾਇਆ ਜਾ ਰਿਹਾ ਸੀ, ਜਿਸ ਕਾਰਨ ਟੈਕਸੀ ਯੂਨੀਅਨਾਂ ਅਤੇ ਸਥਾਨਕ ਕਾਰੋਬਾਰੀਆਂ ਵੱਲੋਂ ਲਗਾਤਾਰ ਪ੍ਰਦਰਸ਼ਨ ਕੀਤੇ ਜਾ ਰਹੇ ਸਨ। ਮੁੱਖ ਮੰਤਰੀ ਨੇ ਭਰੋਸਾ ਦਿੱਤਾ ਹੈ ਕਿ ਸਰਕਾਰ ਲੋਕਾਂ ਦੇ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਕੰਮ ਕਰ ਰਹੀ ਹੈ ਅਤੇ ਪੰਜ ਕਿਲੋਮੀਟਰ ਦੇ ਘੇਰੇ ਵਾਲੇ ਲੋਕਾਂ ਲਈ ਵਿਸ਼ੇਸ਼ ਪਾਸ ਜਾਰੀ ਕਰਨ ਦੀ ਪ੍ਰਕਿਰਿਆ ਜਲਦੀ ਹੀ ਸ਼ੁਰੂ ਕਰ ਦਿੱਤੀ ਜਾਵੇਗੀ ਤਾਂ ਜੋ ਸਥਾਨਕ ਵਸਨੀਕਾਂ 'ਤੇ ਕੋਈ ਵਾਧੂ ਵਿੱਤੀ ਬੋਝ ਨਾ ਪਵੇ।

## ਬਾਲੀਵੁੱਡ ਅਦਾਕਾਰਾ ਪ੍ਰਿਅੰਕਾ ਚੋਪੜਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ

ਅੰਮ੍ਰਿਤਸਰ 31 ਮਾਰਚ (ਪੱਤਰ ਪ੍ਰੇਰਕ)-: ਬਾਲੀਵੁੱਡ ਦੀ ਨਾਮਵਰ ਅਦਾਕਾਰਾ ਪ੍ਰਿਅੰਕਾ ਚੋਪੜਾ ਅੱਜ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ



ਨਤਮਸਤਕ ਹੋਏ । ਪ੍ਰਿਅੰਕਾ ਚੋਪੜਾ ਨੇ ਪੰਜਾਬੀ ਸੂਟ ਪਾਇਆ ਹੋਇਆ ਸੀ ਅਤੇ ਪਛਾਣ ਲੁਕਾਉਣ ਲਈ ਸਿਰ ਉਤੇ ਲੰਬਾ ਦੁਪੱਟਾ ਵੀ ਲਿਆ ਹੋਇਆ ਸੀ। ਉਨ੍ਹਾਂ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿਚ ਸਥਿਤ ਛਬੀਲ ਉਤੇ ਕੁਝ ਸਮਾਂ ਬੀਬੀਆਂ ਨਾਲ ਬੈਠ ਕੇ ਸੰਗਤਾਂ ਦੇ ਝੂਠੇ ਭਾਂਡਿਆਂ ਦੀ ਸੇਵਾ ਵੀ ਕੀਤੀ। ਇਸ ਮੌਕੇ ਉਨ੍ਹਾਂ ਨਾਲ ਸਰਬਜੀਤ ਸਿੰਘ ਤੇ ਹੋਰ ਮੌਜੂਦ ਸਨ। ਜ਼ਿਕਰਯੋਗ ਹੈ ਕਿ ਸਿਰ ਉਤੇ ਲੰਬਾ ਦੁਪੱਟਾ ਲਿਆ ਹੋਣ ਕਰਕੇ ਬਹੁਤੇ ਸ਼ਰਧਾਲੂ ਉਨ੍ਹਾਂ ਨੂੰ ਪਛਾਣ ਹੀ ਨਹੀਂ ਸਕੇ ਤੇ ਉਹ ਮੱਥਾ ਟੇਕ ਕੇ ਵਾਪਸ ਚਲੇ ਗਏ।

## ਪੰਜਾਬ ਹਰ ਪਰਿਵਾਰ ਨੂੰ 10 ਲੱਖ ਰੁਪਏ ਸਾਲਾਨਾ ਨਕਦ ਰਹਿਤ ਸਿਹਤ ਕਵਰ ਦੇਣ ਵਾਲਾ ਪਹਿਲਾ ਸੂਬਾ ਬਣਿਆ: ਡਾ. ਬਲਬੀਰ ਸਿੰਘ

ਚੰਡੀਗੜ੍ਹ, 31 ਮਾਰਚ (ਪੱਤਰ ਪ੍ਰੇਰਕ)- ਯੂਨੀਵਰਸਲ ਹੈਲਥਕੇਅਰ ਵੱਲ ਇੱਕ ਇਤਿਹਾਸਕ ਕਦਮ ਪੁੱਟਦਿਆਂ, ਪੰਜਾਬ ਸਰਕਾਰ 'ਮੁੱਖ ਮੰਤਰੀ ਸਿਹਤ ਯੋਜਨਾ' ਤਹਿਤ ਹਰ ਪਰਿਵਾਰ ਨੂੰ 10 ਲੱਖ ਰੁਪਏ ਦਾ ਸਾਲਾਨਾ ਨਕਦ ਰਹਿਤ ਸਿਹਤ ਕਵਰ ਪ੍ਰਦਾਨ ਕਰਨ ਵਾਲਾ ਭਾਰਤ ਦਾ ਪਹਿਲਾ ਸੂਬਾ ਬਣਿਆ। ਇਹ ਯੋਜਨਾ ਪੀ.ਐਮ-ਜੇ.ਏ.ਵਾਈ ਸਕੀਮ ਦੇ 5 ਲੱਖ ਰੁਪਏ ਦੇ ਕਵਰ ਨੂੰ ਦੁੱਗਣਾ ਕਰਦੀ ਹੈ ਅਤੇ ਸਾਰੇ ਵਸਨੀਕਾਂ ਨੂੰ ਇਸ ਦੇ ਦਾਇਰੇ ਵਿੱਚ ਲਿਆਉਂਦੀ ਹੈ। ਇੱਕ ਵੱਡੇ ਮੀਲ ਪੱਥਰ ਵਜੋਂ, ਸੂਬੇ ਵਿੱਚ ਹੁਣ ਤੱਕ 30 ਲੱਖ ਤੋਂ ਵੱਧ 'ਸਿਹਤ ਕਾਰਡ' ਬਣਾਏ ਜਾ ਚੁੱਕੇ ਹਨ, ਜਿਸ ਨਾਲ ਪੰਜਾਬ ਦੀ ਲਗਭਗ ਅੱਧੀ ਆਬਾਦੀ ਨੂੰ ਸੁਰੱਖਿਅਤ ਸਿਹਤ ਕਵਰ ਮਿਲ ਗਿਆ ਹੈ। ਕਾਰਡ ਬਣਾਉਣ ਦੀ ਇਹ ਵੱਡੀ ਗਿਣਤੀ ਸ਼ਹਿਰੀ ਅਤੇ ਪੇਂਡੂ ਦੋਵਾਂ ਖੇਤਰਾਂ ਵਿੱਚ ਲੋਕਾਂ ਦੇ ਉਤਸ਼ਾਹ ਨੂੰ ਦਰਸਾਉਂਦੀ ਹੈ। ਇਸ ਵਚਨਬੱਧਤਾ ਨੂੰ ਹੋਰ ਮਜ਼ਬੂਤ ਕਰਦਿਆਂ, ਭਗਵੰਤ ਮਾਨ ਸਰਕਾਰ ਨੇ ਪੰਜਾਬ ਬਜਟ 2026-27 ਵਿੱਚ ਵਿੱਚ ਇਸ ਯੋਜਨਾ ਲਈ 2000 ਕਰੋੜ ਰੁਪਏ ਅਲਾਟ ਕੀਤੇ ਹਨ, ਜੋ ਸਿਹਤ ਸਹੂਲਤਾਂ ਨੂੰ ਸਰਕਾਰ ਦੇ ਸ਼ਾਸਨ ਮਾਡਲ ਦਾ ਕੇਂਦਰੀ ਥੰਮ੍ਹ ਬਣਾਉਂਦੇ ਹਨ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਹੋਈ ਇਸ ਤਬਦੀਲੀ ਬਾਰੇ ਜਾਣਕਾਰੀ ਦਿੰਦਿਆਂ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ, 30 ਲੱਖ ਤੋਂ ਵੱਧ



ਸਿਹਤ ਕਾਰਡਾਂ ਦੀ ਰਜਿਸਟ੍ਰੇਸ਼ਨ ਦੇ ਨਾਲ, ਪੰਜਾਬ ਜਨਤਕ ਸਿਹਤ ਸੰਭਾਲ ਵਿੱਚ ਇੱਕ ਨਵਾਂ ਮਿਆਰ ਸਥਾਪਤ ਕਰ ਰਿਹਾ ਹੈ। ਪੰਜਾਬ ਭਾਰਤ ਦਾ ਪਹਿਲਾ ਅਜਿਹਾ ਸੂਬਾ ਹਾਂ ਜੋ ਹਰ ਪਰਿਵਾਰ ਨੂੰ 10 ਲੱਖ ਰੁਪਏ ਤੱਕ ਦਾ ਯੂਨੀਵਰਸਲ ਅਤੇ ਨਕਦ ਰਹਿਤ ਇਲਾਜ ਮੁਹੱਈਆ ਕਰਵਾ ਰਿਹਾ ਹੈ। ਇਹ ਨਾ ਸਿਰਫ਼ ਆਰਥਿਕ ਰੁਕਾਵਟਾਂ ਨੂੰ ਦੂਰ ਕਰ ਰਿਹਾ ਹੈ, ਸਗੋਂ ਹਰ ਨਾਗਰਿਕ ਲਈ ਸਨਮਾਨ ਅਤੇ ਸਮੇਂ ਸਿਰ ਇਲਾਜ ਦੀ ਗਰੰਟੀ ਵੀ ਦੇ ਰਿਹਾ ਹੈ। ਇਸ ਯੋਜਨਾ ਦੇ ਤੇਜ਼ੀ ਨਾਲ ਪਸਾਰ ਲਈ ਪਿੰਡਾਂ, ਮੰਡੀਆਂ, ਸਕੂਲਾਂ, ਕਾਲਜਾਂ, ਹਸਪਤਾਲਾਂ, ਫੈਕਟਰੀਆਂ ਅਤੇ ਜਨਤਕ ਥਾਵਾਂ 'ਤੇ ਸਿਹਤ ਕੈਂਪਾਂ ਰਾਹੀਂ ਜ਼ਮੀਨੀ ਪੱਧਰ 'ਤੇ ਕੰਮ ਕੀਤਾ ਗਿਆ ਹੈ। ਸੇਵਾ ਕੇਂਦਰਾਂ ਅਤੇ ਕਾਮਨ ਸਰਵਿਸ ਸੈਂਟਰਾਂ 'ਤੇ ਲਗਾਤਾਰ ਰਜਿਸਟ੍ਰੇਸ਼ਨ ਅਤੇ ਘਰ-ਘਰ ਜਾ ਕੇ ਪਹੁੰਚ ਕਰਨ ਨਾਲ ਹਰ ਵਰਗ ਦੇ ਲੋਕਾਂ ਨੂੰ ਇਸ ਦਾ ਲਾਭ ਮਿਲਣਾ ਯਕੀਨੀ ਹੋਇਆ ਹੈ। ਜਿਵੇਂ-ਜਿਵੇਂ ਇਸ ਯੋਜਨਾ ਦਾ ਦਾਇਰਾ ਵਧ ਰਿਹਾ ਹੈ, ਇਸਦੇ ਵਰਤੋਂ ਦੇ ਰੁਝਾਨ ਜ਼ਮੀਨੀ ਪੱਧਰ 'ਤੇ ਪੈਣ ਵਾਲੇ ਪ੍ਰਭਾਵ ਨੂੰ ਦਰਸਾਉਂਦੇ ਹਨ। ਸਭ ਤੋਂ ਵੱਧ ਲਏ ਜਾਣ ਵਾਲੇ ਇਲਾਜਾਂ ਵਿੱਚ ਡਾਇਲਸਿਸ, ਦਿਲ ਦੀਆਂ ਪ੍ਰਕਿਰਿਆਵਾਂ ਜਿਵੇਂ ਕਿ ਐਂਜੀਓਪਲਾਸਟੀ, ਗੋਡੇ ਬਦਲਣ ਵਰਗੀਆਂ ਆਰਥੋਪੀਡਿਕ ਸਰਜਰੀਆਂ, ਕੈਂਸਰ ਦਾ ਇਲਾਜ, ਅਤੇ ਹਾਦਸਿਆਂ ਤੇ ਜਾਨਵਰਾਂ ਦੇ ਕੱਟਣ ਵਰਗੇ ਐਮਰਜੈਂਸੀ ਕੇਸ ਸ਼ਾਮਲ ਹਨ। ਇਸ ਯੋਜਨਾ ਦੀ ਪਹੁੰਚ ਹਰ ਉਮਰ ਦੇ ਲੋਕਾਂ ਅਤੇ ਗੰਭੀਰ ਬਿਮਾਰੀਆਂ ਤੱਕ ਫੈਲੀ ਹੋਈ ਹੈ। ਸ੍ਰੀ ਮੁਕਤਸਰ ਸਾਹਿਬ ਵਿੱਚ ਇੱਕ 1 ਸਾਲ ਦੇ ਬੱਚੇ ਨੂੰ ਨਿਮੋਨੀਆ ਦਾ ਸਮੇਂ ਸਿਰ ਇਲਾਜ ਮਿਲਿਆ, ਜਦੋਂ ਕਿ ਮੋਗਾ ਵਿੱਚ ਇੱਕ 98 ਸਾਲਾ ਬਜ਼ੁਰਗ ਮਹਿਲਾ ਨੇ ਕੀਮੋਥੈਰੇਪੀ ਨਾਲ ਸਬੰਧਤ ਸੇਵਾਵਾਂ ਪ੍ਰਾਪਤ ਕੀਤੀਆਂ। ਇੱਕ ਹੋਰ ਮਾਮਲੇ ਵਿੱਚ, ਮਾਣਕਪੁਰ ਦੀ ਸੁਖਵਿੰਦਰ ਕੌਰ ਦੇ ਦਿਲ ਦੀ ਗੰਭੀਰ ਹਾਲਤ ਕਾਰਨ ਤੁਰੰਤ ਸਟੈਂਟ ਪਾਏ ਗਏ, ਜਿਸ ਦਾ ਅੰਦਾਜ਼ਨ ਖਰਚਾ 3-4 ਲੱਖ ਰੁਪਏ ਸੀ, ਜੋ ਕਿ ਪੂਰੀ ਤਰ੍ਹਾਂ ਇਸ ਯੋਜਨਾ ਅਧੀਨ ਕਵਰ ਕੀਤਾ ਗਿਆ। ਹਰੇਕ ਮਾਮਲੇ ਵਿੱਚ, ਇਲਾਜ ਬਿਨਾਂ ਕਿਸੇ ਦੇਰੀ ਦੇ ਸ਼ੁਰੂ ਹੋਇਆ, ਜੋ ਇਹ ਦਰਸਾਉਂਦਾ ਹੈ ਕਿ ਕਿਵੇਂ ਸਿਹਤ ਕਾਰਡ ਹਰ ਉਮਰ ਵਰਗ ਅਤੇ ਡਾਕਟਰੀ ਲੋੜਾਂ ਲਈ ਤੁਰੰਤ ਅਤੇ ਨਕਦੀ ਰਹਿਤ ਇਲਾਜ ਨੂੰ ਸੰਭਵ ਬਣਾ ਰਿਹਾ ਹੈ। 900 ਤੋਂ ਵੱਧ ਸੂਚੀਬੱਧ ਸਰਕਾਰੀ ਅਤੇ ਨਿੱਜੀ ਹਸਪਤਾਲਾਂ ਅਤੇ 2300 ਤੋਂ ਵੱਧ ਇਲਾਜ ਪੈਕੇਜਾਂ ਦੇ ਨਾਲ, ਲਾਭਪਾਤਰੀ ਹੁਣ ਆਪਣੇ ਘਰ ਦੇ ਨੇੜੇ ਮਿਆਰੀ ਸਿਹਤ ਸੇਵਾਵਾਂ ਦਾ ਲਾਭ ਉਠਾ ਰਹੇ ਹਨ। ਹੁਣ ਤੱਕ, ਇਸ ਯੋਜਨਾ ਤਹਿਤ 300 ਕਰੋੜ ਰੁਪਏ ਤੋਂ ਵੱਧ ਦੀ ਲਾਗਤ ਵਾਲੇ ਲਗਭਗ 2 ਲੱਖ ਇਲਾਜ ਕੀਤੇ ਜਾ ਚੁੱਕੇ ਹਨ, ਜਿਨ੍ਹਾਂ ਵਿੱਚ 43,000 ਤੋਂ ਵੱਧ ਸਰਜੀਕਲ ਪ੍ਰਕਿਰਿਆਵਾਂ ਸ਼ਾਮਲ ਹਨ। ਜਿਵੇਂ-ਜਿਵੇਂ ਰਜਿਸਟ੍ਰੇਸ਼ਨ ਦਾ ਅੰਕੜਾ 65 ਲੱਖ ਪਰਿਵਾਰਾਂ ਦੇ ਟੀਚੇ ਵੱਲ ਵਧ ਰਿਹਾ ਹੈ, ਮੁੱਖ ਮੰਤਰੀ ਸਿਹਤ ਯੋਜਨਾ ਪੰਜਾਬ ਦੇ ਸਿਹਤ ਢਾਂਚੇ ਦੇ ਇੱਕ ਮਜ਼ਬੂਤ ਅਧਾਰ ਵਜੋਂ ਉੱਭਰ ਰਹੀ ਹੈ, ਜੋ ਜਨਤਕ ਸਿਹਤ ਕਵਰੇਜ ਦੇ ਪੈਮਾਨੇ ਅਤੇ ਦਾਇਰੇ ਵਿੱਚ ਇੱਕ ਰਾਸ਼ਟਰੀ ਮਿਸਾਲ ਕਾਇਮ ਕਰ ਰਹੀ ਹੈ।




# 'ਕੂੜਾ ਵੱਖ ਕਰੋ ਜਾਂ ਜੁਰਮਾਨਾ ਭਰੋ'

## ਨਗਰ ਨਿਗਮ ਚੰਡੀਗੜ੍ਹ ਨੇ 4-ਬਿਨ ਕੂੜਾ ਸਿਸਟਮ ਲਾਜ਼ਮੀ ਕਰ ਦਿਤਾ

**ਉਲੰਘਣਾ ਕਰਨ 'ਤੇ ਸਖ਼ਤ ਚਾਲਾਨ ਹੋਣਗੇ**




**ਚੰਡੀਗੜ੍ਹ, 31 ਮਾਰਚ (ਜਨ ਜਾਗਰਣ ਰਿਪੋਰਟਰ)** : ਠੋਸ ਰਹਿੰਦ-ਖੂੰਹਦ ਪ੍ਰਬੰਧਨ ਨੂੰ ਮਜ਼ਬੂਤ ਕਰਨ ਅਤੇ ਸਾਫ਼ ਸ਼ਹਿਰੀ ਵਾਤਾਵਰਣ ਨੂੰ ਯਕੀਨੀ ਬਣਾਉਣ ਵੱਲ ਇੱਕ ਫੈਸਲਾਕੁੰਨ ਕਦਮ ਚੁੱਕਦੇ ਹੋਏ, ਚੰਡੀਗੜ੍ਹ ਨਗਰ ਨਿਗਮ ਨੇ ਸਾਰੇ ਘਰਾਂ ਅਤੇ ਅਦਾਰਿਆਂ ਲਈ 4-ਬਿਨ ਕੂੜਾ ਵੱਖ ਕਰਨ ਦੀ ਪ੍ਰਣਾਲੀ ਅਪਣਾਉਣ ਨੂੰ ਲਾਜ਼ਮੀ ਕਰ ਦਿੱਤਾ ਹੈ। ਸਖ਼ਤੀ ਨਾਲ ਲਾਗੂ ਕੀਤਾ ਜਾਵੇਗਾ ਅਤੇ ਉਲੰਘਣਾ ਕਰਨ ਵਾਲਿਆਂ ਨੂੰ ਜੁਰਮਾਨਾ ਕੀਤਾ ਜਾਵੇਗਾ।

ਇਹ ਫੈਸਲਾ ਨਗਰ ਨਿਗਮ ਕਮਿਸ਼ਨਰ ਸ਼੍ਰੀ ਅਮਿਤ ਕੁਮਾਰ (IAS) ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਲਿਆ ਗਿਆ। ਵਿਸ਼ੇਸ਼ ਕਮਿਸ਼ਨਰ ਸ਼੍ਰੀ ਪ੍ਰਦੀਪ ਕੁਮਾਰ (IAS), ਸੰਯੁਕਤ ਕਮਿਸ਼ਨਰ ਡਾ. ਹਿਮਾਂਸ਼ੂ ਗੁਪਤਾ, ਅਤੇ ਸਬੰਧਤ ਵਿਭਾਗਾਂ ਦੇ ਸੀਨੀਅਰ ਅਧਿਕਾਰੀ ਵੀ ਮੌਜੂਦ ਸਨ। ਨਵੇਂ ਦਿਸ਼ਾ-ਨਿਰਦੇਸ਼ਾਂ ਅਨੁਸਾਰ, ਨਿਵਾਸੀਆਂ ਨੂੰ ਆਪਣੇ ਕੂੜੇ ਨੂੰ ਨਿਪਟਾਰੇ ਵਾਲੀ ਥਾਂ 'ਤੇ ਚਾਰ ਡੱਬਿਆਂ ਵਿੱਚ ਵੱਖ ਕਰਨਾ ਚਾਹੀਦਾ ਹੈ - ਗਿੱਲੇ ਕੂੜੇ ਲਈ ਇੱਕ ਹਰਾ ਡੱਬਾ (ਜਿਵੇਂ ਕਿ ਰਸੋਈ ਦੇ ਬਚੇ ਹੋਏ ਹਿੱਸੇ), ਸੁੱਕੇ ਕੂੜੇ ਲਈ ਇੱਕ ਨੀਲਾ ਡੱਬਾ (ਜਿਸ ਵਿੱਚ ਕਾਗਜ਼, ਪਲਾਸਟਿਕ ਅਤੇ ਧਾਤ ਸ਼ਾਮਲ ਹਨ), ਘਰੇਲੂ ਖਤਰਨਾਕ ਕੂੜੇ ਲਈ ਇੱਕ ਕਾਲਾ ਡੱਬਾ, ਅਤੇ ਬਾਇਓਮੈਡੀਕਲ ਅਤੇ ਸੈਨੇਟਰੀ ਕੂੜੇ ਲਈ ਇੱਕ ਲਾਲ ਡੱਬਾ (ਜਿਵੇਂ ਕਿ ਵਰਤੇ ਹੋਏ ਮਾਸਕ, ਦਸਤਾਨੇ, ਪੱਟੀਆਂ, ਅਤੇ ਮਿਆਦ ਪੁੱਗ ਚੁੱਕੀਆਂ ਦਵਾਈਆਂ)।

ਨਗਰ ਨਿਗਮ ਜਲਦੀ ਹੀ ਸਾਰੇ ਖੇਤਰਾਂ ਵਿੱਚ ਡੂੰਘਾਈ ਨਾਲ ਨਿਰੀਖਣ ਕਰੇਗਾ। ਕੋਈ ਵੀ ਘਰ, ਦੁਕਾਨਦਾਰ, ਜਾਂ ਸਥਾਪਨਾ ਕੂੜਾ ਮਿਲਾਉਂਦੇ ਹੋਏ ਜਾਂ ਨਿਰਧਾਰਤ ਪ੍ਰਕਿਰਿਆਵਾਂ ਦੀ ਪਾਲਣਾ ਨਾ ਕਰਦੇ ਹੋਏ ਪਾਏ ਜਾਣ 'ਤੇ ਸਬੰਧਤ ਨਗਰਪਾਲਿਕਾ ਨਿਯਮਾਂ ਦੇ ਤਹਿਤ ਜੁਰਮਾਨੇ ਦਾ ਸਾਹਮਣਾ ਕਰਨਗੇ।

ਇਸ ਪਹਿਲਕਦਮੀ ਦਾ ਉਦੇਸ਼ ਕੂੜਾ ਇਕੱਠਾ ਕਰਨ ਦੀ ਪ੍ਰਕਿਰਿਆ ਨੂੰ ਸੁਚਾਰੂ ਬਣਾਉਣਾ, ਰੀਸਾਈਕਲਿੰਗ ਕੁਸ਼ਲਤਾ ਵਧਾਉਣਾ, ਲੈਂਡਫਿਲ 'ਤੇ ਬੋਝ ਘਟਾਉਣਾ ਅਤੇ ਇੱਕ ਸਿਹਤਮੰਦ ਅਤੇ ਵਧੇਰੇ ਟਿਕਾਊ ਸ਼ਹਿਰ ਨੂੰ ਉਤਸ਼ਾਹਿਤ ਕਰਨਾ ਹੈ। ਜਨਤਕ ਭਾਗੀਦਾਰੀ ਦੀ ਮਹੱਤਤਾ 'ਤੇ ਜ਼ੋਰ ਦਿੰਦੇ ਹੋਏ, ਨਿਗਮ ਨੇ ਸਾਰੇ ਨਾਗਰਿਕਾਂ ਨੂੰ ਇਨ੍ਹਾਂ ਦਿਸ਼ਾ-ਨਿਰਦੇਸ਼ਾਂ ਦੀ ਸਖ਼ਤੀ ਨਾਲ ਪਾਲਣਾ ਕਰਨ ਅਤੇ ਚੰਡੀਗੜ੍ਹ ਨੂੰ ਸਾਫ਼, ਹਰਾ ਅਤੇ ਵਾਤਾਵਰਣ ਪੱਖੋਂ ਵਧੇਰੇ ਜ਼ਿੰਮੇਵਾਰ ਬਣਾਉਣ ਵਿੱਚ ਯੋਗਦਾਨ ਪਾਉਣ ਦੀ ਅਪੀਲ ਕੀਤੀ ਹੈ।

# ਭਗਵਾਨ ਮਹਾਂਵੀਰ ਦਾ ਸੰਦੇਸ਼ ਸਾਰੀ ਮਨੁੱਖਤਾ ਲਈ ਹੈ : ਸੱਤਿਆ ਪਾਲ ਜੈਨ




**ਚੰਡੀਗੜ੍ਹ, 31 ਮਾਰਚ (ਜਨ ਜਾਗਰਣ ਰਿਪੋਰਟਰ)** : ਚੰਡੀਗੜ੍ਹ ਤੋਂ ਭਾਜਪਾ ਦੇ ਸਾਬਕਾ ਸੰਸਦ ਮੈਂਬਰ ਅਤੇ ਭਾਰਤ ਦੇ ਵਧੀਕ ਸਾਲਿਸਟਰ ਜਨਰਲ ਸ੍ਰੀ ਸੱਤਿਆ ਪਾਲ ਜੈਨ ਨੇ ਕਿਹਾ ਕਿ ਭਗਵਾਨ ਮਹਾਂਵੀਰ ਦੁਆਰਾ ਦਿੱਤੇ ਗਏ ਵਿਸ਼ਵ ਸ਼ਾਂਤੀ, ਜੀਓ ਅਤੇ ਜੀਣ ਦਿਓ, ਗੈਰ-ਕਬਜ਼ਾ, ਆਪਸੀ ਸਹਿਣਸ਼ੀਲਤਾ ਅਤੇ ਪੌਦਿਆਂ, ਪੰਛੀਆਂ ਅਤੇ ਇੱਥੋਂ ਤੱਕ ਕਿ ਜਾਨਵਰਾਂ ਲਈ ਪਿਆਰ ਦੇ ਸਿਧਾਂਤ ਅੱਜ ਵੀ ਓਨੇ ਹੀ ਪ੍ਰਸੰਗਿਕ ਹਨ ਜਿੰਨੇ ਹਜ਼ਾਰਾਂ ਸਾਲ ਪਹਿਲਾਂ ਸਨ। ਸ੍ਰੀ ਜੈਨ ਅੱਜ ਭਗਵਾਨ ਮਹਾਂਵੀਰ ਜਯੰਤੀ ਦੇ ਮੌਕੇ 'ਤੇ ਸੈਕਟਰ 18-ਡੀ ਦੇ ਜੈਨ ਸਥਾਨਕ ਵਿਖੇ ਆਯੋਜਿਤ ਇੱਕ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਸੰਬੋਧਨ ਕਰ ਰਹੇ ਸਨ। ਸ੍ਰੀ ਜੈਨ ਨੇ ਕਿਹਾ ਕਿ ਅਸਲ ਵਿੱਚ, ਭਗਵਾਨ ਮਹਾਂਵੀਰ ਸਮੇਤ ਸਾਰੇ ਮਹਾਂਪੁਰਸ਼ਾਂ ਅਤੇ ਧਾਰਮਿਕ ਗੁਰੂਆਂ ਦੇ ਸੰਦੇਸ਼ ਸਾਰੀ ਮਨੁੱਖਤਾ ਲਈ ਸਨ, ਪਰ ਆਪਣੀ ਤੰਗ ਸੋਚ ਅਤੇ ਨਿੱਜੀ ਹਿੱਤਾਂ ਕਾਰਨ, ਅਸੀਂ ਆਪਣੇ ਮਹਾਂਪੁਰਸ਼ਾਂ ਨੂੰ ਵੀ ਵੱਖ-ਵੱਖ ਧਰਮਾਂ, ਸੰਪਰਦਾਵਾਂ ਅਤੇ ਜਾਤਾਂ ਵਿੱਚ ਵੰਡ ਦਿੱਤਾ ਹੈ। ਸ਼੍ਰੀ ਜੈਨ ਨੇ ਕਿਹਾ ਕਿ ਅੱਜ ਪੂਰੀ ਦੁਨੀਆ ਸਭ ਤੋਂ ਖਤਰਨਾਕ ਪਰਮਾਣੂ ਹਥਿਆਰਾਂ ਨਾਲ ਭਰੀ ਹੋਈ ਹੈ, ਅਤੇ ਇੱਕ ਤਾਨਾਸ਼ਾਹ ਦੇ ਪਾਗਲਪਨ ਦੇ ਇੱਕ ਛੋਟੇ ਜਿਹੇ ਕੰਮ ਨਾਲ ਦੁਨੀਆ ਦੀ ਹੋਂਦ ਖ਼ਤਰੇ ਵਿੱਚ ਪੈ ਸਕਦੀ ਹੈ। ਅਜਿਹੀ ਸਥਿਤੀ ਵਿੱਚ, ਭਗਵਾਨ ਮਹਾਂਵੀਰ ਦੇ ਵਿਸ਼ਵ ਸ਼ਾਂਤੀ ਅਤੇ ਜੀਓ ਅਤੇ ਜੀਣ ਦਿਓ ਦੇ ਸਿਧਾਂਤਾਂ ਦੀ ਪਾਲਣਾ ਕਰਕੇ ਹੀ ਮਨੁੱਖਤਾ ਨੂੰ ਇਸ ਭਿਆਨਕ ਤਬਾਹੀ ਤੋਂ ਬਚਾਇਆ ਜਾ ਸਕਦਾ ਹੈ। ਸ੍ਰੀ ਜੈਨ ਨੇ ਕਿਹਾ ਕਿ ਜੇਕਰ ਹਰ ਧਰਮ ਹਰ ਕਿਸੇ ਤੋਂ ਆਪਣੇ ਧਰਮ ਦੀ ਪਾਲਣਾ ਕਰਨ ਅਤੇ ਦੂਜੇ ਧਰਮਾਂ ਦਾ ਬਰਾਬਰ ਸਤਿਕਾਰ ਕਰਨ ਦੀ ਉਮੀਦ ਕਰਦਾ ਹੈ।

# ਕੌਂਸਲਰ ਹਰਦੀਪ ਸਿੰਘ ਬੁਟੇਰਲਾ ਨੇ ਆਪਣੀ ਧੀ ਦਾ ਜਨਮਦਿਨ ਰੁੱਖ ਲਗਾ ਕੇ ਮਨਾਇਆ



**ਚੰਡੀਗੜ੍ਹ, 31 ਮਾਰਚ (ਜਨ ਜਾਗਰਣ ਰਿਪੋਰਟਰ)** : ਚੰਡੀਗੜ੍ਹ ਨਗਰ ਨਿਗਮ ਦੇ ਵਾਰਡ ਨੰਬਰ 30 ਦੇ ਕੌਂਸਲਰ ਅਤੇ ਆਮ ਆਦਮੀ ਪਾਰਟੀ ਵੱਲੋਂ ਨਿਗਮ ਵਿੱਚ ਵਿਰੋਧੀ ਧਿਰ ਦੇ ਨੇਤਾ ਹਰਦੀਪ ਸਿੰਘ ਬੁਟੇਰਲਾ ਨੇ ਆਪਣੀ ਧੀ ਪ੍ਰਭਰੂਪ ਕੌਰ ਦਾ ਜਨਮਦਿਨ ਰੁੱਖ ਲਗਾ ਕੇ ਮਨਾਇਆ, ਜਿਵੇਂ ਕਿ ਉਹ ਹਰ ਸਾਲ ਕਰਦੇ ਹਨ। ਰੁੱਖ ਲਗਾਉਣ ਦੇ ਪ੍ਰੋਗਰਾਮ ਵਿੱਚ ਕਈ ਹੋਰ ਛੋਟੇ ਬੱਚਿਆਂ ਨੇ ਵੀ ਹਿੱਸਾ ਲਿਆ। ਇਸ ਮੌਕੇ ਬੋਲਦਿਆਂ ਕੌਂਸਲਰ ਬੁਟੇਰਲਾ ਨੇ ਕਿਹਾ ਕਿ ਉਨ੍ਹਾਂ ਦੀ ਧੀ ਪ੍ਰਭਰੂਪ ਨੂੰ ਆਪਣੇ ਜਨਮਦਿਨ 'ਤੇ ਰੁੱਖ ਲਗਾਉਣ ਦਾ ਉਦੇਸ਼ ਦੂਜੇ ਬੱਚਿਆਂ ਨੂੰ ਵੀ ਅਜਿਹਾ ਕਰਨ ਲਈ ਪ੍ਰੇਰਿਤ ਕਰਨਾ ਹੈ। ਇਹ ਸਮਾਂ ਬੱਚਿਆਂ ਨੂੰ ਵਾਤਾਵਰਣ ਪ੍ਰਤੀ ਜਾਗਰੂਕ ਅਤੇ ਸੰਵੇਦਨਸ਼ੀਲ ਬਣਾਉਣ ਦਾ ਹੈ ਤਾਂ ਜੋ ਅਸੀਂ ਮਨੁੱਖਾਂ ਦੁਆਰਾ ਆਪਣੀਆਂ ਜ਼ਰੂਰਤਾਂ ਲਈ ਰੁੱਖਾਂ ਨੂੰ ਕੱਟਣ ਦੁਆਰਾ ਵਾਤਾਵਰਣ ਨੂੰ ਹੋ ਰਹੇ ਲਗਾਤਾਰ ਨੁਕਸਾਨ ਦਾ ਮੁਕਾਬਲਾ ਕਰ ਸਕੀਏ; ਇਸ ਤਰ੍ਹਾਂ, ਅਸੀਂ ਆਉਣ ਵਾਲੀਆਂ ਪੀੜ੍ਹੀਆਂ ਲਈ ਇੱਕ ਸਾਫ਼ ਅਤੇ ਸੁੰਦਰ ਵਾਤਾਵਰਣ ਪ੍ਰਦਾਨ ਕਰਨ ਵਿੱਚ ਯੋਗਦਾਨ ਪਾ ਸਕਦੇ ਹਾਂ। ਬਟੇਰਲਾ ਦੀ ਧੀ ਪ੍ਰਭਰੂਪ ਕੌਰ ਨੇ ਕਿਹਾ ਕਿ ਉਸਨੂੰ ਰੁੱਖ ਲਗਾਉਣਾ ਬਹੁਤ ਪਸੰਦ ਹੈ, ਅਤੇ ਰੁੱਖਾਂ ਵਿੱਚ ਉਸਦੀ ਦਿਲਚਸਪੀ ਉਸਦੇ ਪਿਤਾ ਹਰਦੀਪ ਸਿੰਘ ਦੁਆਰਾ ਵਾਰਡ ਵਿੱਚ ਸ਼ੁਰੂ ਕੀਤੀ ਗਈ ਹਰਿਆਲੀ ਮੁਹਿੰਮ ਦੁਆਰਾ ਪੈਦਾ ਹੋਈ।

# ਸੰਜੇ ਅਰੋੜਾ ਨਗਰ ਨਿਗਮ ਦੇ ਮੁੱਖ ਇੰਜੀਨੀਅਰ ਨਿਯੁਕਤ, 1 ਅਪ੍ਰੈਲ ਤੋਂ ਅਹੁਦਾ ਸੰਭਾਲਣਗੇ !



**ਚੰਡੀਗੜ੍ਹ, 31 ਮਾਰਚ (ਜਨ ਜਾਗਰਣ ਰਿਪੋਰਟਰ)** : ਨਗਰ ਨਿਗਮ, ਚੰਡੀਗੜ੍ਹ ਦੇ ਇੰਜੀਨੀਅਰਿੰਗ ਵਿਭਾਗ ਦੇ ਅੰਦਰ ਇੱਕ ਮਹੱਤਵਪੂਰਨ ਅਹੁਦੇ 'ਤੇ ਇੱਕ ਵੱਡਾ ਪ੍ਰਸ਼ਾਸਕੀ ਬਦਲਾਅ ਹੋਇਆ ਹੈ। ਚੰਡੀਗੜ੍ਹ ਪ੍ਰਸ਼ਾਸਨ ਨੇ ਸ਼੍ਰੀ ਸੰਜੇ ਅਰੋੜਾ ਨੂੰ ਨਗਰ ਨਿਗਮ ਵਿੱਚ ਡੈਪੂਟੇਸ਼ਨ ਦੇ ਆਧਾਰ 'ਤੇ ਮੁੱਖ ਇੰਜੀਨੀਅਰ ਦੇ ਅਹੁਦੇ 'ਤੇ ਨਿਯੁਕਤ ਕੀਤਾ ਹੈ। ਇਹ ਨਿਯੁਕਤੀ 1 ਅਪ੍ਰੈਲ, 2026 ਤੋਂ ਲਾਗੂ ਹੋਵੇਗੀ। ਪ੍ਰਸ਼ਾਸਨ ਦੇ ਹੁਕਮਾਂ ਅਨੁਸਾਰ, ਇਹ ਨਿਯੁਕਤੀ ਇੱਕ ਸਾਲ ਦੀ ਮਿਆਦ ਲਈ ਜਾਂ ਨਗਰ ਨਿਗਮ ਨੂੰ ਉਨ੍ਹਾਂ ਦੀਆਂ ਸੇਵਾਵਾਂ ਦੀ ਲੋੜ ਹੋਣ ਤੱਕ, ਜੋ ਵੀ ਪਹਿਲਾਂ ਹੋਵੇ, ਲਈ ਹੋਵੇਗੀ। ਇਸ ਨਿਯੁਕਤੀ ਦੇ ਨਾਲ, ਮੌਜੂਦਾ ਮੁੱਖ ਇੰਜੀਨੀਅਰ, ਸੀ.ਬੀ. ਓਝਾ ਦਾ ਵਾਧੂ ਚਾਰਜ ਵਾਪਸ ਲੈ ਲਿਆ ਜਾਵੇਗਾ। ਚੰਡੀਗੜ੍ਹ ਪ੍ਰਸ਼ਾਸਨ ਸਕੱਤਰ (ਐਲਜੀ ਅਤੇ ਯੂਡੀ) ਮਨਦੀਪ ਸਿੰਘ ਬਰਾੜ ਨੇ ਕਿਹਾ ਕਿ ਇਹ ਫੈਸਲਾ ਨਗਰ ਨਿਗਮ ਦੇ ਪ੍ਰੋਜੈਕਟਾਂ ਨੂੰ ਸਮੇਂ ਸਿਰ ਪੂਰਾ ਕਰਨ ਅਤੇ ਸ਼ਹਿਰ ਦੇ ਨਿਰਮਾਣ ਕਾਰਜਾਂ ਵਿੱਚ ਕੁਸ਼ਲਤਾ ਵਧਾਉਣ ਲਈ ਲਿਆ ਗਿਆ ਹੈ। ਨਗਰ ਨਿਗਮ ਦੇ ਅਧਿਕਾਰੀ ਅਤੇ ਕਰਮਚਾਰੀ ਇਸ ਨਿਯੁਕਤੀ ਤੋਂ ਸੰਤੁਸ਼ਟ ਹਨ ਅਤੇ ਉਨ੍ਹਾਂ ਦਾ ਮੰਨਣਾ ਹੈ ਕਿ ਸ਼੍ਰੀ ਸੰਜੇ ਅਰੋੜਾ ਦਾ ਤਜਰਬਾ ਅਤੇ ਤਕਨੀਕੀ ਮੁਹਾਰਤ ਸ਼ਹਿਰ ਵਿੱਚ ਵਿਕਾਸ ਅਤੇ ਰੱਖ-ਰਖਾਅ ਦੇ ਕੰਮ ਵਿੱਚ ਸੁਧਾਰ ਕਰੇਗੀ। ਅਧਿਕਾਰਤ ਹੁਕਮ ਵਿੱਚ ਕਿਹਾ ਗਿਆ ਹੈ ਕਿ ਨਿਯੁਕਤੀ ਦੌਰਾਨ ਸਾਰੇ ਨਿਯਮ ਅਤੇ ਸ਼ਰਤਾਂ ਚੰਡੀਗੜ੍ਹ ਪ੍ਰਸ਼ਾਸਨ ਦੇ ਡੈਪੂਟੇਸ਼ਨ ਸਟੈਂਡਰਡ ਨਿਯਮਾਂ ਅਨੁਸਾਰ ਲਾਗੂ ਹੋਣਗੀਆਂ। ਨਗਰ ਨਿਗਮ ਦੀ ਨਵੀਂ ਟੀਮ ਤੋਂ ਸ਼ਹਿਰ ਦੇ ਨਿਰਮਾਣ, ਵਿਕਾਸ ਅਤੇ ਰੱਖ-ਰਖਾਅ ਦੇ ਕੰਮਾਂ ਵਿੱਚ ਨਵੀਂ ਊਰਜਾ ਅਤੇ ਗਤੀ ਲਿਆਉਣ ਦੀ ਉਮੀਦ ਹੈ।

# 'ਰੋਕੋ ਫਾਰ ਕਨੈਕਸ਼ਨ': ਮੇਅਰ ਸੌਰਭ ਜੋਸ਼ੀ ਨੇ ਚੰਡੀਗੜ੍ਹ 'ਚ ਡਿਜ਼ੀਟਲ ਰੋਕੋ ਮੁਹਿੰਮ ਦੀ ਕੀਤੀ ਸ਼ੁਰੂਆਤ



**ਚੰਡੀਗੜ੍ਹ, 31 ਮਾਰਚ (ਜਨ ਜਾਗਰਣ ਰਿਪੋਰਟਰ)** : ਮਾਨਸਿਕ ਸਿਹਤ ਨੂੰ ਉਤਸ਼ਾਹਿਤ ਕਰਨ ਅਤੇ ਪਰਿਵਾਰਕ ਸਬੰਧਾਂ ਨੂੰ ਮਜ਼ਬੂਤ ਕਰਨ ਲਈ ਇੱਕ ਮਹੱਤਵਪੂਰਨ ਪਹਿਲਕਦਮੀ ਵਿੱਚ, ਚੰਡੀਗੜ੍ਹ ਦੇ ਮੇਅਰ ਸ਼੍ਰੀ ਸੌਰਭ ਜੋਸ਼ੀ ਨੇ ਸ਼ਹਿਰ ਵਿਆਪੀ ਮੁਹਿੰਮ "ਰੋਕੋ ਫਾਰ ਕਨੈਕਸ਼ਨ"ਦੀ ਸ਼ੁਰੂਆਤ ਕੀਤੀ ਹੈ। ਇਸ ਮੁਹਿੰਮ ਦੇ ਤਹਿਤ, ਨਾਗਰਿਕਾਂ ਨੂੰ ਕੁਝ ਸਮੇਂ ਲਈ ਆਪਣੇ ਮੋਬਾਈਲ ਫੋਨਾਂ ਤੋਂ ਬ੍ਰੇਕ ਲੈਣ ਅਤੇ ਆਪਣੇ ਪਰਿਵਾਰਾਂ ਅਤੇ ਅਜ਼ੀਜ਼ਾਂ ਨਾਲ ਅਸਲ ਜੀਵਨ ਦੇ ਸਬੰਧਾਂ ਨੂੰ ਮਜ਼ਬੂਤ ਕਰਨ ਦੀ ਅਪੀਲ ਕੀਤੀ ਜਾਂਦੀ ਹੈ। ਡਿਜੀਟਲ ਲਤ ਦੇ ਵਧ ਰਹੇ ਪ੍ਰਭਾਵ 'ਤੇ ਚਿੰਤਾ ਪ੍ਰਗਟ ਕਰਦੇ ਹੋਏ, ਮੇਅਰ ਨੇ ਬਹੁਤ ਜ਼ਿਆਦਾ ਸਕ੍ਰੀਨ ਵਰਤੋਂ ਨੂੰ 'ਅਦਿੱਖ ਮਹਾਂਮਾਰੀ' ਦੱਸਿਆ। ਆਰਥਿਕ ਸਰਵੇਖਣ 2025-26 ਦੇ ਨਤੀਜਿਆਂ ਦਾ ਹਵਾਲਾ ਦਿੰਦੇ ਹੋਏ, ਉਨ੍ਹਾਂ ਕਿਹਾ ਕਿ ਦੇਸ਼ ਦੇ ਲਗਭਗ 15 ਪ੍ਰਤੀਸ਼ਤ ਨੌਜਵਾਨ ਦਰਮਿਆਨੀ ਤੋਂ ਗੰਭੀਰ ਤਕਨਾਲੋਜੀ ਦੀ ਲਤ ਤੋਂ ਪ੍ਰਭਾਵਿਤ ਹਨ, ਅਤੇ ਨੌਜਵਾਨਾਂ ਵਿੱਚ ਡਿਪਰੈਸ਼ਨ ਦੇ ਮਾਮਲਿਆਂ ਵਿੱਚ ਵੀ ਤੇਜ਼ੀ ਨਾਲ ਵਾਧਾ ਹੋਇਆ ਹੈ। ਉਨ੍ਹਾਂ ਕਿਹਾ ਕਿ ਭਾਵੇਂ ਚੰਡੀਗੜ੍ਹ ਇੱਕ ਆਧੁਨਿਕ ਅਤੇ ਸਮਾਰਟ ਸ਼ਹਿਰ ਹੋ ਸਕਦਾ ਹੈ, ਪਰ ਇਸਦੀ ਅਸਲ ਤਾਕਤ ਇਸ ਦੁਆਰਾ ਬਣਾਏ ਗਏ ਭਾਵਨਾਤਮਕ ਸਬੰਧ ਵਿੱਚ ਹੈ। ਉਨ੍ਹਾਂ ਕਿਹਾ, 'ਅਸੀਂ ਡਿਜੀਟਲ ਤੌਰ 'ਤੇ ਜੁੜ ਰਹੇ ਹਾਂ, ਪਰ ਭਾਵਨਾਤਮਕ ਤੌਰ 'ਤੇ ਦੂਰ ਹੋ ਰਹੇ ਹਾਂ। ਇਹ ਸਕ੍ਰੌਲ ਕਰਨਾ ਬੰਦ ਕਰਨ ਅਤੇ ਜੀਣਾ ਸ਼ੁਰੂ ਕਰਨ ਦਾ ਸਮਾਂ ਹੈ।' ਇਸ ਪਹਿਲਕਦਮੀ ਦੇ ਤਹਿਤ, ਹਰ ਐਤਵਾਰ ਸਵੇਰੇ 9:00 ਵਜੇ ਤੋਂ ਦੁਪਹਿਰ 1:00 ਵਜੇ ਤੱਕ ਚਾਰ ਘੰਟੇ ਦਾ ਸਵੈ-ਇੱਛਤ ਡਿਜੀਟਲ ਬ੍ਰੇਕ ਸੁਝਾਇਆ ਜਾਂਦਾ ਹੈ, ਜਿਸ ਦੌਰਾਨ ਸਾਰੇ ਪਰਿਵਾਰਕ ਮੈਂਬਰ ਆਪਣੇ ਮੋਬਾਈਲ ਫੋਨ ਦੂਰ ਰੱਖਣ ਅਤੇ ਇੱਕ ਦੂਜੇ ਨਾਲ ਵਧੀਆ ਸਮਾਂ ਬਿਤਾਉਣ। ਨਾਗਰਿਕਾਂ ਨੂੰ ਘਰੋਂ ਬਾਹਰ ਨਿਕਲਣ ਅਤੇ ਕੁਦਰਤ ਨਾਲ ਸਮਾਂ ਬਿਤਾਉਣ ਅਤੇ ਸ਼ਹਿਰ ਦੇ ਪ੍ਰਮੁੱਖ ਬਗੀਚਿਆਂ, ਜਿਵੇਂ ਕਿ ਜ਼ਾਕਿਰ ਹੁਸੈਨ ਰੋਜ਼ ਗਾਰਡਨ, ਜਾਪਾਨੀ ਗਾਰਡਨ ਚੰਡੀਗੜ੍ਹ, ਬੋਗਨਵਿਲੀਆ ਗਾਰਡਨ ਚੰਡੀਗੜ੍ਹ ਅਤੇ ਟੈਰੇਸ ਗਾਰਡਨ ਚੰਡੀਗੜ੍ਹ ਵਿੱਚ ਪਰਿਵਾਰ ਨਾਲ ਸਮਾਂ ਬਿਤਾਉਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। ਚੰਡੀਗੜ੍ਹ ਨਗਰ ਨਿਗਮ ਨੇ ਇਸ ਮੁਹਿੰਮ ਨੂੰ ਸਫਲ ਬਣਾਉਣ ਲਈ ਸ਼ਹਿਰ ਦੇ ਪਾਰਕਾਂ ਅਤੇ ਹਰੇ ਭਰੇ ਖੇਤਰਾਂ ਦੀ ਦੇਖਭਾਲ ਨੂੰ ਬਿਹਤਰ ਬਣਾਉਣ ਲਈ ਵੀ ਪ੍ਰਬੰਧ ਕੀਤੇ ਹਨ। ਮੇਅਰ ਨੇ ਸਮਝਾਇਆ ਕਿ ਇੱਕ ਛੋਟਾ ਡਿਜੀਟਲ ਬ੍ਰੇਕ ਵੀ ਨੀਂਦ ਦੀ ਗੁਣਵੱਤਾ ਨੂੰ ਬਿਹਤਰ ਬਣਾਉਣ, ਇਕਾਗਰਤਾ ਵਧਾਉਣ ਅਤੇ ਮਾਨਸਿਕ ਸੰਤੁਲਨ ਬਣਾਈ ਰੱਖਣ ਵਿੱਚ ਮਦਦ ਕਰ ਸਕਦਾ ਹੈ। ਉਨ੍ਹਾਂ ਸਾਰੇ ਨਾਗਰਿਕਾਂ ਨੂੰ ਇਸ ਪਹਿਲਕਦਮੀ ਵਿੱਚ ਹਿੱਸਾ ਲੈਣ ਦੀ ਅਪੀਲ ਕੀਤੀ ਅਤੇ ਕਿਹਾ ਕਿ ਅਸਲ ਖੁਸ਼ੀ ਮੋਬਾਈਲ ਸੂਚਨਾਵਾਂ ਵਿੱਚ ਨਹੀਂ ਸਗੋਂ ਆਪਸੀ ਗੱਲਬਾਤ ਅਤੇ ਇਕੱਠੇ ਬਿਤਾਏ ਸਮੇਂ ਵਿੱਚ ਹੈ।

# ਸਥਾਈ ਮੁੱਖ ਇੰਜੀਨੀਅਰ ਦੀ ਨਿਯੁਕਤੀ 'ਤੇ ਕੌਂਸਲਰ ਗੁਰਪ੍ਰੀਤ ਗਾਬੀ ਨੇ ਕੀਤਾ ਧੰਨਵਾਦ



**ਚੰਡੀਗੜ੍ਹ, 31 ਮਾਰਚ (ਜਨ ਜਾਗਰਣ ਰਿਪੋਰਟਰ)** : ਚੰਡੀਗੜ੍ਹ ਨਗਰ ਨਿਗਮ ਵਿੱਚ ਸਥਾਈ ਮੁੱਖ ਇੰਜੀਨੀਅਰ ਦੀ ਨਿਯੁਕਤੀ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਮੰਗ ਹੁਣ ਪੂਰੀ ਹੋ ਗਈ ਹੈ। 25 ਮਾਰਚ ਨੂੰ ਕਾਂਗਰਸ ਪਾਰਟੀ ਦੇ ਕੌਂਸਲਰ ਗੁਰਪ੍ਰੀਤ ਗਾਬੀ ਨੇ ਗ੍ਰਹਿ ਸਕੱਤਰ ਮਨਦੀਪ ਬਰਾੜ ਨਾਲ ਮੁਲਾਕਾਤ ਕੀਤੀ ਅਤੇ ਸਥਾਈ ਮੁੱਖ ਇੰਜੀਨੀਅਰ ਦੀ ਨਿਯੁਕਤੀ ਦੀ ਮੰਗ ਉਠਾਈ। ਮੀਟਿੰਗ ਦੌਰਾਨ, ਗ੍ਰਹਿ ਸਕੱਤਰ ਮਨਦੀਪ ਬਰਾੜ ਨੇ ਨਗਰ ਨਿਗਮ ਨੂੰ ਭਰੋਸਾ ਦਿੱਤਾ ਕਿ ਇੱਕ ਹਫ਼ਤੇ ਦੇ ਅੰਦਰ ਇੱਕ ਨਵਾਂ ਸਥਾਈ ਮੁੱਖ ਇੰਜੀਨੀਅਰ ਨਿਯੁਕਤ ਕੀਤਾ ਜਾਵੇਗਾ। ਇਸ ਭਰੋਸੇ ਨੂੰ ਧਿਆਨ ਵਿੱਚ ਰੱਖਦੇ ਹੋਏ, ਸੰਜੇ ਅਰੋੜਾ ਨੂੰ ਅੱਜ ਚੰਡੀਗੜ੍ਹ ਨਗਰ ਨਿਗਮ ਦਾ ਸਥਾਈ ਮੁੱਖ ਇੰਜੀਨੀਅਰ ਨਿਯੁਕਤ ਕੀਤਾ ਗਿਆ ਹੈ। ਗੁਰਪ੍ਰੀਤ ਗਾਬੀ ਨੇ ਇਸ ਨਿਯੁਕਤੀ ਲਈ ਗ੍ਰਹਿ ਸਕੱਤਰ ਮਨਦੀਪ ਬਰਾੜ ਅਤੇ ਚੰਡੀਗੜ੍ਹ ਪ੍ਰਸ਼ਾਸਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਥਾਈ ਮੁੱਖ ਇੰਜੀਨੀਅਰ ਦੀ ਨਿਯੁਕਤੀ ਨਗਰ ਨਿਗਮ ਦੇ ਕੰਮ ਨੂੰ ਤੇਜ਼ ਕਰੇਗੀ ਅਤੇ ਵਿਕਾਸ ਪ੍ਰੋਜੈਕਟਾਂ ਦੀ ਸੁਚਾਰੂ ਪ੍ਰਗਤੀ ਨੂੰ ਯਕੀਨੀ ਬਣਾਏਗੀ। ਉਨ੍ਹਾਂ ਕਿਹਾ ਕਿ ਇਸ ਅਹੁਦੇ ਲਈ ਸਥਾਈ ਮੁੱਖ ਇੰਜੀਨੀਅਰ ਦੀ ਘਾਟ ਲੰਬੇ ਸਮੇਂ ਤੋਂ ਕਈ ਪ੍ਰੋਜੈਕਟਾਂ ਵਿੱਚ ਰੁਕਾਵਟ ਪਾ ਰਹੀ ਸੀ, ਪਰ ਨਵੀਂ ਨਿਯੁਕਤੀ ਨਿਗਮ ਦੇ ਕੰਮਕਾਜ ਵਿੱਚ ਪਾਰਦਰਸ਼ਤਾ ਅਤੇ ਗਤੀ ਲਿਆਏਗੀ। ਗਾਬੀ ਨੇ ਉਮੀਦ ਪ੍ਰਗਟਾਈ ਕਿ ਨਵੇਂ ਮੁੱਖ ਇੰਜੀਨੀਅਰ ਦੀ ਅਗਵਾਈ ਹੇਠ ਸ਼ਹਿਰ ਦੇ ਵਿਕਾਸ ਕਾਰਜਾਂ ਨੂੰ ਹੋਰ ਮਜ਼ਬੂਤੀ ਮਿਲੇਗੀ ਅਤੇ ਜਨਤਾ ਨੂੰ ਬਿਹਤਰ ਸਹੂਲਤਾਂ ਪ੍ਰਦਾਨ ਕੀਤੀਆਂ ਜਾਣਗੀਆਂ।

ਨਰਮਦੇਸ਼ਵਰ ਮਹਾਦੇਵ ਸ਼ਿਵ ਮੰਦਰ, ਸਾਰੰਗਪੁਰ, ਚੰਡੀਗੜ੍ਹ ਦੇ ਮੁੱਖ ਪ੍ਰਸ਼ਾਸਕ ਯਸ਼ਪਾਲ ਤਿਵਾੜੀ ਨੇ ਦੱਸਿਆ ਕਿ ਚੈਤਰਾ ਨਵਰਾਤਰੀ ਦੇ ਅੰਤ 'ਤੇ ਸਾਰੀਆਂ ਇੱਛਾਵਾਂ ਦੀ ਪੂਰਤੀ, ਕਾਮਦਾ ਏਕਾਦਸ਼ੀ, ਮੰਦਰ ਵਿੱਚ ਪੂਰੀਆਂ ਰਸਮਾਂ ਨਾਲ ਮਨਾਈ ਗਈ। ਇਸ ਪਵਿੱਤਰ ਮੌਕੇ 'ਤੇ ਭਗਵਾਨ ਵਿਸ਼ਨੂੰ ਦੀ ਪੂਜਾ ਅਤੇ ਜਪ ਅਤੇ ਤਪ ਦੀਆਂ ਰਸਮਾਂ ਕਰਨ ਨਾਲ ਜੀਵਨ ਵਿੱਚ ਖੁਸ਼ੀ, ਸ਼ਾਂਤੀ ਅਤੇ ਖੁਸ਼ਹਾਲੀ ਆਉਂਦੀ ਹੈ। ਸ਼ਿਵਵਾਸੀਆਂ ਦੇ ਇਸ ਸ਼ੁਭ ਮੌਕੇ 'ਤੇ ਅਧਿਆਤਮਿਕ ਅਭਿਆਸ, ਜਪ, ਤਪ, ਯੱਗ ਅਤੇ ਦਾਨ ਕਰਨਾ ਬਹੁਤ ਸ਼ੁਭ ਮੰਨਿਆ ਜਾਂਦਾ ਹੈ। ਸਮੂਹਿਕ ਜਪ ਰਸਮ ਵੀ ਨਰਮਦੇਸ਼ਵਰ ਮਹਾਦੇਵ ਸ਼ਿਵ ਮੰਦਰ, ਸਾਰੰਗਪੁਰ ਦੇ ਅਹਾਤੇ ਵਿੱਚ ਸਥਿਤ ਗਾਇਤਰੀ ਮਾਨਸ ਚੇਤਨਾ ਕੇਂਦਰ ਵਿਖੇ ਪੂਰੀ ਕੀਤੀ ਗਈ। ਗਾਇਤਰੀ ਪਰਿਵਾਰ ਟਰੱਸਟ, ਚੰਡੀਗੜ੍ਹ ਦੇ ਮੁਖੀ ਉਮਾ ਸ਼ੰਕਰ ਸ਼ਰਮਾ ਨੇ ਦੱਸਿਆ ਕਿ ਵਿਸ਼ਾਲ ਯੱਗਸ਼ਾਲਾ ਵਿੱਚ ਇੱਕ ਸਮੂਹਿਕ ਗਾਇਤਰੀ ਮਹਾਂਯੱਗ ਆਯੋਜਿਤ ਕੀਤਾ ਗਿਆ ਸੀ, ਜਿੱਥੇ ਵੱਡੀ ਗਿਣਤੀ ਵਿੱਚ ਸ਼ਰਧਾਲੂਆਂ ਅਤੇ ਪੁਜਾਰੀਆਂ ਨੇ ਕਈ ਸ਼ਿਫਟਾਂ ਵਿੱਚ ਯੱਗ ਕੀਤਾ। ਸਥਾਨਕ ਨਿਵਾਸੀ ਅਨਿਲ ਕੁਮਾਰ ਅਤੇ ਉਨ੍ਹਾਂ ਦੀ ਪਤਨੀ ਨੂਤਨ ਨੇ ਲਕਸ਼ਮੀ ਨਾਰਾਇਣ ਦੀ ਮੂਰਤੀ ਦੀ ਵਰ੍ਹੇਗੰਢ ਬਹੁਤ ਉਤਸ਼ਾਹ ਨਾਲ ਮਨਾਈ, ਜਿਸ ਵਿੱਚ ਇੱਕ ਸੱਤਿਆਨਾਰਾਇਣ ਕਥਾ (ਗੀਤ) ਅਤੇ ਇੱਕ ਖੁੱਲ੍ਹਾ ਲੰਗਰ (ਭੋਜਨ ਵੰਡ ਕੇਂਦਰ) ਸ਼ਾਮਲ ਸੀ। ਬੱਚਿਆਂ ਨੇ ਭਜਨ ਅਤੇ ਗੀਤ ਵੀ ਗਾਏ। ਮੰਦਰ ਦੇ ਪ੍ਰਬੰਧਨ ਲਈ ਜ਼ਿੰਮੇਵਾਰ ਇੱਕ ਸਥਾਨਕ ਨਿਵਾਸੀ ਸ਼ਿਵ ਭਗਵਾਨ ਜੈਸਵਾਲ ਨੇ ਕਿਹਾ ਕਿ ਇੱਥੇ ਹਰ ਐਤਵਾਰ ਨੂੰ ਇੱਕ ਸਮੂਹਿਕ ਗਾਇਤਰੀ ਮਹਾਂਯੱਗ ਕੀਤਾ ਜਾਂਦਾ ਹੈ ਅਤੇ ਇੱਕ ਖੁੱਲ੍ਹਾ ਲੰਗਰ ਵੀ ਲਗਾਇਆ ਜਾਂਦਾ ਹੈ।

# ਐਮਸੀ ਚੰਡੀਗੜ੍ਹ ਕਮਿਸ਼ਨਰ ਨੇ ਐਸਪੀਸੀਏ 'ਚ ਸਹੂਲਤਾਂ ਦਾ ਲਿਆ ਜਾਇਜ਼ਾ

**ਚੰਡੀਗੜ੍ਹ, 31 ਮਾਰਚ (ਜਨ ਜਾਗਰਣ ਰਿਪੋਰਟਰ)** : ਅੱਜ, ਸ਼੍ਰੀ ਅਮਿਤ ਕੁਮਾਰ, ਆਈਏਐਸ, ਕਮਿਸ਼ਨਰ, ਨਗਰ ਨਿਗਮ ਚੰਡੀਗੜ੍ਹ, ਸ਼੍ਰੀ ਪ੍ਰਦੀਪ ਕੁਮਾਰ, ਆਈਏਐਸ, ਵਿਸ਼ੇਸ਼ ਕਮਿਸ਼ਨਰ, ਨਗਰ ਨਿਗਮ-ਕਮ-ਸਕੱਤਰ, ਪਸ਼ੂ ਪਾਲਣ, ਯੂਟੀ ਚੰਡੀਗੜ੍ਹ ਦੇ ਨਾਲ, ਸੈਕਟਰ 38 ਵਿੱਚ ਸੋਸਾਇਟੀ ਫਾਰ ਪ੍ਰੀਵੈਂਸ਼ਨ ਆਫ ਕਰੂਏਲਟੀ ਟੂ ਐਨੀਮਲਜ਼ (ਐਸਪੀਸੀਏ) ਦਾ ਦੌਰਾ ਕੀਤਾ। ਇਸ ਮੌਕੇ ਚੰਡੀਗੜ੍ਹ ਪ੍ਰਸ਼ਾਸਨ, ਨਗਰ ਨਿਗਮ ਅਤੇ ਐਸਪੀਸੀਏ ਦੇ ਅਧਿਕਾਰੀ ਅਤੇ ਮੈਂਬਰ ਮੌਜੂਦ ਸਨ। ਇਹ ਦੌਰਾ ਐਸਪੀਸੀਏ ਵਿੱਚ ਕੀਤੇ ਗਏ ਸੁਧਾਰਾਂ ਦੀ ਸਮੀਖਿਆ ਕਰਨ ਅਤੇ ਉੱਥੇ ਰੱਖੇ ਗਏ ਕੁੱਤਿਆਂ ਦੀ ਦੇਖਭਾਲ, ਇਲਾਜ ਅਤੇ ਸਮੁੱਚੀ ਸਥਿਤੀ ਦਾ ਮੁਲਾਂਕਣ ਕਰਨ ਲਈ ਸੀ। ਨਿਰੀਖਣ ਦੌਰਾਨ, ਕਮਿਸ਼ਨਰ ਨੇ ਜਾਨਵਰਾਂ ਦੀ ਦੇਖਭਾਲ ਅਤੇ ਭਲਾਈ ਦੇ ਉੱਚ ਪੱਧਰ ਨੂੰ ਯਕੀਨੀ ਬਣਾਉਣ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਕੁੱਤਿਆਂ ਨੂੰ ਦਿੱਤੇ ਜਾ ਰਹੇ ਭੋਜਨ, ਪੋਸ਼ਣ, ਦਵਾਈਆਂ ਦੀ ਉਪਲਬਧਤਾ ਅਤੇ ਇਲਾਜ ਦੇ ਪ੍ਰਬੰਧਾਂ ਦੀ ਸਮੀਖਿਆ ਕੀਤੀ। ਉਨ੍ਹਾਂ ਨਿਰਦੇਸ਼ ਦਿੱਤੇ ਕਿ ਭੋਜਨ, ਦਵਾਈਆਂ ਅਤੇ ਹੋਰ ਜ਼ਰੂਰੀ ਚੀਜ਼ਾਂ ਦਾ ਇੱਕ ਢੁਕਵਾਂ ਸਟਾਕ ਰਜਿਸਟਰ ਬਣਾਈ ਰੱਖਿਆ ਜਾਵੇ ਅਤੇ ਨਿਯਮਤ ਤੌਰ 'ਤੇ ਅਪਡੇਟ ਕੀਤਾ ਜਾਵੇ। ਕਮਿਸ਼ਨਰ ਨੇ ਅੱਗੇ ਨਿਰਦੇਸ਼ ਦਿੱਤੇ ਕਿ ਸਾਰੇ ਕਰਮਚਾਰੀਆਂ ਲਈ ਬਾਇਓਮੈਟ੍ਰਿਕ ਹਾਜ਼ਰੀ ਲਾਜ਼ਮੀ ਕੀਤੀ ਜਾਵੇ ਅਤੇ ਐਸਪੀਸੀਏ ਵਿਖੇ ਜਲਦੀ ਹੀ ਬਾਇਓਮੈਟ੍ਰਿਕ ਮਸ਼ੀਨਾਂ ਲਗਾਈਆਂ ਜਾਣ। ਉਨ੍ਹਾਂ ਸੀਸੀਟੀਵੀ ਫੁਟੇਜ ਦੀ ਵੀ ਸਮੀਖਿਆ ਕੀਤੀ ਅਤੇ ਨਿਰਦੇਸ਼ ਦਿੱਤੇ ਕਿ ਸਾਰੇ ਰਿਕਾਰਡਾਂ ਨੂੰ ਯੋਜਨਾਬੱਧ ਅਤੇ ਕੰਪਿਊਟਰਾਈਜ਼ਡ ਢੰਗ ਨਾਲ ਬਣਾਈ ਰੱਖਿਆ ਜਾਵੇ। ਕੰਮ ਵਿੱਚ ਕੁਸ਼ਲਤਾ ਅਤੇ ਜਵਾਬਦੇਹੀ 'ਤੇ ਜ਼ੋਰ ਦਿੰਦੇ ਹੋਏ, ਕਮਿਸ਼ਨਰ ਨੇ ਨਿਰਦੇਸ਼ ਦਿੱਤੇ ਕਿ ਐਸਪੀਸੀਏ ਨਾਲ ਸਬੰਧਤ ਸਾਰੇ ਕੰਮ ਨਿਰਧਾਰਤ ਸਮਾਂ ਸੀਮਾ ਦੇ ਅੰਦਰ ਪੂਰੇ ਕੀਤੇ ਜਾਣ ਤਾਂ ਜੋ ਜਾਨਵਰਾਂ ਦੇ ਬਿਹਤਰ ਪ੍ਰਬੰਧਨ ਅਤੇ ਭਲਾਈ ਨੂੰ ਯਕੀਨੀ ਬਣਾਇਆ ਜਾ ਸਕੇ।

# ਅੱਤਵਾਦ ਪ੍ਰਭਾਵਿਤ ਪਰਵਾਰਾਂ ਦੀਆਂ ਮੰਗਾਂ 'ਤੇ ਰਾਜਪਾਲ ਵਲੋਂ ਸਕਾਰਾਤਮਕ ਵਿਚਾਰ ਕਰਨ ਦਾ ਭਰੋਸਾ




**ਚੰਡੀਗੜ੍ਹ, 31 ਮਾਰਚ (ਜਨ ਜਾਗਰਣ ਰਿਪੋਰਟਰ)** : ਪੰਜਾਬ ਦੇ ਅੱਤਵਾਦ ਪ੍ਰਭਾਵਿਤ ਪਰਿਵਾਰਾਂ ਦੇ ਇੱਕ ਵਫ਼ਦ ਨੇ ਪੰਜਾਬ ਲੋਕ ਭਵਨ ਵਿਖੇ ਪੰਜਾਬ ਦੇ ਰਾਜਪਾਲ ਸ੍ਰੀ ਗੁਲਾਬ ਚੰਦ ਕਟਾਰੀਆ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਦੀਆਂ ਲੰਬਿਤ ਮੰਗਾਂ ਅਤੇ ਸਮੱਸਿਆਵਾਂ ਸੰਬੰਧੀ ਇੱਕ ਮੰਗ ਪੱਤਰ ਪੇਸ਼ ਕੀਤਾ। ਵਫ਼ਦ ਨੇ ਮੁੱਖ ਮੁੱਦੇ ਉਠਾਏ, ਜਿਨ੍ਹਾਂ ਵਿੱਚ ਲੰਬਿਤ ਵਿੱਤੀ ਪੈਕੇਜ ਜਾਰੀ ਕਰਨ, ਸ਼ਹੀਦ ਪੁਲਿਸ ਕਰਮਚਾਰੀਆਂ ਅਤੇ ਸਰਕਾਰੀ ਕਰਮਚਾਰੀਆਂ ਦੇ ਪਰਿਵਾਰਾਂ ਲਈ ਮੁਆਵਜ਼ਾ ਅਤੇ ਵਿਸ਼ੇਸ਼ ਪਰਿਵਾਰਕ ਪੈਨਸ਼ਨ ਲਾਭਾਂ ਨੂੰ ਵਧਾਉਣ ਦੀ ਮੰਗ ਕੀਤੀ ਗਈ। ਉਨ੍ਹਾਂ ਨੇ ਵਿਧਵਾਵਾਂ ਅਤੇ ਨਾਗਰਿਕ ਪੀੜਤਾਂ ਦੇ ਮਾਪਿਆਂ ਲਈ ਪੈਨਸ਼ਨਾਂ ਵਿੱਚ ਵਾਧੇ ਦੀ ਵੀ ਮੰਗ ਕੀਤੀ। ਵਫ਼ਦ ਨੇ ਪਿਛਲੇ ਨੀਤੀਗਤ ਫੈਸਲਿਆਂ ਨੂੰ ਲਾਗੂ ਕਰਨ, ਪਲਾਟ ਅਲਾਟਮੈਂਟ ਅਤੇ ਨਿਯਮਤ ਕਰਨ ਲਈ ਸਮਾਂ-ਸੀਮਾ ਵਧਾਉਣ ਅਤੇ ਅੱਤਵਾਦ ਪ੍ਰਭਾਵਿਤ ਪਰਿਵਾਰਾਂ, ਖਾਸ ਕਰਕੇ ਲਾਲ ਅਤੇ ਚਿੱਟੇ ਕਾਰਡ ਧਾਰਕਾਂ ਨੂੰ ਰਿਆਇਤੀ ਜਾਂ ਮੁਫਤ ਪਲਾਟ ਦੇਣ ਦੀ ਵੀ ਮੰਗ ਕੀਤੀ। ਰੁਜ਼ਗਾਰ ਦੇ ਮੁੱਦਿਆਂ ਦੇ ਸੰਬੰਧ ਵਿੱਚ, ਉਨ੍ਹਾਂ ਨੇ ਪ੍ਰਭਾਵਿਤ ਪਰਿਵਾਰ ਦੇ ਇੱਕ ਮੈਂਬਰ ਨੂੰ ਰੁਜ਼ਗਾਰ ਪ੍ਰਦਾਨ ਕਰਨ ਲਈ ਯੋਗਤਾ ਮਾਪਦੰਡਾਂ ਵਿੱਚ ਢਿੱਲ ਦੇਣ ਅਤੇ ਅੱਤਵਾਦ ਪ੍ਰਭਾਵਿਤ ਪਰਿਵਾਰਾਂ ਲਈ ਸਰਕਾਰੀ ਨੌਕਰੀਆਂ ਵਿੱਚ ਰਾਖਵਾਂਕਰਨ ਦੀ ਮੰਗ ਕੀਤੀ। ਉਨ੍ਹਾਂ ਅੱਤਵਾਦ ਦੌਰਾਨ ਉਜਾੜੇ ਗਏ ਅਤੇ ਬਾਅਦ ਵਿੱਚ ਪੰਜਾਬ ਵਾਪਸ ਆਉਣ ਵਾਲੇ ਪਰਿਵਾਰਾਂ ਦੇ ਬਜ਼ੁਰਗ ਮੈਂਬਰਾਂ ਲਈ ਪੈਨਸ਼ਨ ਸਹਾਇਤਾ ਦੀ ਵੀ ਮੰਗ ਕੀਤੀ। ਰਾਜਪਾਲ ਸ੍ਰੀ ਗੁਲਾਬ ਚੰਦ ਕਟਾਰੀਆ ਨੇ ਵਫ਼ਦ ਦੀਆਂ ਮੰਗਾਂ ਅਤੇ ਚਿੰਤਾਵਾਂ ਨੂੰ ਧਿਆਨ ਨਾਲ ਸੁਣਿਆ ਅਤੇ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਇਨ੍ਹਾਂ ਮੁੱਦਿਆਂ 'ਤੇ ਹਮਦਰਦੀ ਨਾਲ ਵਿਚਾਰ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਉਹ ਇਸ ਮਾਮਲੇ ਨੂੰ ਸਬੰਧਤ ਅਧਿਕਾਰੀਆਂ ਅਤੇ ਵਿਭਾਗਾਂ ਨਾਲ ਉਠਾਉਣਗੇ ਅਤੇ ਇਹ ਯਕੀਨੀ ਬਣਾਉਣਗੇ ਕਿ ਇਸਦੀ ਸਕਾਰਾਤਮਕ ਅਤੇ ਰਚਨਾਤਮਕ ਢੰਗ ਨਾਲ ਸਮੀਖਿਆ ਕੀਤੀ ਜਾਵੇ। ਰਾਜਪਾਲ ਨੇ ਅੱਤਵਾਦ ਤੋਂ ਪ੍ਰਭਾਵਿਤ ਪਰਿਵਾਰਾਂ ਦੀ ਭਲਾਈ, ਪੁਨਰਵਾਸ ਅਤੇ ਸਹਾਇਤਾ ਲਈ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਇਆ। ਵਫ਼ਦ ਵਿੱਚ ਸਤਿੰਦਰਪਾਲ ਸਿੰਘ ਸਿੱਧੂ; ਡਾ. ਬੀ.ਆਰ. ਹਸਤੀਰ; ਪ੍ਰਿੰਸ ਕੁਮਾਰ; ਰਮਨ ਕੁਮਾਰ; ਜਸਕਰਨ ਸਿੰਘ; ਮਨਜੀਤ ਕੌਰ; ਸ਼ਿੰਦਰ ਕੌਰ; ਚੰਚਲ ਮਨਹਾਸ; ਦਰਸ਼ਨ ਕੌਰ; ਜਸਬੀਰ ਕੌਰ; ਬਲਵਿੰਦਰ ਕੌਰ; ਬੀਰੋ; ਬਲਬੀਰ ਕੌਰ; ਕੁਲਵਿੰਦਰ ਕੌਰ; ਵਰਸ਼ਾ ਰਾਣੀ; ਪਵਨ ਦੇਵੀ; ਤ੍ਰਿਪਤਾ ਸ਼ਰਮਾ; ਚਰਨਜੀਤ ਕੌਰ; ਕਸ਼ਮੀਰ ਕੌਰ; ਸਵਿੰਦਰ ਕੌਰ; ਅਤੇ ਗੀਤਾ ਜੁਨੇਜਾ ਸ਼ਾਮਲ ਸਨ।

# ਦੋਪਹੀਆ ਵਾਹਨਾਂ ਦੀ ਚੋਰੀ 'ਤੇ ਰੋਕ ਲੱਗੇਗੀ : ਮਹੰਤ ਮਨੋਜ ਸ਼ਰਮਾ



**ਚੰਡੀਗੜ੍ਹ, 31 ਮਾਰਚ (ਜਨ ਜਾਗਰਣ ਰਿਪੋਰਟਰ)** : ਵਿਸ਼ਵ ਹਿੰਦੂ ਪ੍ਰੀਸ਼ਦ, ਚੰਡੀਗੜ੍ਹ (ਪੰਜਾਬ ਪ੍ਰਾਂਤ) ਦੇ ਸਾਬਕਾ ਸੋਸ਼ਲ ਮੀਡੀਆ ਇੰਚਾਰਜ ਮਹੰਤ ਮਨੋਜ ਸ਼ਰਮਾ ਨੇ ਦੇਸ਼ ਭਰ ਵਿੱਚ ਸਕੂਟਰ ਅਤੇ ਮੋਟਰਸਾਈਕਲ ਚੋਰੀ ਦੀਆਂ ਵਧਦੀਆਂ ਘਟਨਾਵਾਂ 'ਤੇ ਡੂੰਘੀ ਚਿੰਤਾ ਪ੍ਰਗਟ ਕੀਤੀ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਪੱਤਰ ਲਿਖ ਕੇ ਠੋਸ ਕਾਰਵਾਈ ਦੀ ਮੰਗ ਕੀਤੀ। ਆਪਣੇ ਪੱਤਰ ਵਿੱਚ, ਮਹੰਤ ਮਨੋਜ ਸ਼ਰਮਾ ਨੇ ਕਿਹਾ ਕਿ ਦੇਸ਼ ਵਿੱਚ ਦੋਪਹੀਆ ਵਾਹਨ ਚੋਰੀ ਦੀਆਂ ਲਗਾਤਾਰ ਵਧ ਰਹੀਆਂ ਘਟਨਾਵਾਂ ਆਮ ਨਾਗਰਿਕਾਂ ਵਿੱਚ ਡਰ ਅਤੇ ਅਸੁਰੱਖਿਆ ਦਾ ਮਾਹੌਲ ਪੈਦਾ ਕਰ ਰਹੀਆਂ ਹਨ। ਉਨ੍ਹਾਂ ਖਦਸ਼ਾ ਪ੍ਰਗਟ ਕੀਤਾ ਕਿ ਇਹ ਚੋਰੀਆਂ ਗੈਰ-ਕਾਨੂੰਨੀ ਵਾਹਨਾਂ (ਜਿਵੇਂ ਕਿ ਤਿਆਰ ਟਰਾਲੀਆਂ, ਆਦਿ) ਦੁਆਰਾ ਚੋਰੀ ਕੀਤੇ ਸਕੂਟਰ ਜਾਂ ਮੋਟਰਸਾਈਕਲ ਇੰਜਣਾਂ ਦੀ ਵਰਤੋਂ ਕਰਕੇ ਚਲਾਈਆਂ ਜਾ ਸਕਦੀਆਂ ਹਨ। ਉਨ੍ਹਾਂ ਮੰਗ ਕੀਤੀ ਕਿ ਸਰਕਾਰ ਇਸ ਸਮੱਸਿਆ ਨੂੰ ਹੱਲ ਕਰਨ ਲਈ ਦੇਸ਼ ਭਰ ਵਿੱਚ ਇੱਕ ਵਿਸ਼ੇਸ਼ ਨਿਰੀਖਣ ਮੁਹਿੰਮ ਸ਼ੁਰੂ ਕਰੇ, ਖਾਸ ਕਰਕੇ ਪਿੰਡਾਂ ਅਤੇ ਛੋਟੇ ਕਸਬਿਆਂ ਵਿੱਚ ਜਿੱਥੇ ਦੋਪਹੀਆ ਵਾਹਨ ਪ੍ਰਚਲਿਤ ਹਨ। ਇਸ ਮੁਹਿੰਮ ਵਿੱਚ ਦੋਪਹੀਆ ਵਾਹਨਾਂ ਦੇ ਇੰਜਣਾਂ ਨਾਲ ਲੈਸ ਸਾਰੇ ਵਾਹਨਾਂ ਦੀ ਤੀਬਰ ਜਾਂਚ ਸ਼ਾਮਲ ਹੋਣੀ ਚਾਹੀਦੀ ਹੈ। ਮਹੰਤ ਸ਼ਰਮਾ ਨੇ ਸੁਝਾਅ ਦਿੱਤਾ ਕਿ ਡਰਾਈਵਰਾਂ ਨੂੰ ਇੰਜਣ ਨੰਬਰ ਅਤੇ ਰਜਿਸਟ ?ਰੇਸ਼ਨ ਨੰਬਰਾਂ ਸਮੇਤ ਸਾਰੇ ਜ਼ਰੂਰੀ ਦਸਤਾਵੇਜ਼ਾਂ ਦੀ ਲਾਜ਼ਮੀ ਤਸਦੀਕ ਦੇ ਅਧੀਨ ਹੋਣਾ ਚਾਹੀਦਾ ਹੈ। ਜਾਇਜ਼ ਦਸਤਾਵੇਜ਼ਾਂ ਤੋਂ ਬਿਨਾਂ ਵਾਹਨਾਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਜਿਨ੍ਹਾਂ ਕੋਲ ਉਪਲਬਧ ਦਸਤਾਵੇਜ਼ ਹਨ, ਉਨ੍ਹਾਂ ਦੇ ਵੀ ਮੋਟਰ ਵਾਹਨ ਐਕਟ ਤਹਿਤ ਚਲਾਨ ਕੀਤੇ ਜਾਣੇ ਚਾਹੀਦੇ ਹਨ, ਕਿਉਂਕਿ ਸਰਕਾਰ ਦੁਆਰਾ ਅਸਥਾਈ ਵਾਹਨਾਂ ਨੂੰ ਮਾਨਤਾ ਨਹੀਂ ਦਿੱਤੀ ਜਾਂਦੀ। ਉਨ੍ਹਾਂ ਵਿਸ਼ਵਾਸ ਪ੍ਰਗਟ ਕੀਤਾ ਕਿ ਜੇਕਰ ਇਸ ਮੁਹਿੰਮ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕੀਤਾ ਜਾਂਦਾ ਹੈ, ਤਾਂ ਦੇਸ਼ ਭਰ ਵਿੱਚ ਸਕੂਟਰ ਅਤੇ ਮੋਟਰਸਾਈਕਲ ਚੋਰੀ ਦੀਆਂ ਘਟਨਾਵਾਂ ਵਿੱਚ ਕਾਫ਼ੀ ਕਮੀ ਆ ਸਕਦੀ ਹੈ। ਮਹੰਤ ਮਨੋਜ ਸ਼ਰਮਾ ਨੇ ਕੇਂਦਰ ਸਰਕਾਰ ਨੂੰ ਇਸ ਗੰਭੀਰ ਮੁੱਦੇ ਦਾ ਤੁਰੰਤ ਨੋਟਿਸ ਲੈਣ ਅਤੇ ਜ਼ਰੂਰੀ ਦਿਸ਼ਾ-ਨਿਰਦੇਸ਼ ਜਾਰੀ ਕਰਨ ਦੀ ਅਪੀਲ ਕੀਤੀ।

# ਚੰਡੀਗੜ੍ਹ ਪੀੜਤ ਸਹਾਇਤਾ ਯੋਜਨਾ, 2018: ਅਪਰਾਧ ਦੇ ਪੀੜਤਾਂ ਲਈ ਇੱਕ ਜੀਵਨ ਰੇਖਾ

**ਚੰਡੀਗੜ੍ਹ, 31 ਮਾਰਚ (ਜਨ ਜਾਗਰਣ ਰਿਪੋਰਟਰ)** : ਕੇਂਦਰੀ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ ਦੀ ਚੰਡੀਗੜ੍ਹ ਪੀੜਤ ਸਹਾਇਤਾ ਯੋਜਨਾ, 2018, ਅਪਰਾਧ ਦੇ ਪੀੜਤਾਂ ਲਈ ਇੱਕ ਸੰਵੇਦਨਸ਼ੀਲ ਜੀਵਨ ਰੇਖਾ ਵਜੋਂ ਕੰਮ ਕਰਦੀ ਹੈ, ਜੋ ਨਾ ਸਿਰਫ਼ ਵਿੱਤੀ ਸਹਾਇਤਾ ਪ੍ਰਦਾਨ ਕਰਦੀ ਹੈ, ਸਗੋਂ ਮਾਣ, ਸਹਾਇਤਾ ਅਤੇ ਪੁਨਰਵਾਸ ਦਾ ਰਸਤਾ ਵੀ ਪ੍ਰਦਾਨ ਕਰਦੀ ਹੈ। ਇਹ ਯੋਜਨਾ ਅਪਰਾਧਿਕ ਪ੍ਰਕਿਰਿਆ ਸੰਹਿਤਾ, 1973 (ਹੁਣ ਭਾਰਤੀ ਦੰਡ ਸੰਹਿਤਾ ਦੇ ਸੰਬੰਧਿਤ ਉਪਬੰਧਾਂ ਦੇ ਅਨੁਸਾਰ ਸੋਧੀ ਗਈ ਹੈ) ਦੀ ਧਾਰਾ 3571 ਦੇ ਤਹਿਤ ਸੂਚਿਤ ਕੀਤੀ ਗਈ ਸੀ ਅਤੇ ਗੰਭੀਰ ਅਪਰਾਧਾਂ ਦੇ ਪੀੜਤਾਂ ਨੂੰ ਤੁਰੰਤ ਅਤੇ ਅਰਥਪੂਰਨ ਸਹਾਇਤਾ ਯਕੀਨੀ ਬਣਾਉਣ ਲਈ ਮਾਣਯੋਗ ਸੁਪਰੀਮ ਕੋਰਟ ਦੇ ਨਿਰਦੇਸ਼ਾਂ ਦੀ ਪਾਲਣਾ ਵਿੱਚ ਲਾਗੂ ਕੀਤੀ ਗਈ ਸੀ। ਇਹ ਪੀੜਤ-ਕੇਂਦ੍ਰਿਤ ਪਹਿਲਕਦਮੀ ਜਿਨਸੀ ਹਮਲੇ, ਬਲਾਤਕਾਰ, ਤੇਜ਼ਾਬੀ ਹਮਲਿਆਂ, ਪੋਕਸੋ ਐਕਟ ਅਧੀਨ ਅਪਰਾਧਾਂ, ਭੀੜ ਹਿੰਸਾ/ਲਿੰਚਿੰਗ, ਗੰਭੀਰ ਸੱਟਾਂ, ਸਾੜਨ, ਮੌਤਾਂ ਅਤੇ ਹੋਰ ਘਿਨਾਉਣੇ ਅਪਰਾਧਾਂ ਦੇ ਮਾਮਲਿਆਂ ਵਿੱਚ ਪੀੜਤਾਂ ਅਤੇ ਉਨ੍ਹਾਂ ਦੇ ਆਸ਼ਰਿਤਾਂ ਨੂੰ ਵਿਆਪਕ ਸਹਾਇਤਾ ਪ੍ਰਦਾਨ ਕਰਦੀ ਹੈ। ਇਸ ਯੋਜਨਾ ਦੀਆਂ ਮੁੱਖ ਵਿਸ਼ੇਸ਼ਤਾਵਾਂ ਵਿੱਚ ਇੱਕ ਸਮਰਪਿਤ ਪੀੜਤ ਮੁਆਵਜ਼ਾ ਫੰਡ ਦੀ ਸਥਾਪਨਾ ਸ਼ਾਮਲ ਹੈ, ਜਿਸਨੂੰ ਭਾਰਤ ਸਰਕਾਰ ਦੀਆਂ ਗ੍ਰਾਂਟਾਂ, ਕਾਰਪੋਰੇਟ ਸਮਾਜਿਕ ਜ਼ਿੰਮੇਵਾਰੀ ਯੋਗਦਾਨਾਂ, ਜਨਤਕ ਦਾਨਾਂ ਅਤੇ ਅਦਾਲਤਾਂ ਦੁਆਰਾ ਲਗਾਏ ਗਏ ਜੁਰਮਾਨਿਆਂ ਦੁਆਰਾ ਫੰਡ ਕੀਤਾ ਜਾਂਦਾ ਹੈ। ਇਹ ਯੋਜਨਾ ਤੁਰੰਤ ਡਾਕਟਰੀ, ਐਮਰਜੈਂਸੀ ਅਤੇ ਪੁਨਰਵਾਸ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਅੰਤਰਿਮ ਰਾਹਤ ਦੀ ਵਿਵਸਥਾ ਵੀ ਕਰਦੀ ਹੈ। ਇਸ ਯੋਜਨਾ ਦੇ ਤਹਿਤ ਮੁਆਵਜ਼ਾ ਰਾਸ਼ੀ ਰੁਪਏ 1 ਲੱਖ ਤੋਂ ਰੁਪਏ 10 ਲੱਖ ਤੱਕ ਹੈ, ਜੋ ਕਿ ਸੱਟ ਜਾਂ ਨੁਕਸਾਨ ਦੀ ਪ੍ਰਕਿਰਤੀ ਅਤੇ ਗੰਭੀਰਤਾ 'ਤੇ ਨਿਰਭਰ ਕਰਦੀ ਹੈ। ਤੇਜ਼ਾਬੀ ਹਮਲੇ ਦੇ ਪੀੜਤਾਂ ਲਈ ਵਿਸ਼ੇਸ਼ ਤੇਜ਼ ਪ੍ਰਬੰਧ ਕੀਤੇ ਗਏ ਹਨ, ਜਿਸ ਵਿੱਚ ਰੁਪਏ 1 ਲੱਖ ਦੀ ਅੰਤਰਿਮ ਸਹਾਇਤਾ ਅਤੇ 15 ਦਿਨਾਂ ਦੇ ਅੰਦਰ ਰੁਪਏ 10 ਲੱਖ ਤੱਕ ਦਾ ਵਾਧੂ ਮੁਆਵਜ਼ਾ ਸ਼ਾਮਲ ਹੈ। ਇਸ ਯੋਜਨਾ ਦੇ ਤਹਿਤ ਮੁਆਵਜ਼ਾ ਸਿੱਧਾ ਲਾਭਪਾਤਰੀਆਂ ਦੇ ਬੈਂਕ ਖਾਤਿਆਂ ਵਿੱਚ ਟਰਾਂਸਫਰ ਕੀਤਾ ਜਾਂਦਾ ਹੈ। ਨਾਬਾਲਗਾਂ, ਅਨਾਥਾਂ ਅਤੇ ਹੋਰ ਕਮਜ਼ੋਰ ਵਰਗਾਂ ਲਈ ਲੰਬੇ ਸਮੇਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਫਿਕਸਡ ਡਿਪਾਜ਼ਿਟ (FD) ਵਰਗੇ ਪ੍ਰਬੰਧ ਵੀ ਕੀਤੇ ਗਏ ਹਨ। ਇਸ ਤੋਂ ਇਲਾਵਾ, ਜੇਕਰ ਕੋਈ ਪੀੜਤ ਦਿੱਤੇ ਗਏ ਮੁਆਵਜ਼ੇ ਤੋਂ ਅਸੰਤੁਸ਼ਟ ਹੈ, ਤਾਂ ਉਸਨੂੰ ਅਪੀਲ ਕਰਨ ਦਾ ਅਧਿਕਾਰ ਦਿੱਤਾ ਜਾਂਦਾ ਹੈ।

**ਮੁਆਵਜ਼ਾ ਢਾਂਚਾ (ਯੋਜਨਾ ਦਿਸ਼ਾ-ਨਿਰਦੇਸ਼ਾਂ ਅਨੁਸਾਰ)**:
ਮੌਤ, ਬਲਾਤਕਾਰ, ਅਤੇ ਗੈਰ-ਕੁਦਰਤੀ ਜਿਨਸੀ ਹਮਲੇ: ਰੁਪਏ 5 ਲੱਖ ਤੋਂ ਰੁਪਏ 10 ਲੱਖ,
**ਸੱਟ ਦੇ ਮਾਮਲੇ (ਗੰਭੀਰ/ਸਰਲ)**: ਵੱਧ ਤੋਂ ਵੱਧ ਰੁਪਏ 5 ਲੱਖ, ਲਣ ਦੇ ਮਾਮਲੇ: ਰੁਪਏ 2 ਲੱਖ ਤੋਂ ਰੁਪਏ 8 ਲੱਖ
**ਤੇਜ਼ਾਬੀ ਹਮਲੇ ਦੇ ਮਾਮਲੇ**: ਰੁਪਏ 3 ਲੱਖ ਤੋਂ ਰੁਪਏ 10 ਲੱਖ (ਚੱਲ ਰਹੇ ਡਾਕਟਰੀ ਅਤੇ ਪੁਨਰਵਾਸ ਸਹਾਇਤਾ ਸਮੇਤ)
**ਮਨੁੱਖੀ ਤਸਕਰੀ ਦੇ ਪੀੜਤਾਂ ਦਾ ਪੁਨਰਵਾਸ**: ਰੁਪਏ 10 ਲੱਖ

ਇਹ ਪ੍ਰਬੰਧ 2018 ਦੀ ਰਾਸ਼ਟਰੀ ਕਾਨੂੰਨੀ ਸੇਵਾਵਾਂ ਅਥਾਰਟੀ ਮੁਆਵਜ਼ਾ ਯੋਜਨਾ ਦੇ ਅਨੁਸਾਰ ਹਨ, ਇੱਕ ਪ੍ਰਗਤੀਸ਼ੀਲ ਅਤੇ ਪੀੜਤ-ਅਨੁਕੂਲ ਪਹੁੰਚ ਨੂੰ ਯਕੀਨੀ ਬਣਾਉਂਦੇ ਹੋਏ।

ਇਸ ਤੋਂ ਇਲਾਵਾ, ਸਮਾਜ ਭਲਾਈ, ਮਹਿਲਾ ਅਤੇ ਬਾਲ ਵਿਕਾਸ ਵਿਭਾਗ, ਚੰਡੀਗੜ੍ਹ ਪ੍ਰਸ਼ਾਸਨ ਨੇ 17.02.2026 (01.04.2026 ਤੋਂ ਪ੍ਰਭਾਵੀ) ਦੀ ਇੱਕ ਨੋਟੀਫਿਕੇਸ਼ਨ ਰਾਹੀਂ, ਚੰਡੀਗੜ੍ਹ ਪ੍ਰਸ਼ਾਸਨ ਪੈਨਸ਼ਨ ਨਿਯਮਾਂ, 1999 ਦੇ ਤਹਿਤ ਤੇਜ਼ਾਬੀ ਹਮਲੇ ਦੇ ਪੀੜਤਾਂ ਨੂੰ ਪ੍ਰਤੀ ਮਹੀਨਾ ਰੁਪਏ 10,000 ਦੀ ਵਿੱਤੀ ਸਹਾਇਤਾ ਵੀ ਪ੍ਰਦਾਨ ਕੀਤੀ ਹੈ। ਯੋਜਨਾ ਦੀ ਪ੍ਰਭਾਵਸ਼ੀਲਤਾ ਦਾ ਪ੍ਰਦਰਸ਼ਨ ਕਰਦੇ ਹੋਏ, ਸਟੇਟ ਲੀਗਲ ਸਰਵਿਸਿਜ਼ ਅਥਾਰਟੀ, ਯੂਟੀ ਚੰਡੀਗੜ੍ਹ ਨੇ ਪਿਛਲੇ ਪੰਜ ਸਾਲਾਂ ਵਿੱਚ ਪੀੜਤਾਂ ਦੀਆਂ ਵੱਖ-ਵੱਖ ਸ਼੍ਰੇਣੀਆਂ ਨੂੰ ਰੁਪਏ 5.56 ਕਰੋੜ ਦਾ ਮੁਆਵਜ਼ਾ ਵੰਡਿਆ ਹੈ। ਵਿੱਤੀ ਸਾਲ 2025-26 ਦੌਰਾਨ, 16 ਪੀੜਤਾਂ ਨੂੰ ਰੁਪਏ 77.50 ਲੱਖ ਦੀ ਰਕਮ ਪ੍ਰਦਾਨ ਕੀਤੀ ਗਈ, ਜੋ ਪੀੜਤਾਂ ਦੇ ਪੁਨਰਵਾਸ ਅਤੇ ਨਿਆਂ ਤੱਕ ਪਹੁੰਚ ਪ੍ਰਤੀ ਅਥਾਰਟੀ ਦੀ ਨਿਰੰਤਰ ਵਚਨਬੱਧਤਾ ਨੂੰ ਦਰਸਾਉਂਦੀ ਹੈ। ਇਹ ਪਹਿਲਕਦਮੀ ਮਾਣਯੋਗ ਸ਼੍ਰੀ ਜਸਟਿਸ ਵਿਕਰਮ ਨਾਥ, ਜੱਜ, ਸੁਪਰੀਮ ਕੋਰਟ ਅਤੇ ਕਾਰਜਕਾਰੀ ਚੇਅਰਮੈਨ, ਰਾਸ਼ਟਰੀ ਕਾਨੂੰਨੀ ਸੇਵਾਵਾਂ ਅਥਾਰਟੀ , ਅਤੇ ਮਾਣਯੋਗ ਸ਼੍ਰੀ ਜਸਟਿਸ ਸ਼ੀਲ ਨਾਗੂ, ਮੁੱਖ ਜੱਜ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ਅਤੇ ਸਰਪ੍ਰਸਤ-ਇਨ-ਚੀਫ਼, SLSA, UT ਚੰਡੀਗੜ੍ਹ ਦੀ ਅਗਵਾਈ ਹੇਠ ਲਾਗੂ ਕੀਤੀ ਜਾ ਰਹੀ ਹੈ। SLSA, UT ਚੰਡੀਗੜ੍ਹ ਦੇ ਮੈਂਬਰ ਸਕੱਤਰ ਨੇ ਨਾਗਰਿਕਾਂ, ਸੰਸਥਾਵਾਂ, NGO, ਭਾਈਚਾਰਕ ਆਗੂਆਂ ਅਤੇ ਮੀਡੀਆ ਨੂੰ ਇਸ ਮਹੱਤਵਪੂਰਨ ਯੋਜਨਾ ਬਾਰੇ ਜਾਗਰੂਕਤਾ ਫੈਲਾਉਣ ਦੀ ਅਪੀਲ ਕੀਤੀ ਹੈ। ਬਹੁਤ ਸਾਰੇ ਯੋਗ ਪੀੜਤ ਅਤੇ ਉਨ੍ਹਾਂ ਦੇ ਪਰਿਵਾਰ ਅਜੇ ਵੀ ਆਪਣੇ ਅਧਿਕਾਰਾਂ ਤੋਂ ਅਣਜਾਣ ਹਨ। ਪੀੜਤ ਜਾਂ ਉਨ੍ਹਾਂ ਦੇ ਆਸ਼ਰਿਤ ਅਰਜ਼ੀ ਦੇਣ ਲਈ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਜਾਂ SLSA ਨਾਲ ਸੰਪਰਕ ਕਰ ਸਕਦੇ ਹਨ। ਸਮੇਂ ਸਿਰ ਦਖਲਅੰਦਾਜ਼ੀ ਤੁਰੰਤ ਰਾਹਤ, ਡਾਕਟਰੀ ਦੇਖਭਾਲ ਅਤੇ ਇੱਕ ਸਨਮਾਨਜਨਕ ਜੀਵਨ ਨੂੰ ਮੁੜ ਬਣਾਉਣ ਦੇ ਮੌਕੇ ਨੂੰ ਯਕੀਨੀ ਬਣਾ ਸਕਦੀ ਹੈ।

# ਬੌਬੀ ਚਮ ਦੀ ਅਗਵਾਈ ਹੇਠ ਵਪਾਰੀਆਂ ਦੀ ਸਹੂਲਤ ਲਈ ਲਗਾਇਆ 5ਵਾਂ ਕੈਂਪ

## ਕੰਵਰ ਇਕਬਾਲ ਸਿੰਘ ਤੇ ਹਰਜੀ ਮਾਨ ਦੀ ਹਾਜਰੀ 'ਚ ਪ੍ਰਸ਼ਾਸਨ ਨੇ ਸੁਣੀਆਂ ਮੁਸ਼ਕਲਾਂ

**ਫਗਵਾੜਾ, 31 ਮਾਰਚ (ਐੱਸਐੱਸ ਲਾਡੀ)** : ਆਮ ਆਦਮੀ ਪਾਰਟੀ ਟਰੇਡਰਜ਼ ਵਿੰਗ ਫਗਵਾੜਾ ਦੇ ਚੇਅਰਮੈਨ ਬੌਬੀ ਚਮ ਵਲੋਂ ਸ਼ਹਿਰ ਦੇ ਵਪਾਰੀਆਂ ਅਤੇ ਕਾਰੋਬਾਰੀਆਂ ਦੀਆਂ ਸਮੱਸਿਆਵਾਂ ਦੇ ਢੁਕਵੇਂ ਹੱਲ ਦੇ ਮਨੋਰਥ ਨਾਲ ਲਗਾਏ ਜਾ ਰਹੇ ਕੈਂਪਾਂ ਦੀ ਲੜੀ ਤਹਿਤ ਪੰਜਵਾਂ ਕੈਂਪ ਜੇਸੀਟੀ ਮਿਲ ਦੇ ਨਜਦੀਕ ਜੀ.ਟੀ. ਰੋਡ ਫਗਵਾੜਾ ਵਿਖੇ ਲਗਾਇਆ ਗਿਆ। ਜਿਸ ਵਿੱਚ ਟਰੇਡ ਵਿੰਗ ਦੇ ਜਿਲ੍ਹਾ ਚੇਅਰਮੈਨ ਕੰਵਰ ਇਕਬਾਲ ਸਿੰਘ ਅਤੇ ਆਮ ਆਦਮੀ ਪਾਰਟੀ ਦੇ ਸੂਬਾ ਸਪੋਕਸ ਪਰਸਨ ਹਰਨੂਰ ਸਿੰਘ (ਹਰਜੀ) ਮਾਨ ਹਲਕਾ ਇੰਚਾਰਜ ਫਗਵਾੜਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਕੈਂਪ ਦੌਰਾਨ ਪੁਲਿਸ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ 'ਚ ਡੀ.ਐਸ.ਪੀ. ਭਾਰਤ ਭੂਸ਼ਣ, ਐਸ.ਡੀ.ਐਮ. ਰਣਦੀਪ ਸਿੰਘ ਹੀਰ ਤੇ ਹਰਦੀਪ ਸਿੰਘ ਐਕਸ.ਈ.ਐਨ. ਪਾਵਰਕਾਮ ਤੋਂ ਇਲਾਵਾ ਹਰਕਮਲ ਸਿੰਘ ਇੰਸਪੈਕਟਰ ਜੀ.ਐਸ.ਟੀ. ਵਿਭਾਗ ਅਤੇ ਸ਼ਿਵਜੀਤ ਸਿੰਘ ਇੰਸਪੈਕਟਰ ਫੂਡ ਸਪਲਾਈ ਵਿਭਾਗ ਨੇ ਵਪਾਰੀਆਂ ਦੀਆਂ ਮੁਸ਼ਕਿਲਾਂ ਸੁਣੀਆਂ। ਅਧਿਕਾਰੀਆਂ ਦੁਆਰਾ ਸਮੱਸਿਆਵਾਂ ਦਾ ਨਿਪਟਾਰਾ ਜਲਦੀ ਕਰਨ ਦਾ ਭਰੋਸਾ ਦਿੱਤਾ ਗਿਆ। ਜਿਲ੍ਹਾ ਚੇਅਰਮੈਨ ਕੰਵਰ ਇੰਕਬਾਲ ਸਿੰਘ ਅਤੇ ਹਲਕਾ ਇੰਚਾਰਜ ਹਰਜੀ ਮਾਨ ਨੇ ਬੌਬੀ ਚਮ ਵਲੋਂ ਕੀਤੇ ਜਾ ਰਹੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ। ਉਹਨਾਂ ਕਿਹਾ ਕਿ ਅਜਿਹੇ ਉਪਰਾਲੇ ਲੋੜਵੰਦ ਵਪਾਰੀਆਂ ਤੇ ਕਾਰੋਬਾਰੀਆਂ ਲਈ ਬਹੁਤ ਲਾਹੇਵੰਦ ਬਣਦੇ ਹਨ। ਕਿਉਂਕਿ ਇਸ ਨਾਲ ਵਪਾਰੀਆਂ ਦੇ ਕੀਮਤੀ ਸਮੇਂ ਦੀ ਕਾਫੀ ਬਚਤ ਵੀ ਹੁੰਦੀ ਹੈ। ਜਿਸਦੇ ਲਈ ਚੇਅਰਮੈਨ ਬੌਬੀ ਚਮ ਅਤੇ ਉਹਨਾਂ ਦੀ ਟੀਮ ਵਧਾਈ ਦੀ ਪਾਤਰ ਹੈ। ਬੌਬੀ ਚਮ ਨੇ ਜਿੱਥੇ ਮਹਿਮਾਨਾਂ, ਪਤਵੰਤਿਆਂ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਦਾ ਪਹੁੰਚਣ ਲਈ ਤਹਿ ਦਿਲੋਂ ਧੰਨਵਾਦ ਕੀਤਾ। ਉਥੇ ਹੀ ਵਪਾਰੀਆਂ ਨੂੰ ਭਰੋਸਾ ਦਿੱਤਾ ਕਿ ਹਰੇਕ ਮੁਸ਼ਕਿਲ ਦਾ ਸੋਖਾ ਤੇ ਉਚਿਤ ਹਲ ਕਰਵਾਉਣ ਦਾ ਹਰ ਸੰਭਵ ਉਪਰਾਲਾ ਕੀਤਾ ਜਾਵੇਗਾ। ਉਹਨਾਂ ਕਿਹਾ ਕਿ ਵਪਾਰੀਆਂ ਦਾ ਪੰਜਾਬ ਦੀ ਆਰਥਕਤਾ ਨੂੰ ਮਜਬੂਤ ਕਰਨ ਵਿੱਚ ਵੱਡਾ ਯੋਗਦਾਨ ਹੈ। ਉਹਨਾਂ ਭਰੋਸਾ ਦਿੱਤਾ ਕਿ ਵਪਾਰੀਆਂ ਨਾਲ ਪ੍ਰਸ਼ਾਸਨਿਕ ਮਿਲਣੀ ਦੇ ਉਪਰਾਲੇ ਅੱਗੇ ਵੀ ਲਗਾਤਾਰ ਜਾਰੀ ਰਹਿਣਗੇ। ਇਸ ਮੌਕੇ ਵਿਸ਼ਾਲ ਕੁਮਾਰ ਮੋਹਨ ਸਵੀਟਸ, ਰਵਿੰਦਰ ਸਿੰਘ ਸ਼ੇਰਗਿਲ, ਮਦਨ ਲਾਲ, ਲਖਬੀਰ ਲਾਲ, ਰਾਕੇਸ਼ ਓਹਰੀ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਵਪਾਰੀ ਹਾਜਰ ਸਨ।



ਫਗਵਾੜਾ ਦੇ ਜੀਟੀ ਰੋਡ ਵਿਖੇ ਲਗਾਏ ਕੈਂਪ ਦੌਰਾਨ ਸੰਬੋਧਨ ਕਰਦੇ ਹੋਏ ਹਰਜੀ ਮਾਨ, ਬੌਬੀ ਚਮ ਅਤੇ ਮੰਚ ਤੇ ਵਿਰਾਜਮਾਨ ਕੰਵਰ ਇਕਬਾਲ ਸਿੰਘ ਤੇ ਹੋਰ ਪਤਵੰਤੇ।

# ਚਰਨਜੀਤ ਸਿੰਘ ਬਾਸੀ ਮੈਮੋਰੀਅਲ ਟਰੱਸਟ ਨੇ ਮਾਂ ਅੰਬੇ ਗਰਲਜ਼ ਸਕੂਲ ਦੀਆਂ 25 ਹੋਣਹਾਰ ਵਿਦਿਆਰਥਣਾਂ ਨੂੰ ਵੰਡੇ ਵਜ਼ੀਫ਼ੇ

## ਵਿਦਿਆ ਰੂਪੀ ਖਜ਼ਾਨਾ ਕਦੇ ਖ਼ਤਮ ਨਹੀਂ ਹੁੰਦਾ : ਕੇ.ਕੇ.ਸਰਦਾਨਾ

**ਫਗਵਾੜਾ, 31 ਮਾਰਚ (ਹਰਮੇਸ਼ ਸਰੋਆ )** ਸਿੱਖਿਆ ਦੇ ਪ੍ਰਸਾਰ ਅਤੇ ਹੋਣਹਾਰ ਵਿਦਿਆਰਥਣਾਂ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਚਰਨਜੀਤ ਸਿੰਘ ਬਾਸੀ ਮੈਮੋਰੀਅਲ ਟਰੱਸਟ ਵੱਲੋਂ ਮਾਂ ਅੰਬੇ ਗਰਲਜ਼ ਸੀਨੀਅਰ ਸੈਕੈਂਡਰੀ ਸਕੂਲ ਭਾਣੋਕੀ (ਫਗਵਾੜਾ) ਵਿਖੇ ਵਿਸ਼ੇਸ਼ ਸਨਮਾਨ ਸਮਾਗਮ ਕਰਵਾਇਆ ਗਿਆ। ਜਿਸ ਵਿੱਚ ਸਕੂਲ ਪ੍ਰਬੰਧਕ ਕਮੇਟੀ ਦੇ ਸਰਪ੍ਰਸਤ ਕੇ. ਕੇ. ਸਰਦਾਨਾ ਐਮ.ਡੀ. ਸੁਖਜੀਤ ਸਟਾਰਚ ਐਂਡ ਕੈਮਿਕਲਜ਼ ਲਿ. ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ। ਇਸ ਦੌਰਾਨ ਪੜ੍ਹਾਈ ਵਿੱਚ ਅੱਵਲ ਰਹਿਣ ਵਾਲੀਆਂ 25 ਵਿਦਿਆਰਥਣਾਂ ਨੂੰ ਦੋ-ਦੋ ਹਜ਼ਾਰ ਰੁਪਏ ਦੀ ਵਜੀਫਾ ਰਾਸ਼ੀ ਦੇ ਚੈੱਕ ਭੇਂਟ ਕੀਤੇ ਗਏ। ਵਿਦਿਆਰਥਣਾਂ ਨੂੰ ਚੈੱਕ ਭੇਂਟ ਕਰਦਿਆਂ ਸ਼ ?ਗੀ ਕੇ.ਕੇ. ਸਰਦਾਨਾ ਨੇ ਭਵਿੱਖ ਵਿੱਚ ਹੋਰ ਮਿਹਨਤ ਕਰਨ ਲਈ ਪ੍ਰੇਰਿਆ ਅਤੇ ਕਿਹਾ ਕਿ ਪੜ੍ਹਾਈ ਅਜਿਹਾ ਖਜਾਨਾ ਹੈ, ਜੋ ਕਦੇ ਵੀ ਖਤਮ ਨਹੀਂ ਹੁੰਦਾ ਬਲਕਿ ਵੰਡਣ ਦੇ ਨਾਲ ਹੋਰ ਵੱਧਦਾ ਹੈ। ਸਕੂਲ ਦੇ ਸਕੱਤਰ ਅਵਤਾਰ ਸਿੰਘ ਅਤੇ ਮਲਕੀਤ ਸਿੰਘ ਰਘਬੋਤਰਾ ਨੇ ਵਿਦਿਆਰਥਣਾਂ ਦੇ ਸੁਨਹਿਰੀ ਭਵਿੱਖ ਦੀ ਕਾਮਨਾ ਕਰਦਿਆਂ ਟਰੱਸਟ ਦੇ ਉਪਰਾਲੇ ਦੀ ਸ਼ਲਾਘਾ ਕੀਤੀ। ਉਹਨਾਂ ਕਿਹਾ ਕਿ ਅਜਿਹੀ ਉਪਰਾਲੇ ਵਿਦਿਆਰਥੀਆਂ ਵਿੱਚ ਮੁਕਾਬਲੇ ਦੀ ਭਾਵਨਾ ਅਤੇ ਉੱਚਾ ਮੁਕਾਮ ਹਾਸਲ ਕਰਨ ਦੀ ਲਗਨ ਪੈਦਾ ਕਰਦੇ ਹਨ। ਸਕੂਲ ਪ੍ਰਿੰਸੀਪਲ ਕੁਲਵਿੰਦਰ ਕੌਰ ਪਰਮਾਰ ਨੇ ਪਤਵੰਤਿਆਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਇਹ ਹੌਸਲਾ ਅਫਜਾਈ ਵਿਦਿਆਰਥਣਾਂ ਨੂੰ ਅੱਗੇ ਵਧਣ ਲਈ ਨਵੀਂ ਉਰਜਾ ਦੇਵੇਗੀ। ਉਨ੍ਹਾਂ ਨੇ ਸਕੂਲ ਦੇ ਸਰਪ੍ਰਸਤ ਕੇ. ਕੇ. ਸਰਦਾਨਾ ਅਤੇ ਚਰਨਜੀਤ ਸਿੰਘ ਬਾਸੀ ਮੈਮੋਰੀਅਲ ਟਰੱਸਟ ਦਾ ਵੀ ਤਹਿ ਦਿਲੋਂ ਧੰਨਵਾਦ ਕਰਦਿਆਂ ਆਸ ਪ੍ਰਗਟਾਈ ਕਿ ਅੱਗੇ ਵੀ ਇਸ ਤਰ੍ਹਾਂ ਦੀਆਂ ਪ੍ਰੇਰਕ ਪਹਿਲਾਂ ਜਾਰੀ ਰਹਿਣਗੀਆਂ। ਇਸ ਮੌਕੇ ਸਮੂਹ ਸਕੂਲ ਸਟਾਫ ਅਤੇ ਵਿਦਿਆਰਥਣਾਂ ਹਾਜਰ ਸਨ।


ਮਾਂ ਅੰਬੇ ਗਰਲਜ਼ ਸਕੂਲ ਦੀਆਂ ਵਿਦਿਆਰਥਣਾਂ ਨੂੰ ਵਜੀਫਾ ਰਾਸ਼ੀ ਭੇਂਟ ਕਰਦੇ ਹੋਏ ਸਕੂਲ ਸਰਪ੍ਰਸਤ ਕੇ.ਕੇ. ਸਰਦਾਨਾ ਦੇ ਨਾਲ ਹੋਰ ਪਤਵੰਤੇ।

## ਸੰਖੇਪ ਖਬਰਾਂ

### ਅੰਮ੍ਰਿਤਸਰ ਏਅਰਪੋਰਟ 'ਚ ਪਹਿਲੀ ਅਪ੍ਰੈਲ ਤੋਂ ਬਦਲੇਗਾ ਉਡਾਣਾਂ ਦਾ ਸ਼ਡਿਊਲ



**ਅੰਮ੍ਰਿਤਸਰ, 31 ਮਾਰਚ (ਜਨ ਜਾਗਰਣ ਰਿਪੋਰਟਰ)** : ਭਾਰਤੀ ਹਵਾਈ ਅੱਡਾ ਅਥਾਰਟੀ (119) ਨੇ ਸ੍ਰੀ ਗੁਰੂ ਰਾਮਦਾਸ ਜੀ ਕੌਮਾਂਤਰੀ ਹਵਾਈ ਅੱਡੇ 'ਤੇ ਰਨਵੇਅ ਅਤੇ ਹੋਰ ਬੁਨਿਆਦੀ ਢਾਂਚੇ ਦੇ ਕੰਮਾਂ ਕਾਰਨ ਗਰਮੀਆਂ ਦੇ ਸੀਜ਼ਨ ਲਈ ਉਡਾਣਾਂ ਦੇ ਸਮੇਂ ਵਿੱਚ ਆਰਜ਼ੀ ਤਬਦੀਲੀ ਦਾ ਐਲਾਨ ਕੀਤਾ ਹੈ। ਏਅਰਪੋਰਟ ਅਥਾਰਟੀ ਵੱਲੋਂ ਜਾਰੀ ਕੀਤੇ ਗਏ ਨੋਟਿਸ ਅਨੁਸਾਰ, 1 ਅਪਰੈਲ ਤੋਂ 27 ਸਤੰਬਰ 2026 ਤੱਕ ਰਨਵੇਅ ਦੇ ਨਵੀਨੀਕਰਨ ਦਾ ਕੰਮ ਚੱਲੇਗਾ। ਨਵੇਂ ਸ਼ਡਿਊਲ ਮੁਤਾਬਕ, ਹਵਾਈ ਅੱਡੇ ਦਾ ਰਨਵੇਅ ਰੋਜ਼ਾਨਾ ਦੁਪਹਿਰ 1:45 ਵਜੇ ਤੋਂ ਰਾਤ 9:45 ਵਜੇ ਤੱਕ ਉਡਾਣਾਂ ਲਈ ਬੰਦ ਰਹੇਗਾ। ਇਸ 8 ਘੰਟੇ ਦੇ ਵਕਫ਼ੇ ਦੌਰਾਨ ਕੋਈ ਵੀ ਉਡਾਣ ਨਾ ਤਾਂ ਉਤਰ ਸਕੇਗੀ ਅਤੇ ਨਾ ਹੀ ਉਡਾਣ ਭਰ ਸਕੇਗੀ। ਸਾਰੀਆਂ ਏਅਰਲਾਈਨਾਂ ਨੇ ਇਸ ਨੋਟਿਸ ਦੇ ਮੁਤਾਬਕ ਆਪਣੇ ਸਮੇਂ ਵਿੱਚ ਬਦਲਾਅ ਕਰ ਲਿਆ ਹੈ। ਰਾਤ 9:45 ਵਜੇ ਤੋਂ ਬਾਅਦ ਰਨਵੇਅ ਨੂੰ ਦੁਬਾਰਾ ਸੰਚਾਲਨ ਲਈ ਖੋਲ੍ਹ ਦਿੱਤਾ ਜਾਵੇਗਾ। ਹਵਾਈ ਅੱਡੇ ਦੇ ਡਾਇਰੈਕਟਰ ਭੁਪਿੰਦਰ ਸਿੰਘ ਨੇ ਦੱਸਿਆ ਕਿ 3,658 ਮੀਟਰ ਲੰਬੇ ਰਨਵੇਅ ਦੀ ਮੁਰੰਮਤ ਬੇਹੱਦ ਜ਼ਰੂਰੀ ਹੈ ਤਾਂ ਜੋ ਵੱਡੇ ਜਹਾਜ਼ਾਂ ਦੀ ਸੁਰੱਖਿਅਤ ਆਵਾਜਾਈ ਯਕੀਨੀ ਬਣਾਈ ਜਾ ਸਕੇ। ਇਸ ਤੋਂ ਇਲਾਵਾ ਹੇਠ ਲਿਖੇ ਸੁਧਾਰ ਕੀਤੇ ਜਾਣਗੇ: ਰਨਵੇਅ ਸੁਰੱਖਿਆ ਖੇਤਰ ਕੌਮਾਂਤਰੀ ਨਿਯਮਾਂ ਅਨੁਸਾਰ ਰਨਵੇਅ ਦੇ ਦੋਵੇਂ ਸਿਰਿਆਂ 'ਤੇ ਸੁਰੱਖਿਆ ਖੇਤਰ ਨੂੰ ਅੱਪਗਰੇਡ ਕੀਤਾ ਜਾਵੇਗਾ ਐਲਈਡੀ ਲਾਈਟਿੰਗ: ਹਵਾਈ ਅੱਡੇ ਦੀਆਂ 2,000 ਤੋਂ ਵੱਧ ਪੁਰਾਣੀਆਂ ਲਾਈਟਾਂ ਨੂੰ ਹਟਾ ਕੇ ਨਵੀਆਂ ਊਰਜਾ-ਕੁਸ਼ਲ ਐਲਈਡੀ ਲਾਈਟਾਂ ਲਗਾਈਆਂ ਜਾਣਗੀਆਂ। ਇਹ 'ਕੈਟਾਗਰੀ-3' (31"-999) ਸਿਸਟਮ ਨੂੰ ਮਜ਼ਬੂਤ ਕਰਨਗੀਆਂ, ਜਿਸ ਨਾਲ ਸੰਘਣੀ ਧੁੰਦ ਵਿੱਚ ਵੀ ਜਹਾਜ਼ ਆਸਾਨੀ ਨਾਲ ਉਤਰ ਸਕਣਗੇ। ਇੱਕ ਨਵਾਂ 'ਇੰਟੀਗ੍ਰੇਟਿਡ ਲਾਈਟਿੰਗ ਕੰਟਰੋਲ ਐਂਡ ਮਾਨੀਟਰਿੰਗ ਸਿਸਟਮ' ਸਥਾਪਤ ਕੀਤਾ ਜਾਵੇਗਾ। ਇਸ ਨਾਲ ਕੰਟਰੋਲ ਰੂਮ ਤੋਂ ਲਾਈਟਾਂ ਦੀ ਨਿਗਰਾਨੀ ਹੋ ਸਕੇਗੀ ਅਤੇ ਕਿਸੇ ਵੀ ਨੁਕਸ ਦਾ ਤੁਰੰਤ ਪਤਾ ਲੱਗ ਸਕੇਗਾ, ਜਿਸ ਨਾਲ ਸਮੇਂ ਦੀ ਬਚਤ ਹੋਵੇਗੀ।

### ਪੰਜਵੀਂ ਜਮਾਤ ਦੇ ਸਰਟੀਫਿਕੇਟਾਂ 'ਚ ਜਨਮ ਮਿਤੀ ਗਾਇਬ ਹੋਣ ਕਾਰਨ ਮਾਪੇ ਪ੍ਰੇਸ਼ਾਨ

**ਲੁਧਿਆਣਾ, 31 ਮਾਰਚ (ਜਨ ਜਾਗਰਣ ਰਿਪੋਰਟਰ)** : ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਪੰਜਵੀਂ ਜਮਾਤ ਦੇ ਨਤੀਜੇ ਐਲਾਨੇ ਜਾਣ ਤੋਂ ਬਾਅਦ ਇੱਕ ਵੱਡੀ ਸਮੱਸਿਆ ਸਾਹਮਣੇ ਆਈ ਹੈ। ਸਕੂਲਾਂ ਨੂੰ ਮਿਲੇ ਸਰਟੀਫਿਕੇਟਾਂ ਵਿੱਚ ਵਿਦਿਆਰਥੀਆਂ ਦੀ ਜਨਮ ਮਿਤੀ ਦਰਜ ਨਹੀਂ ਕੀਤੀ ਗਈ ਹੈ। ਹਾਲਾਂਕਿ ਇਨ੍ਹਾਂ ਸਰਟੀਫਿਕੇਟਾਂ 'ਤੇ ਮਾਪਿਆਂ ਦੇ ਨਾਮ ਤਾਂ ਲਿਖੇ ਹੋਏ ਹਨ ਪਰ ਜਨਮ ਮਿਤੀ ਵਰਗੀ ਜ਼ਰੂਰੀ ਜਾਣਕਾਰੀ ਨਾ ਹੋਣ ਕਾਰਨ ਵਿਦਿਆਰਥੀਆਂ ਨੂੰ ਅਗਲੀ ਜਮਾਤ ਵਿੱਚ ਦਾਖਲਾ ਲੈਣ ਲਈ ਦਿੱਕਤਾਂ ਆ ਰਹੀਆਂ ਹਨ। ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਦੇ ਮੁਖੀਆਂ ਦਾ ਕਹਿਣਾ ਹੈ ਕਿ ਮਾਪੇ ਆਪਣੇ ਬੱਚਿਆਂ ਦੇ ਸਰਟੀਫਿਕੇਟ ਮੰਗ ਰਹੇ ਹਨ ਪਰ ਜਨਮ ਮਿਤੀ ਤੋਂ ਬਿਨਾਂ ਇਹ ਦਸਤਾਵੇਜ਼ ਅਧੂਰੇ ਹਨ। ਅਧਿਆਪਕਾਂ ਅਨੁਸਾਰ ਜੇਕਰ ਕੋਈ ਵਿਦਿਆਰਥੀ ਸਕੂਲ ਬਦਲਦਾ ਹੈ ਜਾਂ ਕਿਸੇ ਹੋਰ ਸੰਸਥਾ ਵਿੱਚ ਦਾਖਲਾ ਲੈਣਾ ਚਾਹੁੰਦਾ ਹੈ ਤਾਂ ਉੱਥੇ ਉਮਰ ਦੇ ਸਬੂਤ ਵਜੋਂ ਜਨਮ ਮਿਤੀ ਵਾਲਾ ਸਰਟੀਫਿਕੇਟ ਹੋਣਾ ਲਾਜ਼ਮੀ ਹੁੰਦਾ ਹੈ। ਇਸ ਕਾਰਨ ਸਕੂਲ ਸਟਾਫ਼ ਅਤੇ ਮਾਪਿਆਂ ਵਿੱਚ ਭੰਬਲਭੂਸਾ ਬਣਿਆ ਹੋਇਆ ਹੈ। ਅਧਿਆਪਕਾਂ ਨੇ ਦੱਸਿਆ ਕਿ ਪਹਿਲਾਂ ਸਕੂਲਾਂ ਨੂੰ 'ਹੋਲਿਸਟਿਕ ਕਾਰਡ' ਦੀਆਂ ਹਾਰਡ ਕਾਪੀਆਂ ਦਿੱਤੀਆਂ ਗਈਆਂ ਸਨ ਜਿਨ੍ਹਾਂ ਵਿੱਚ ਸਾਰੀ ਜਾਣਕਾਰੀ ਅਤੇ ਜਨਮ ਮਿਤੀ ਸਹੀ ਸੀ ਪਰ ਜੋ ਅਧਿਕਾਰਤ ਸਰਟੀਫਿਕੇਟ ਈ-ਪੰਜਾਬ ਪੋਰਟਲ ਤੋਂ ਡਾਊਨਲੋਡ ਕੀਤੇ ਜਾ ਰਹੇ ਹਨ, ਸਿਰਫ ਉਨ੍ਹਾਂ ਵਿੱਚ ਹੀ ਇਹ ਗਲਤੀ ਹੈ। ਕਿਉਂਕਿ ਪੋਰਟਲ ਵਾਲੇ ਸਰਟੀਫਿਕੇਟਾਂ 'ਤੇ ਹੀ ਅਧਿਕਾਰਤ ਮੋਹਰ ਲੱਗੀ ਹੁੰਦੀ ਹੈ, ਇਸ ਲਈ ਸਿਰਫ ਉਹੀ ਅਸਲੀ ਦਸਤਾਵੇਜ਼ ਮੰਨੇ ਜਾਂਦੇ ਹਨ।

# ਲੋੜਵੰਦਾਂ ਅਤੇ ਗਰੀਬਾਂ ਨੂੰ ਬਿਹਤਰ ਸਿਹਤ ਸਹੂਲਤਾਂ ਪਹੁੰਚਾਉਣਾ ਟਰੱਸਟ ਦਾ ਉਦੇਸ਼ : ਪ੍ਰਦੀਪ ਧੀਮਾਨ

## ਸ਼੍ਰੀ ਵਿਸ਼ਵਕਰਮਾ ਚੈਰੀਟੇਬਲ ਹਸਪਤਾਲ ਟਰੱਸਟ ਦੀ ਹੋਈ ਮੀਟਿੰਗ

- ਭਗਵਾਨ ਮਹਾਂਵੀਰ ਜਯੰਤੀ ਦੀਆਂ ਦਿਤੀਆਂ ਸ਼ੁੱਭ ਇੱਛਾਵਾਂ

**ਫਗਵਾੜਾ, 31 ਮਾਰਚ (ਹਰਮੇਸ਼ ਸਰੋਆ)** : ਸ਼੍ਰੀ ਵਿਸ਼ਵਕਰਮਾ ਚੈਰੀਟੇਬਲ ਹਸਪਤਾਲ ਟਰੱਸਟ ਦੀ ਇੱਕ ਮਹੱਤਵਪੂਰਨ ਮੀਟਿੰਗ ਟਰੱਸਟ ਦੇ ਪ੍ਰਧਾਨ ਪ੍ਰਦੀਪ ਧੀਮਾਨ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਟਰੱਸਟ ਦੇ ਮੈਂਬਰਾਂ ਅਤੇ ਹਸਪਤਾਲ ਦੇ ਮੈਡੀਕਲ ਸਟਾਫ ਨੇ ਹਿੱਸਾ ਲਿਆ। ਮੀਟਿੰਗ ਦੌਰਾਨ ਟਰੱਸਟ ਦੁਆਰਾ ਕੀਤੀਆਂ ਜਾ ਰਹੀਆਂ ਸਮਾਜਿਕ ਅਤੇ ਸਿਹਤ ਸੇਵਾਵਾਂ ਸਬੰਧੀ ਗਤੀਵਿਧੀਆਂ ਅਤੇ ਹਸਪਤਾਲ ਦੇ ਕੰਮਕਾਜ ਦੀ ਸਮੀਖਿਆ ਦੇ ਨਾਲ ਭਵਿੱਖ ਦੀਆਂ ਯੋਜਨਾਵਾਂ 'ਤੇ ਵਿਸਥਾਰ ਨਾਲ ਚਰਚਾ ਕੀਤੀ ਗਈ। ਮੀਟਿੰਗ ਦੀ ਪ੍ਰਧਾਨਗੀ ਕਰਦੇ ਹੋਏ ਪ੍ਰਧਾਨ ਪ੍ਰਦੀਪ ਧੀਮਾਨ ਨੇ ਸਮੂਹ ਹਾਜਰੀਨ ਨੂੰ ਭਗਵਾਨ ਮਹਾਵੀਰ ਜਯੰਤੀ ਦੀਆਂ ਸ਼ੁੱਭ ਇੱਛਾਵਾਂ ਦਿੱਤੀਆਂ। ਉਨ੍ਹਾਂ ਕਿਹਾ ਕਿ ਭਗਵਾਨ ਮਹਾਵੀਰ ਦੁਆਰਾ ਦਰਸਾਏ ਗਏ ਸੱਚ, ਅਹਿੰਸਾ ਅਤੇ ਸੇਵਾ ਦੇ ਮਾਰਗ 'ਤੇ ਚੱਲਣਾ ਸਮਾਜ ਦੀ ਸੱਚੀ ਸੇਵਾ ਹੈ। ਇਸ ਤੋਂ ਪ੍ਰੇਰਣਾ ਲੈਂਦੇ ਹੋਏ ਟਰੱਸਟ ਦਾ ਉਦੇਸ਼ ਵੀ ਲੋੜਵੰਦਾਂ ਅਤੇ ਗਰੀਬਾਂ ਨੂੰ ਬਿਹਤਰ ਸਿਹਤ ਸਹੂਲਤਾਂ ਪ੍ਰਦਾਨ ਕਰਨਾ ਹੈ, ਅਤੇ ਇਸ ਦਿਸ਼ਾ ਵਿੱਚ ਨਿਰੰਤਰ ਯਤਨ ਜਾਰੀ ਰਹਿਣਗੇ। ਮੀਟਿੰਗ ਦੌਰਾਨ ਹਸਪਤਾਲ ਸੇਵਾਵਾਂ ਨੂੰ ਹੋਰ ਬਿਹਤਰ ਬਣਾਉਣ, ਲੋੜਵੰਦ ਮਰੀਜ਼ਾਂ ਨੂੰ ਰਾਹਤ ਪ੍ਰਦਾਨ ਕਰਨ ਅਤੇ ਭਵਿੱਖ ਵਿੱਚ ਸਮਾਜ ਭਲਾਈ ਲਈ ਨਵੇਂ ਪ੍ਰੋਜੈਕਟ ਸ਼ੁਰੂ ਕਰਨ ਬਾਰੇ ਵੀ ਵਿਚਾਰ-ਵਟਾਂਦਰਾ ਕੀਤਾ ਗਿਆ। ਮੈਂਬਰਾਂ ਨੇ ਟਰੱਸਟ ਦੀਆਂ ਗਤੀਵਿਧੀਆਂ ਨੂੰ ਹੋਰ ਵਿਸ਼ਾਲ ਪੱਧਰ 'ਤੇ ਵਧਾਉਣ ਦਾ ਸੰਕਲਪ ਲਿਆ ਅਤੇ ਸਮਾਜ ਸੇਵਾ ਦੇ ਕੰਮਾਂ ਵਿੱਚ ਰਲ-ਮਿਲ ਕੇ ਯੋਗਦਾਨ ਪਾਉਣ ਦਾ ਭਰੋਸਾ ਦਿੱਤਾ। ਅਖੀਰ ਵਿੱਚ ਭਗਵਾਨ ਮਹਾਂਵੀਰ ਜਯੰਤੀ ਦੇ ਸ਼ੁਭ ਮੌਕੇ 'ਤੇ, ਸਮੂਹ ਟਰੱਸਟ ਮੈਂਬਰਾਂ ਨੇ ਮਨੁੱਖਤਾ ਦੀ ਸੇਵਾ ਕਰਨ ਅਤੇ ਸਮਾਜ ਵਿੱਚ ਭਾਈਚਾਰਾ ਅਤੇ ਸਦਭਾਵਨਾ ਬਣਾਈ ਰੱਖਣ ਦਾ ਪ੍ਰਣ ਲਿਆ। ਇਸ ਦੌਰਾਨ ਹਸਪਤਾਲ ਦੇ ਮੈਡੀਕਲ ਸਟਾਫ ਨੂੰ ਉਨ੍ਹਾਂ ਦੀਆਂ ਸ਼ਾਨਦਾਰ ਸੇਵਾਵਾਂ ਲਈ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਜਸਪਾਲ ਸਿੰਘ ਲਾਲ, ਸੁਰਿੰਦਰ ਪਾਲ ਧੀਮਾਨ, ਗੁਰਨਾਮ ਸਿੰਘ ਜੂਤਲਾ, ਸੁਭਾਸ਼ ਧੀਮਾਨ, ਅਮੋਲਕ ਸਿੰਘ ਝੀਤਾ, ਰਾਜਿੰਦਰ ਸਿੰਘ ਰੂਪਰਾਏ, ਬਲਵਿੰਦਰ ਸਿੰਘ ਰਤਨ ਅਤੇ ਵਿਕਰਮ ਰੂਪਰਾਏ ਸਮੇਤ ਹੋਰ ਪਤਵੰਤੇ ਹਾਜ਼ਰ ਸਨ।


ਸ਼੍ਰੀ ਵਿਸ਼ਵਕਰਮਾ ਚੈਰੀਟੇਬਲ ਹਸਪਤਾਲ ਟਰੱਸਟ ਦੀ ਮੀਟਿੰਗ ਦੌਰਾਨ ਟਰੱਸਟ ਦੇ ਪ੍ਰਧਾਨ ਪ੍ਰਦੀਪ ਧੀਮਾਨ ਦੇ ਨਾਲ ਟਰੱਸਟ ਮੈਂਬਰ ਅਤੇ ਮੈਡੀਕਲ ਸਟਾਫ।

# ਬਾਬਾ ਸਾਹਿਬ ਡਾ. ਅੰਬੇਦਕਰ ਦੀ ਪ੍ਰਤਿਮਾ ਨੂੰ ਨੁਕਸਾਨ ਪਹੁੰਚਾਉਣ ਵਾਲਿਆਂ ਵਿਰੁਧ ਹੋਵੇ ਸਖ਼ਤ ਕਾਨੂੰਨੀ ਕਾਰਵਾਈ : ਸੋਮ ਪ੍ਰਕਾਸ਼



**ਫਗਵਾੜਾ, 31 ਮਾਰਚ (ਹਰਮੇਸ਼ ਸਰੋਆ)** : ਗੜ੍ਹਸ਼ੰਕਰ ਦੇ ਪਿੰਡ ਨੂਰਪੁਰ ਜੱਟਾਂ ਵਿਖੇ ਡਾ. ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਜੀ ਦੀ ਪ੍ਰਤਿਮਾ ਨੂੰ ਨੁਕਸਾਨ ਪਹੁੰਚਾਉਣ ਤੋਂ ਬਾਅਦ ਜਿੱਥੇ ਆਮ ਜਨਤਾ ਅਤੇ ਵੱਖ-ਵੱਖ ਦਲਿਤ ਸੰਗਠਨਾਂ ਵਿੱਚ ਭਾਰੀ ਰੋਸ ਦੇਖਿਆ ਗਿਆ ਓੱਥੇ ਹੀ ਭਾਰਤੀ ਜਨਤਾ ਪਾਰਟੀ ਵੱਲੋਂ ਵੀ ਇਸ ਘਟਨਾ ਦੀ ਸਖਤ ਸ਼ਬਦਾਂ ਵਿੱਚ ਨਿੰਦਿਆ ਕੀਤੀ ਗਈ। ਸਾਬਕਾ ਕੇਂਦਰੀ ਸੋਮ ਪ੍ਰਕਾਸ਼ ਨੇ ਸੰਬੋਧਨ ਕਰਦਿਆਂ ਕਿਹਾ ਕਿ ਬਾਬਾ ਸਾਹਿਬ ਦੀ ਪ੍ਰਤਿਮਾ ਦੀ ਬੇਅਦਬੀ ਸਮਾਜਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੀ ਕੋਸ਼ਿਸ਼ ਹੈ, ਜਿਸ ਨੂੰ ਕਿਸੇ ਵੀ ਹਾਲਤ ਵਿੱਚ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਕਾਨੂੰਨ ਅਤੇ ਨਿਆਂ ਵਿਵਸਥਾ ਵਿੱਚ ਪਹਿਲਾਂ ਹੀ ਫੇਲ ਪੰਜਾਬ ਦੀ ਆਮ ਆਦਮੀ ਸਰਕਾਰ ਨੂੰ ਸੋਮ ਪ੍ਰਕਾਸ਼ ਨੇ ਸਖਤ ਸ਼ਬਦਾਂ ਵਿੱਚ ਕਿਹਾ ਕਿ ਜੇਕਰ ਦੋਸ਼ੀਆਂ ਨੂੰ ਜਲਦ ਤੋਂ ਜਲਦ ਗ੍ਰਿਫਤਾਰ ਨਹੀਂ ਕੀਤਾ ਗਿਆ ਤਾਂ ਦੀ ਆਮ ਆਦਮੀ ਦੇ ਖਿਲਾਫ ਭਾਰਤੀ ਜਨਤਾ ਪਾਰਟੀ ਪੰਜਾਬ ਅਤੇ ਆਮ ਜਨਤਾ ਜ਼ਬਰਦਸਤ ਰੋਸ ਪ੍ਰਦਰਸ਼ਨ ਕਰੇਗੀ। ਇਸ ਮੌਕੇ ਉਨਾਂ ਦੇ ਨਾਲਂ ਪੰਜਾਬ ਪ੍ਰਧਾਨ ਐੱਸ.ਸੀ ਮੋਰਚਾ ਐਸ. ਆਰ ਲੱਧੜ, ਡਾ. ਦਿਲਬਾਗ ਰਾਏ ਸ਼ੀਤਲ ਅੰਗੁਰਾਲ, ਅਮਰ ਸਿੰਘ ਡਾਂਡੀਆਂ, ਮੰਡਲ ਪ੍ਰਧਾਨ ਸ਼ਹਿਰੀ ਨਰੇਸ਼ ਕੋਟਰਾਣੀ, ਮੰਡਲ ਪ੍ਰਧਾਨ ਮੌਲ਼ੀ ਰਮੇਸ਼ ਲਾਲ, ਚੰਦਰੇਸ਼ ਕੌਲ਼, ਕੌਂਸਲਰ ਬੀਰਾ ਰਾਮ ਅਤੇ ਸੂਬੇ ਦੀ ਭਾਜਪਾ ਲੀਡਰਸ਼ਿਪ ਵੀ ਹਾਜ਼ਰ ਸੀ।

# ਸਾਂਝ ਕੇਂਦਰ ਦਾ ਕਰਮਚਾਰੀ ਨਾਮ ਠੀਕ ਕਰਨ ਲਈ ਰਿਸ਼ਵਤ ਲੈਣ ਦੇ ਦੋਸ਼ 'ਚ ਗ੍ਰਿਫ਼ਤਾਰ

**ਰਾਏਕੋਟ, 31 ਮਾਰਚ (ਜਨ ਜਾਗਰਣ ਰਿਪੋਰਟਰ)** : ਮੁੱਲਾਂਪੁਰ ਦਾਖਾ ਦੇ ਸਾਂਝ ਕੇਂਦਰ ਵਿੱਚ ਤਾਇਨਾਤ ਪੰਜਾਬ ਪੁਲੀਸ ਦੇ ਇੱਕ ਕਾਂਸਟੇਬਲ ਵਿਰੁੱਧ ਦਾਖਾ ਪਿੰਡ ਦੀ ਇੱਕ ਔਰਤ, ਜਿਸ ਦੇ ਵੋਟਰ ਕਾਰਡ ਵਿੱਚ ਉਸ ਦਾ ਸਰਨੇਮ (ਗੋਤ) ਨਹੀਂ ਸੀ, ਦੀ ਪਾਸਪੋਰਟ ਵੈਰੀਫਿਕੇਸ਼ਨ ਕਲੀਅਰ ਕਰਨ ਲਈ ਕਥਿਤ ਤੌਰ 'ਤੇ 4,000 ਰੁਪਏ ਰਿਸ਼ਵਤ ਲੈਣ ਦੇ ਦੋਸ਼ ਵਿੱਚ ਭ੍ਰਿਸ਼ਟਾਚਾਰ ਰੋਕੂ ਐਕਟ ਦੀ ਧਾਰਾ 7 ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਕੇ ਐੱਨ ਐੱਸ ਕੰਗ ਵੱਲੋਂ ਪਾਰਟੀ ਦੇ ਕਾਰਕੁਨਾਂ ਅਤੇ ਸ਼ਿਕਾਇਤਕਰਤਾ ਜਗਤਾਰ ਸਿੰਘ ਸੇਖੋਂ ਵਾਸੀ ਦਾਖਾ ਦੀ ਮਦਦ ਨਾਲ ਲਾਏ ਗਏ ਜਾਲ (ਟਰੈਪ) ਦੀ ਸਫਲਤਾ ਤੋਂ ਬਾਅਦ ਇਹ ਐੱਫ ਆਈ ਆਰ ਦਰਜ ਕੀਤੀ ਗਈ। ਮੁਲਜ਼ਮ ਕਾਂਸਟੇਬਲ ਮਨਜਿੰਦਰ ਸਿੰਘ ਨੂੰ ਸੋਮਵਾਰ ਨੂੰ ਡੀ ਐੱਸ ਪੀ ਦਾਖਾ ਵਰਿੰਦਰ ਸਿੰਘ ਖੋਸਾ ਦੀ ਨਿਗਰਾਨੀ ਹੇਠ ਪੁਲਿਸ ਮੁਲਾਜ਼ਮਾਂ ਵੱਲੋਂ ਹਿਰਾਸਤ ਵਿੱਚ ਲਿਆ ਗਿਆ ਸੀ। ਐੱਫ ਆਈ ਆਰ ਦੀ ਪੜਤਾਲ ਤੋਂ ਪਤਾ ਲੱਗਾ ਹੈ ਕਿ ਸ਼ਿਕਾਇਤਕਰਤਾ ਦੀ ਪਤਨੀ ਕੁਲਦੀਪ ਕੌਰ ਸੇਖੋਂ ਨੇ ਪਾਸਪੋਰਟ ਦੇ ਨਵੀਨੀਕਰਨ (ਰੀਨਿਊਅਲ) ਲਈ ਅਪਲਾਈ ਕੀਤਾ ਸੀ ਅਤੇ ਉਸ ਦੀ ਫਾਈਲ ਪਿਛਲੇ ਕੁਝ ਦਿਨਾਂ ਤੋਂ ਸਾਂਝ ਕੇਂਦਰ ਦਾਖਾ ਵਿਖੇ ਵੈਰੀਫਿਕੇਸ਼ਨ ਲਈ ਪੈਂਡਿੰਗ ਸੀ। ਸ਼ਿਕਾਇਤਕਰਤਾ ਜਗਤਾਰ ਸਿੰਘ ਸੇਖੋਂ ਨੇ ਦੋਸ਼ ਲਾਇਆ ਕਿ ਮਨਜਿੰਦਰ ਸਿੰਘ ਨੇ ਵੈਰੀਫਿਕੇਸ਼ਨ ਕਲੀਅਰ ਕਰਨ ਲਈ 4,000 ਰੁਪਏ ਰਿਸ਼ਵਤ ਦੀ ਮੰਗ ਕੀਤੀ ਸੀ, ਜੋ ਕਿ ਇਸ ਲਈ ਰੋਕੀ ਗਈ ਸੀ ਕਿਉਂਕਿ ਬਿਨੈਕਾਰ ਦੇ ਵੋਟਰ ਕਾਰਡ 'ਤੇ ਉਸ ਦਾ ਸਰਨੇਮ ਨਹੀਂ ਸੀ ਸੇਖੋਂ ਨੇ ਦੱਸਿਆ, ÷ਮਨਜਿੰਦਰ ਸਿੰਘ ਵੱਲੋਂ ਕੀਤੀ ਗਈ ਮੰਗ ਤੋਂ ਬਾਅਦ ਅਸੀਂ 'ਆਪ' ਆਗੂ ਅਤੇ ਹਲਕਾ ਇੰਚਾਰਜ ਕੇ ਐੱਨ ਐੱਸ ਕੰਗ ਨਾਲ ਸੰਪਰਕ ਕੀਤਾ, ਜਿਨ੍ਹਾਂ ਨੇ ਸਾਨੂੰ 500 ਰੁਪਏ ਦੇ ਅੱਠ ਨੋਟ ਦੇਣ ਦੀ ਸਲਾਹ ਦਿੱਤੀ, ਜਿਨ੍ਹਾਂ ਦੀਆਂ ਫੋਟੋ ਕਾਪੀਆਂ ਰਿਕਾਰਡ ਵਿੱਚ ਰੱਖੀਆਂ ਗਈਆਂ ਸਨ।÷ ਉਨ੍ਹਾਂ ਅੱਗੇ ਕਿਹਾ ਕਿ 'ਆਪ' ਆਗੂਆਂ ਨੇ ਮਨਜਿੰਦਰ ਸਿੰਘ ਵੱਲੋਂ ਮੰਗ 'ਤੇ ਕਰੰਸੀ ਨੋਟ ਪੇਸ਼ ਕਰਨ ਅਤੇ ਰਿਕਾਰਡ ਵਿੱਚ ਰੱਖੀਆਂ ਕਾਪੀਆਂ ਨਾਲ ਮਿਲਾਨ ਕਰਨ ਦੀਆਂ ਵੀਡੀਓਜ਼ ਵੀ ਬਣਾਈਆਂ ਗਈਆਂ ਸਨ।


## ਉਤਰ ਰੇਲਵੇ

**ਸੈਕਿੰਡ ਸ਼ੁਧੀ ਪੱਤਰ**

**ਨਿਵਿਦਾ ਨੰਬਰ:** 266-2025-26-SrDEN-I-FZR, **ਤਾਰੀਕ:** 16.04.2026

**ਖੁਲ੍ਹੀ ਨਿਵਿਦਾ ਸੂਚਨਾ**

| | |
|---|---|
| ਕੰਮ ਦਾ ਨਾਮ ਅਤੇ ਸਥਾਨ | ਵੰਦੇ ਭਾਰਤ ਮਾਰਗ ਦੇ SNL-JRC-BPRS ਸੈਕਸ਼ਨ ਉਤੇ ਨਜਾਇਜ ਕਬਜੇ ਦੀ ਆਸ਼ੰਕਾ ਵਾਲੀਆਂ ਥਾਵਾਂ-ਚਹੇਰੂ, ਫਗਵਾੜਾ, ਫਿਲੌਰ, ਲਾਡੋਵਾਲ ਅਤੇ ਜਲੰਧਰ - ਵਿਚ R.C.C. ਬਾਊਂਡ੍ਰੀ ਵਾਲ ਦੀ ਉਸਾਰੀ |

ਉਪਰੋਕਤ ਦੇ ਸੰਧਰਭ ਵਿਚ ਨਿਵਿਦਾ ਵਿਚ ਸਮਾਨ ਨੇਚਰ ਦੇ ਕੰਮ ਨੂੰ ਪੂਰਵ ਵਿਚ **"ਟ੍ਰੈਕ ਕੰਮ ਨੂੰ ਛੱਡ ਕੇ ਕੋਈ ਵੀ ਸਿਵਿਲ ਕੰਮ"** ਦੇ ਰੂਪ ਵਿਚ ਪਰਿਭਾਸ਼ਿਤ ਕੀਤਾ ਗਿਆ ਸੀ। ਕੰਮ ਦੀ ਨੇਚਰ ਦੇ ਅਨੁਰੂਪ ਜਿਆਦਾ ਸਪਸ਼ਟਤਾ ਅਤੇ ਪ੍ਰਾਸੰਗਿਕਤਾ ਯਕੀਨੀ ਕਰਨ ਲਈ ਇਸ ਨੂੰ ਸੰਸ਼ੋਧਿਤ ਕਰਕੇ **"ਪ੍ਰੀਕਾਸਟ ਜਾਂ ਕਾਸਟ-ਇਨ-ਸਿਟੂ RCC/PSC ਕੰਮ ਜਾਂ RCC ਬਾਊਂਡਰੀ ਵਾਲ ਦੀ ਉਸਾਰੀ"** ਕੀਤਾ ਜਾਣਾ ਪ੍ਰਸਤਾਵਿਤ ਹੈ। ਇਹ ਸੈਕਿੰਡ ਸ਼ੁਧੀ ਪੱਤਰ ਵੈਬਸਾਈਟ www.ireps.gov.in 'ਤੇ ਵੀ ਉਪਲਬਧ ਹੈ। ਹੋਰ ਸਾਰੇ ਨਿਯਮ ਤੇ ਸ਼ਰਤਾਂ ਅਬਦਲ ਰਹਿਣਗੇ।

**ਸੈਕਿੰਡ ਸ਼ੁਧੀ ਪੱਤਰ ਨੰਬਰ:** 770-W/169/WA/FZR/2025-26 **ਤਾਰੀਕ:** 30.03.2026

1086/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



## ਉਤਰ ਰੇਲਵੇ

**ਪਹਿਲਾ ਸ਼ੁਧੀਪੱਤਰ**

**ਨਿਵਿਦਾ ਨੰਬਰ: 765-ਟੀ.ਆਰ.ਡੀ.-ਜੰਮੂ ਤਵੀ-2025-26 ਮਿਤੀ 20.04.2026 ਨੂੰ ਦੇਅ**

ਸੀਨੀਅਰ ਮੰਡਲ ਬਿਜਲੀ ਇੰਜੀਨੀਅਰ (ਟੀਆਰ), ਉਤਰ ਰੇਲਵੇ, ਜੰਮੂ ਤਵੀ ਨੇ ਉਪਰੋਕਤ ਨਿਵਿਦਾ ਮੰਗ ਕੀਤੀ ਹੈ। ਨਿਵਿਦਾ ਸੂਚਨਾ ਮਿਤੀ 29.03.2026 ਨੂੰ ਪ੍ਰਮੁੱਖ ਸਮਾਚਾਰ ਪੱਤਰਾਂ ਵਿਚ ਪ੍ਰਕਾਸ਼ਿਤ ਕੀਤੀ ਗਈ ਸੀ, ਜਿਸ ਨੂੰ ਮਿਤੀ 20.04.2026 ਨੂੰ ਖੋਹਲਿਆ ਜਾਣਾ ਸੀ। ਉਪਰੋਕਤ ਨਿਵਿਦਾ ਵਿਚ ਹੇਠਾਂ ਲਿਖਤ ਬਦਲਾਅ ਕੀਤੇ ਗਏ ਹਨ ਅਤੇ ਇਨ੍ਹਾਂ ਨੂੰ ਇਸ ਪ੍ਰਕਾਰ ਪੜ੍ਹਿਆ ਜਾ ਸਕਦਾ ਹੈ।

1) ਜਰੂਰੀ ਦਸਤਾਵੇਜ ਵਿਚ ਬਦਲਾਅ ਕੀਤਾ ਗਿਆ ਹੈ। ਪਿਛਲੇ ਜਰੂਰੀ ਦਸਤਾਵੇਜ ਹਟਾ ਦਿਤੇ ਗਏ ਹਨ। ਨਵੇਂ ਜਰੂਰੀ ਦਸਤਾਵੇਜ ਅਪਲੋਡ ਕਰ ਦਿਤੇ ਗਏ ਹਨ। ਜਰੂਰੀ ਦਸਤਾਵੇਜ ਵਿਚ ਅਨੁਲਗਨਕ-1 (ਪਹਿਲਾ ਪੇਜ) ਵਿਚ ਬਦਲਾਅ ਕੀਤਾ ਗਿਆ ਹੈ।

2) ਬਿਆਨਾ ਰਾਸ਼ੀ ਨੂੰ ਅਪ੍ਰੈਲ 2022 ਦੇ ਜੀਸੀਸੀ ਦੇ ਨਵੀਨਤਮ ਏਸੀਐਸ-11 ਦੇ ਅਨੁਸਾਰ ਅਪਲੋਡ ਕੀਤਾ ਗਿਆ ਹੈ।

3) ਪੁਰਾਣਾ ਨਿਵਿਦਾ ਫਾਰਮ (ਪਹਿਲਾ ਪੇਜ) - ਅਪ੍ਰੈਲ 2022 ਦੇ ਕੰਮਾਂ ਦੇ ਲਈ ਭਾਰਤੀਯ ਰੇਲਵੇ ਮਾਨਕ ਜੀਸੀਸੀ ਦੇ ਅਨੁਲਗਨਕ-1, ਭਾਗ-1 ਦੇ ਅਨੁਸਾਰ ਹਟਾ ਦਿਤਾ ਗਿਆ ਹੈ ਅਤੇ ਜਰੂਰੀ ਦਸਤਾਵੇਜ ਵਿਚ ਨਵਾਂ ਜੋੜਿਆ ਗਿਆ ਹੈ।

4) ਨਿਵਿਦਾ ਦਸਤਾਵੇਜ ਵਿਚ ਬਦਲਾਅ ਕੀਤਾ ਗਿਆ ਹੈ। ਪਿਛਲਾ ਨਿਵਿਦਾ ਦਸਤਾਵੇਜ 765-ਟੀ. ਆਰ.ਡੀ. - ਜੰਮੂ ਤਵੀ 2025-26 ਹਟਾ ਦਿਤਾ ਗਿਆ ਹੈ ਅਤੇ ਨਵਾਂ ਨਿਵਿਦਾ ਦਸਤਾਵੇਜ 765-ਟੀ. ਆਰ.ਡੀ. ਜੰਮੂ ਤਵੀ 2025-26 ਜੋੜਿਆ ਗਿਆ ਹੈ।

5) ਅਪ੍ਰੈਲ 2022 ਦੇ ਜੀਸੀਸੀ ਦੇ ਲਈ ਨਵਾਂ ਏਸੀਐਸ (ਅਗਾਊਂ ਸੁਧਾਰ ਪਰਚੀ) 11 ਜੋੜਿਆ ਗਿਆ ਹੈ। ਸਾਰੇ ਬਦਲਾਅ ਅਪ੍ਰੈਲ 2022 ਦੇ ਜੀਸੀਸੀ ਦੇ ਏਸੀਐਸ-11, ਮਿਤੀ-13.03.2026 ਦੇ ਕਾਰਨ ਕੀਤੇ ਗਏ ਹਨ।

ਹੋਰ ਨਿਯਮ ਅਤੇ ਸ਼ਰਤਾਂ ਅਬਦਲ ਰਹਿਣਗੇ। ਨੰ.: 765-ਟੀ.ਆਰ.ਡੀ.-ਜੰਮੂ ਤਵੀ-2025-26

Dated: 30—03—2026 1070/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


# ਦਯਾਵੰਤੀ ਫਾਊਂਡੇਸ਼ਨ ਨੇ ਸ਼ਿਵ ਮੰਦਿਰ ਪੱਕਾ ਬਾਗ 'ਚ ਲਗਾਇਆ ਮੁ਼ਫਤ ਆਯੂਰਵੈਦਿਕ ਕੈਂਪ

## ਮਲਕੀਅਤ ਸਿੰਘ ਰਗਬੋਤਰਾ ਨੇ ਉਪਰਾਲੇ ਦੀ ਕੀਤੀ ਸ਼ਲਾਘਾ

**ਫਗਵਾੜਾ, 31 ਮਾਰਚ (ਐੱਸਐੱਸ ਲਾਡੀ)** : ਦਯਾਵੰਤੀ ਆਯੂਕੇਅਰ ਚੈਰੀਟੇਬਲ ਡਿਸਪੈਂਸਰੀ, ਬੰਸੀ ਲਾਲ ਮਾਰਕੀਟ, ਬੰਗਾ ਰੋਡ, ਫਗਵਾੜਾ ਵਲੋਂ ਫਾਉਂਡੇਸ਼ਨ ਦੇ ਚੇਅਰਮੈਨ ਸਤੀਸ਼ ਕੁਮਾਰ ਬੱਤਰਾ (ਫਰੰਟੀਅਰ ਕਲੌਥ ਹਾਊਸ) ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਫਰੀ ਆਯੁਰਵੈਦਿਕ ਮੈਡੀਕਲ ਕੈਂਪ ਸ਼ਿਵ ਮੰਦਿਰ ਪੱਕਾ ਬਾਗ ਵਿਖੇ ਲਗਾਇਆ ਗਿਆ। ਫਾਊਂਡੇਸ਼ਨ ਦੇ ਪ੍ਰਬੰਧਕ ਪਰਮਜੀਤ ਸਿੰਘ ਚੱਗਰ ਦੀ ਅਗਵਾਈ ਹੇਠ ਲਗਾਏ ਇਸ ਲੜੀਵਾਰ ਕੈਂਪ ਦਾ ਉਦਘਾਟਨ ਬਲੱਡ ਬੈਂਕ ਗੁਰੂ ਹਰਗੋਬਿੰਦ ਨਗਰ ਫਗਵਾੜਾ ਦੇ ਪ੍ਰਧਾਨ ਮਲਕੀਅਤ ਸਿੰਘ ਰਗਬੋਤਰਾ ਵਲੋਂ ਆਪਣੇ ਕਰ ਕਮਲਾਂ ਦੇ ਨਾਲ ਕੀਤਾ ਗਿਆ। ਉਹਨਾਂ ਫਾਊਂਡੇਸ਼ਨ ਦੇ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਕਿਹਾ ਕਿ ਫਾਉਂਡੇਸ਼ਨ ਦੇ ਚੇਅਰਮੈਨ ਸਤੀਸ਼ ਬੱਤਰਾ ਵਧਾਈ ਦੇ ਪਾਤਰ ਹਨ ਜਿਹਨਾਂ ਵਲੋਂ ਕੀਤੇ ਜਾ ਰਹੇ ਇਸ ਉਪਰਾਲੇ ਸਦਕਾ ਹਾਜਾਰਾਂ ਲੋਕ ਆਯੁਰਵੈਦਿਕ ਇਲਾਜ ਪ੍ਰਣਾਲੀ ਰਾਹੀਂ ਬਿਮਾਰੀਆਂ ਦੇ ਫਰੀ ਇਲਾਜ ਦੀ ਸੁਵਿਧਾ ਪ੍ਰਾਪਤ ਕਰ ਰਹੇ ਹਨ। ਉਹਨਾਂ ਕਿਹਾ ਕਿ ਪਰਮਾਤਮਾ ਭਾਗਾਂ ਵਾਲਿਆਂ ਨੂੰ ਹੀ ਅਜਿਹੇ ਸੇਵਾ ਦੇ ਮੌਕੇ ਪ੍ਰਦਾਨ ਕਰਦਾ ਹੈ। ਕੈਂਪ ਦੌਰਾਨ ਡਾ. ਰੀਤੂ ਢੀਂਗਰਾ ਗਰੋਵਰ (ਬੀ.ਏ.ਐਮ.ਐਸ., ਡੀ ਫਾਰਮੈਸੀ) ਅਤੇ ਸਹਾਇਕ ਪਰਮਿੰਦਰ ਸਿੰਘ ਦੀ ਟੀਮ ਨੇ 59 ਲੋੜਵੰਦ ਮਰੀਜਾ ਦੀਆਂ ਵੱਖ-ਵੱਖ ਬਿਮਾਰੀਆਂ ਦੀ ਜਾਂਚ ਕਰਕੇ ਲੋੜ ਅਨੁਸਾਰ ਫਰੀ ਦਵਾਈਆਂ ਦਿੱਤੀਆਂ। ਲੋੜਵੰਦ ਮਰੀਜਾਂ ਨੂੰ ਇਕ ਹਫਤੇ ਦੀ ਫਰੀ ਦਵਾਈ ਦੇਣ ਦੇ ਨਾਲ ਲੋੜ ਮੁਤਾਬਕ ਵਾਧੂ ਦਵਾਈ ਬੰਗਾ ਰੋਡ ਸਥਿਤ ਡਿਸਪੈਂਸਰੀ ਤੋਂ ਪ੍ਰਾਪਤ ਕਰਨ ਦੀ ਹਦਾਇਤ ਕੀਤੀ ਗਈ। ਡਾ. ਰੀਤੂ ਨੇ ਹਾਜਰੀਨ ਨੂੰ ਦੱਸਿਆ ਕਿ ਹਜ਼ਾਰਾਂ ਸਾਲ ਪੁਰਾਣੀ ਆਯੁਰਵੈਦਿਕ ਇਲਾਜ ਪ੍ਰਣਾਲੀ ਨਾਲ ਬਿਮਾਰੀ ਨੂੰ ਜੜ੍ਹ ਤੋਂ ਖਤਮ ਕਕੀਤਾ ਜਾ ਸਕਦਾ ਹੈ। ਜੇਕਰ ਮਾਹਿਰ ਆਯੁਰਵੈਦ ਡਾਕਟਰ ਦੀ ਸਲਾਹ ਦੇ ਨਾਲ ਇਹਨਾਂ ਦਵਾਈਆਂ ਦਾ ਸੇਵਨ ਕੀਤਾ ਜਾਵੇ ਤਾਂ ਸਰੀਰ 'ਤੇ ਕੋਈ ਮਾੜਾ ਪ੍ਰਭਾਵ ਨਹੀਂ ਹੁੰਦਾ। ਆਯੁਰਵੈਦਿਕ ਦਵਾਈਆਂ ਇੱਕ ਸਿਹਤਮੰਦ ਵਿਅਕਤੀ ਦੁਆਰਾ ਵੀ ਵਰਤੀਆਂ ਜਾ ਸਕਦੀਆਂ ਹਨ ਕਿਉਂਕਿ ਇਹ ਸਾਡੀ ਆਧੁਨਿਕ ਜੀਵਨ ਸ਼ੈਲੀ ਨੂੰ ਸਹੀ ਦਿਸ਼ਾ ਦਿੰਦੀਆਂ ਹਨ ਅਤੇ ਸਿਹਤ ਲਈ ਲਾਭਦਾਇਕ ਆਦਤਾਂ ਵਿਕਸਤ ਕਰਦੀਆਂ ਹਨ ਅਤੇ ਜੀਵਨ ਖੁਸ਼ਹਾਲ ਅਤੇ ਤਨਾਅ ਮੁਕਤ ਹੋ ਜਾਂਦਾ ਹੈ। ਅਖੀਰ ਵਿੱਚ ਫਾਊਂਡੇਸ਼ਨ ਦੇ ਮੈਨੇਜਰ ਪਰਮਜੀਤ ਸਿੰਘ ਨੇ ਮੰਦਿਰ ਕਮੇਟੀ ਦੇ ਸਕੱਤਰ ਇੰਦਰਜੀਤ ਕਾਲੜਾ ਅਤੇ ਸਮੂਹ ਸਹਿਯੋਗੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਵਿਸ਼ਵਾਮਿੱਤਰ ਸ਼ਰਮਾ, ਸੰਦੀਪ ਸ਼ਰਮਾ, ਜਤਿੰਦਰ ਜਿੰਦੀ, ਦੀਪਕ (ਮੈਡੀਕਲ ਹੋਲ ਸੇਲਰ) ਸਮੇਤ ਹੋਰ ਪਤਵੰਤੇ ਹਾਜਰ ਸਨ।



ਫਗਵਾੜਾ ਦੇ ਸ਼ਿਵ ਮੰਦਿਰ ਪੱਕਾ ਬਾਗ ਵਿਖੇ ਲਗਾਏ ਮੁ਼ਫਤ ਆਯੁਰਵੈਦਿਕ ਕੈਂਪ ਦੇ ਦ੍ਰਿਸ਼।


# Janjagran Punjab Classified

## Tours and Travels

☞ **कैनेडा-ऑस्ट्रेलिया** फ्री वीजा, रहना, खाना, 2 साल का वर्क परमिट। कमाएं 3 लाख महीना। कोई पैसा ना वीजा से पहले ना बाद में। चाहिए हेल्पर, कारपेंटर, मेसन, वैल्डर, प्लम्बर, ड्राइवर, ऑपरेटर, स्टोरकीपर, वेटर, सुपरवाईजर, मैनेजर, कुक इत्यादि। सरकारी रजिस्टर्ड कंपनी से ही अप्लाई करें। **फोन : 73476708**

☞ **वर्क वीजा कैनेडा**, ऑस्ट्रेलिया, कंस्ट्रक्शन/ स्टोर/आईटी कंपनियों में जरूरत : स्टोर कीपर, कम्प्यूटर आपरेटर, फूड पैकर, ड्राईवर, इलेक्ट्रीशियन, प्लम्बर, सिक्योरिटी, गार्ड, वेटर, कुक, नो एडवांस, रहना, खाना, टिकट, बीमा फ्री। एजेंट्स वैलकम। रूद्राश 9815119633, 9855577523

☞ **कैनेडा-ऑस्ट्रेलिया** 3 साल का वीजा, फ्री रहना, खाना और टिकट कम्पनी देगी। सैलरी 2 से 3 लाख महीना। हैल्पर, कारपेन्टर, मैसन, प्लम्बर, ड्राईवर, कुक, वेटर, आपरेटर, सुपरवाईजर इत्यादि चाहिये। रजिस्टर्ड कम्पनी से ही अप्लाई करें। **फोन : 7087033731**

☞ **कनाडा, ऑस्ट्रेलिया,** दुबई, कुवैत, सऊदी, रशिया, सिंगापुर, में पढ़े-लिखे और अनपढ़ कारीगरों और हैल्पर की भारी जरूरत। वीजा के पैसे सैलरी से कटवाएं। **फोन : 7710404041**

## NAME CHANGE

☞ **I,** SAVITA D/O HARJINDER KUMAR R/O VILLAGE KHOKHEWAL, PO. BILGA, TEHSIL PHILLAUR, DISTT JALANDHAR PB HAVE CHANGED MY NAME SAVITA TO SAVITA RANI

☞ **I,** Neelam Rani W/o Sanjay Modi Rio H.No.B-011A-03491 Kothi No.147, 16 Acre Colony Barnala Tehsil and District Barnala Punjab have changed my name to Neelam Modi

☞ **I,** Manpreet Kaur Waraich D/o Gurbachan Singh R/o H.No.40 A. Ward Gurba No.10, Shivalik Vihar, ZirakpuR, SAS Nagar, Mohali Punjab have changed my name to Manpreet Kaur

☞ **I,** Bharat S/o Naresh Kumar Rio Village Haveli, Post Office Mahilpur, Tehsil Garhshankar, District Hoshiarpur, Punjab have changed my name to Bharat Kumar.

## NAME CHANGE

☞ **I,** Neelam Rani W/o Sanjay Modi Rio H.No.B-011A-03491 Kothi No.147, 16 Acre Colony Barnala Tehsil and District Barnala Punjab have changed my name to Neelam Modi

☞ **I,** Harpreet Kaur Wife of Jasbir Singh Resident of House No 24, Village Darwa, PO Lohsimbly, Tehsil Rajpura, Distt Patiala, Punjab have Changed my minor Daughter Name Loveleen to Loveleen Kaur

☞ **I,** NARESH KUMAR S/O VED PARKASH FLAT NO. 002 TOWER NO 12A PHASE 2, OMAXE GREEN, JHARMARI, DISTRICT SAS NAGAR MOHALI 140501 have changed my name from NARESH KUMAR to NARESH KUMAR AGGARWAL

## ਜਨ ਜਾਗਰਣ
(ਰਾਸ਼ਟਰੀ ਪੰਜਾਬੀ ਦੈਨਿਕ)

ਅਖ਼ਬਾਰ ਵਿੱਚ ਵਰਗੀਕ੍ਰਿਤ, ਅਦਾਲਤੀ ਨੋਟਿਸ, ਪਾਸਪੋਰਟ ਵਿੱਚ ਨਾਮ ਬਦਲਣਾ, ਗੁੰਮ ਅਤੇ ਮਿਲਿਆ, ਨਾਮ ਬਦਲਣਾ, ਨਾਮ ਸੁਧਾਰ, ਬੇਦਖਲੀ ਨੋਟਿਸ, ਧਰਮ ਤਬਦੀਲੀ, ਬੈਂਕ ਨੋਟਿਸ ਸਮੇਤ ਹਰ ਕਿਸਮ ਦੀ ਜਾਣਕਾਰੀ ਅਤੇ ਇਸ਼ਤਿਹਾਰ ਪ੍ਰਕਾਸ਼ਿਤ ਕਰਨ ਲਈ ਸੰਪਰਕ ਕਰੋ:-

**ਜਨ ਜਾਗਰਣ ਮੀਡੀਆ ਹਾਊਸ**
ਬਾਬਾ ਸੋਹਨ ਸਿੰਘ ਭਕਨਾ ਭਵਨ, ਪਹਿਲੀ ਮੰਜ਼ਿਲ, ਆਫਿਸ ਨੰਬਰ 5, ਸੈਕਟਰ 29 ਡੀ, ਚੰਡੀਗੜ੍ਹ-160030
E-mail : janjagranpunjab@gmail.com

ਇਸ਼ਤਿਹਾਰਾਂ ਲਈ ਭਾਰਤ ਸਰਕਾਰ, ਹਰਿਆਣਾ ਸਰਕਾਰ, ਪੰਜਾਬ ਸਰਕਾਰ, ਦਿੱਲੀ ਸਰਕਾਰ, ਹਿਮਾਚਲ ਪ੍ਰਦੇਸ਼ ਸਰਕਾਰ, ਉਤਰ ਪ੍ਰਦੇਸ਼, ਰੇਲਵੇ ਵਿਭਾਗ, ਪੰਜਾਬ ਹਰਿਆਣਾ ਹਾਈਕੋਰਟ ਸਮੇਤ ਸਾਰੇ ਸਰਕਾਰੀ ਵਿਭਾਗਾਂ ਦੁਆਰਾ ਮਾਨਤਾ ਪ੍ਰਾਪਤ।

# ਭਾਰਤ ਮਾਲਾ: ਧਰਨੇ ਪੱਕੇ ਮੋਰਚਿਆਂ 'ਚ ਬਦਲੇ

## ਜੈਪੁਰ-ਕੱਟੜਾ ਹਾਈਵੇਅ ਦਾ ਕੰਮ ਠੱਪ



ਮਹਿਲ ਕਲਾਂ, 31 ਮਾਰਚ (ਪੱਤਰ ਪ੍ਰੇਰਕ)-ਭਾਰਤ ਮਾਲਾ ਪ੍ਰੋਜੈਕਟ ਤਹਿਤ ਬਣ ਰਹੇ ਜੈਪੁਰ-ਕੱਟੜਾ ਹਾਈਵੇਅ ਦਾ ਕੰਮ ਬਰਨਾਲਾ ਜ਼ਿਲ੍ਹੇ ਵਿੱਚ ਪਿਛਲੇ ਕਰੀਬ ਇੱਕ ਹਫ਼ਤੇ ਤੋਂ ਬੰਦ ਪਿਆ ਹੈ। ਬਰਨਾਲਾ ਦੇ 12 ਪਿੰਡਾਂ ਦੇ ਕਿਸਾਨ ਯੋਗ ਮੁਆਵਜ਼ੇ ਅਤੇ ਹੋਰ ਮੰਗਾਂ ਨੂੰ ਪੂਰਾ ਕਰਵਾਉਣ ਲਈ ਸੰਘਰਸ਼ ਸ਼ੁਰੂ ਕਰ ਚੁੱਕੇ ਹਨ। ਇਸ ਤਹਿਤ ਕਿਸਾਨਾਂ ਦੇ ਧਰਨੇ ਹੁਣ ਪੱਕੇ ਮੋਰਚਿਆਂ ਵਿੱਚ ਤਬਦੀਲ ਹੋ ਗਏ ਹਨ। ਭਾਵੇਂ ਪ੍ਰਸ਼ਾਸਨ ਵੱਲੋਂ ਕਿਸਾਨਾਂ ਨੂੰ ਮੰਗਾਂ ਸਬੰਧੀ ਭਰੋਸਾ ਦਿੱਤਾ ਜਾ ਰਿਹਾ ਹੈ ਪਰ ਕਿਸਾਨ ਮੰਗਾਂ ਪੂਰੀਆਂ ਹੋਣ ਤੱਕ ਕੰਮ ਨਾ ਚੱਲਣ ਦੇਣ ਦੀ ਗੱਲ ਆਖ਼ ਰਹੇ ਹਨ। ਇਹ ਸੰਘਰਸ਼ ਰੋਡ ਸੰਘਰਸ਼ ਕਮੇਟੀ ਅਤੇ ਕਿਸਾਨ ਜੱਥੇਬੰਦੀਆਂ ਦੀ ਅਗਵਾਈ ਵਿੱਚ ਸ਼ੁਰੂ ਕੀਤਾ ਗਿਆ ਹੈ। ਸੰਘਰਸ਼ ਕਮੇਟੀ ਆਗੂ ਕੁਲਵੰਤ ਸਿੰਘ ਗਹਿਲ ਅਤੇ ਜੱਗਾ ਸਿੰਘ ਸ਼ਹਿਣਾ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਮੁੱਖ ਮੰਗ ਬਰਨਾਲਾ ਦੇ ਕਿਸਾਨਾਂ ਨੂੰ ਲੁਧਿਆਣਾ ਦੀ ਤਰਜ਼ 'ਤੇ ਮੁਆਵਜ਼ਾ ਦੇਣ ਦੀ ਹੈ। ਲੁਧਿਆਣਾ ਜ਼ਿਲ੍ਹੇ ਵਿੱਚ 82 ਲੱਖ ਰੁਪਏ ਪ੍ਰਤੀ ਏਕੜ ਮੁਆਵਜ਼ਾ ਹੈ ਪਰ ਬਰਨਾਲਾ ਜ਼ਿਲ੍ਹੇ ਵਿੱਚ ਕੇਵਲ 58 ਲੱਖ ਰੁਪਏ ਦਿੱਤਾ ਗਿਆ ਹੈ ਜੋ ਨਾਇਨਸਾਫ਼ੀ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਦੀ ਜ਼ਮੀਨ ਦਾ ਨੁਕਸਾਨ ਬਰਾਬਰ ਹੈ ਪਰ ਮੁਆਵਜ਼ੇ ਵਿੱਚ ਫ਼ਰਕ ਕਰਨਾ ਗਲਤ ਹੈ। ਇਹ ਮੁਆਵਜ਼ਾ ਬਰਾਬਰ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਵੱਲੋਂ ਉਨ੍ਹਾਂ ਨੂੰ ਬੁੱਧਵਾਰ ਦੁਪਹਿਰ 12 ਵਜੇ ਮੀਟਿੰਗ ਦਾ ਸੱਦਾ ਦਿੱਤਾ ਗਿਆ ਹੈ। ਮੀਟਿੰਗ ਵਿੱਚ ਜੇਕਰ ਮੁਆਵਜ਼ਾ ਰਾਸ਼ੀ ਵਧਣ ਦਾ ਭਰੋਸਾ ਦਿੱਤਾ ਗਿਆ, ਫ਼ੇਰ ਵੀ ਉਹ ਮੋਰਚੇ ਜਾਰੀ ਰੱਖਣਗੇ।

# ਭਵਿੱਖ ਲਈ ਖੇਤੀ ਜ਼ਮੀਨ ਦੀ ਸੰਭਾਲ ਜ਼ਰੂਰੀ: ਤੂਰ

ਚੇਤਨਪੁਰਾ, 31 ਮਾਰਚ (ਪੱਤਰ ਪ੍ਰੇਰਕ)-ਕਾਮਰੇਡ ਅੱਛਰ ਸਿੰਘ ਛੀਨਾ ਯਾਦਗਾਰੀ ਖੇਡ ਸਟੇਡੀਅਮ ਅੱਡਾ ਕੁਕੜਾਂਵਾਲਾ ਵਿੱਚ ਕਿਰਤੀ ਕਿਸਾਨ ਯੂਨੀਅਨ ਨੇ ਇਨਕਲਾਬੀ ਸ਼ਹੀਦ ਬਲਦੇਵ ਸਿੰਘ ਮਾਨ, ਸ਼ਹੀਦ ਸਰਬਜੀਤ ਸਿੰਘ ਭਿੱਟੇਵੱਡ, ਸ਼ਹੀਦ ਦਾਤਾਰ ਸਿੰਘ ਅਤੇ ਹੋਰ ਸ਼ਹੀਦਾਂ ਦੀ ਯਾਦ ਵਿੱਚ ਸ਼ਹੀਦੀ ਕਾਨਫਰੰਸ ਕਰਵਾਈ। ਇਸ ਮੌਕੇ ਸੰਬੋਧਨ ਕਰਦਿਆਂ ਸੋਨੀਆ ਮਾਨ ਨੇ ਕਿਹਾ ਕਿ ਉਹ ਆਪਣੇ ਪਿਤਾ ਬਲਦੇਵ ਸਿੰਘ ਮਾਨ ਦੀ ਸੋਚ ਨੂੰ ਅੱਗੇ ਵਧਾਉਂਦਿਆਂ ਕਿਸਾਨਾਂ-ਮਜ਼ਦੂਰਾਂ ਦੀ ਹਰ ਸਮੱਸਿਆ ਦੇ ਹੱਲ ਲਈ ਯਤਨਸ਼ੀਲ ਰਹਿਣਗੇ। ਸਾਬਕਾ ਡੀ ਆਈ ਜੀ ਗੁਰਪ੍ਰੀਤ ਸਿੰਘ ਤੂਰ ਨੇ ਪੰਜਾਬ ਵਿੱਚ ਖੇਤੀਬਾੜੀ ਰਕਬੇ ਵਿੱਚ ਘਟਦੀ ਜਾਂਦੀ ਜ਼ਮੀਨ 'ਤੇ ਚਿੰਤਾ ਜ਼ਾਹਿਰ ਕਰਦਿਆਂ ਲੋਕਾਂ ਨੂੰ ਪੰਜਾਬ ਅਤੇ ਆਪਣੇ ਬੱਚਿਆਂ ਦੇ ਸੁਨਹਿਰੀ ਭਵਿੱਖ ਲਈ ਖੇਤੀਬਾੜੀ ਜ਼ਮੀਨ ਨੂੰ ਸਾਂਭਣ ਦੀ ਅਪੀਲ ਕੀਤੀ। ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਪ੍ਰਧਾਨ ਹਰਦੇਵ ਸਿੰਘ ਸੰਧੂ ਤੇ ਸੂਬਾ ਸਕੱਤਰ ਰਛਪਾਲ ਸਿੰਘ ਨੇ ਕਿਹਾ ਕਿ ਪੂੰਜੀਪਤੀਆਂ ਦੇ ਦਬਾਅ ਹੇਠ ਕੇਂਦਰ ਤੇ ਪੰਜਾਬ ਸਰਕਾਰ ਮਾਰੂ ਫ਼ੈਸਲੇ ਲੈ ਰਹੀਆਂ ਹਨ। ਰਜਿੰਦਰ ਸਿੰਘ ਮਝੈਲ ਅਤੇ ਹਰਪਾਲ ਸਿੰਘ ਛੀਨਾ ਨੇ ਕਿਹਾ ਕਿ ਸ਼ਹੀਦਾਂ ਦੇ ਸੁਫਨਿਆਂ ਦਾ ਦੇਸ਼ ਬਣਾਉਣ ਲਈ ਲੋਕਾਂ ਨੂੰ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਲਾਮਬੰਦ ਹੋਣਾ ਪਵੇਗਾ। ਇਸ ਸਮੇਂ ਸਟੇਜ ਸਕੱਤਰ ਵਜੋਂ



ਸੇਵਾ ਧਨਵੰਤ ਸਿੰਘ ਖਤਰਾਏ ਕਲਾਂ ਨੇ ਨਿਭਾਈ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਹਰਪਾਲ ਸਿੰਘ ਛੀਨਾ, ਪ੍ਰਭਜੀਤ ਸਿੰਘ ਤਿੰਮੋਵਾਲ, ਪ੍ਰਿੰਸੀਪਲ ਬਲਦੇਵ ਸਿੰਘ ਲੋਹਾਰਕਾ, ਅਮਰੀਕ ਸਿੰਘ ਸੰਗਤਪੁਰਾ, ਵਿਜੇ ਸ਼ਾਹ ਧਾਰੀਵਾਲ, ਬਲਵਿੰਦਰ ਸਿੰਘ ਮੁਕਾਮ, ਡਾ. ਇੰਦਰਜੀਤ ਸਿੰਘ ਮਹਿਲਾਵਾਲਾ, ਗੁਰਮੀਤ ਸਿੰਘ ਭਲਾ ਪਿੰਡ, ਅਵਤਾਰ ਸਿੰਘ ਛੀਨਾ, ਸਾਧਾ ਸਿੰਘ, ਸੁਖਪਾਲ ਸਿੰਘ ਛੀਨਾ, ਪ੍ਰਭਜੀਤ ਸਿੰਘ ਛੀਨਾ, ਮਨਜੀਤ ਸਿੰਘ ਮਾਛੀਨੰਗਲ, ਚੇਅਰਮੈਨ ਕਰਮਜੀਤ ਸਿੰਘ ਛੀਨਾ, ਸਰਪੰਚ ਤੇਜਬੀਰ ਸਿੰਘ ਬੱਗਾ ਹਾਜ਼ਰ ਸਨ।

## ਵਿਦਿਆਰਥੀਆਂ ਨੇ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ

ਦਸੂਹਾ (ਪੱਤਰ ਪ੍ਰੇਰਕ)-ਇੱਥੇ ਕੈਂਬਰਿਜ ਇੰਟਰਨੈਸ਼ਨਲ ਸਕੂਲ ਦਸੂਹਾ ਵਿੱਚ ਪ੍ਰਿੰਸੀਪਲ ਅੰਜੂ ਧਵਨ ਦੀ ਅਗਵਾਈ ਹੇਠ ਨਵੇਂ ਅਕਾਦਮਿਕ ਸੈਸ਼ਨ 2026-27 ਦੀ ਸ਼ੁਰੂਆਤ ਮੌਕੇ ਸਮਾਰੋਹ ਕਰਵਾਇਆ ਗਿਆ। ਪ੍ਰਿੰਸੀਪਲ ਅੰਜੂ ਧਵਨ ਨੇ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਦਾ ਸਵਾਗਤ ਕੀਤਾ। ਇਸ ਮੌਕੇ ਨਵੇਂ ਦਾਖ਼ਲ ਹੋਏ ਬੱਚਿਆਂ ਦੇ ਮਾਪਿਆਂ ਨੂੰ ਸਕੂਲ ਆਈ ਡੀ ਕਾਰਡ ਵੀ ਜਾਰੀ ਕੀਤੇ ਗਏ। ਸਮਾਰੋਹ ਦੌਰਾਨ ਵਿਦਿਆਰਥੀਆਂ ਨੇ ਗੀਤ-ਸੰਗੀਤ, ਨਾਚ ਅਤੇ ਭੰਗੜਾ ਪਾ ਕੇ ਸਮਾਰੋਹ ਨੂੰ ਚਾਰ ਚੰਨ ਲਾਏ। ਵਾਸਲ ਐਜੂਕੇਸ਼ਨ ਦੇ ਪ੍ਰਧਾਨ ਕੇ ਕੇ ਵਾਸਲ, ਚੇਅਰਮੈਨ ਸੰਜੀਵ ਵਾਸਲ, ਵਾਈਸ ਪ੍ਰੈਜ਼ੀਡੈਂਟ ਈਨਾ ਵਾਸਲ, ਸੀ ਈ ਓ ਰਾਘਵ ਵਾਸਲ ਅਤੇ ਡਾਇਰੈਕਟਰ ਅਦਿੱਤੀ ਵਾਸਲ ਨੇ ਵਿਦਿਆਰੀਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ।

# ਨਗਰ ਕੌਂਸਲ ਦੀ ਮੀਟਿੰਗ ਵਿੱਚ ਵੱਖ-ਵੱਖ ਮਤੇ ਪਾਸ ਕੀਤੇ



ਸੰਗਰੂਰ, 31 ਮਾਰਚ (ਪੱਤਰ ਪ੍ਰੇਰਕ)-ਨਗਰ ਕੌਂਸਲ ਸੰਗਰੂਰ ਦੀ ਮੀਟਿੰਗ ਵਿੱਚ ਅੱਜ ਵੱਖ-ਵੱਖ ਕੰਮਾਂ ਨਾਲ ਸਬੰਧਤ ਮਤਿਆਂ ਨੂੰ ਪਾਸ ਕਰ ਦਿੱਤਾ ਹੈ। ਮਤੇ ਪਾਸ ਹੋਣ ਕਾਰਨ ਵੱਖ-ਵੱਖ ਵਾਰਡਾਂ ਵਿੱਚ ਸਮੱਸਿਆਵਾਂ ਦੇ ਹੱਲ ਹੋਣ ਦੀ ਉਮੀਦ ਬੱਝੀ ਹੈ। ਮੀਟਿੰਗ ਦੌਰਾਨ ਨਗਰ ਕੌਂਸਲ ਵੱਲੋਂ ਸ਼ਹਿਰ ਵਿਚ ਸੀਵਰੇਜ ਪਾਈਪਲਾਈਨਾਂ ਦੀ ਸਫ਼ਾਈ ਕਰਾਉਣ, ਸ਼ਹਿਰ ਦੇ ਸਾਰੇ ਵਾਰਡਾਂ ਵਿਚ ਜਲ ਸਪਲਾਈ ਅਤੇ ਸੀਵਰੇਜ ਸਪਲਾਈ ਦੀ ਆ ਰਹੀ ਸਮੱਸਿਆ ਨੂੰ ਦੂਰ ਕਰਨ, ਗਲੀਆਂ ਅਤੇ ਪੁਲੀਆਂ ਦੀ ਮੁਰੰਮਤ ਕਰਾਉਣ ਦਾ ਫ਼ੈਸਲਾ ਲਿਆ ਗਿਆ ਹੈ। ਸ਼ਹਿਰ ਦੇ ਵੱਖ-ਵੱਖ ਕੰਮਾਂ ਉਪਰ ਕਰੀਬ ਪੌਣੇ ਚਾਰ ਕਰੋੜ ਰੁਪਏ ਖ਼ਰਚ ਹੋਣ ਦਾ ਅਨੁਮਾਨ ਹੈ। ਜਾਣਕਾਰੀ ਅਨੁਸਾਰ ਨਗਰ ਕੌਂਸਲ ਦੀ ਮੀਟਿੰਗ ਪ੍ਰਧਾਨ ਭੁਪਿੰਦਰ ਸਿੰਘ ਨਹਿਲ ਦੀ ਅਗਵਾਈ ਹੇਠ ਹੋਈ ਜਿਸ ਵਿੱਚ ਈ ਓ ਅਸ਼ਵਨੀ ਕੁਮਾਰ ਅਤੇ ਸ਼ਹਿਰ ਦੇ ਕੌਂਸਲਰ ਸ਼ਾਮਲ ਸਨ। ਮੀਟਿੰਗ ਦੌਰਾਨ ਸ਼ਹਿਰ ਦੀ ਜਲ ਸਪਲਾਈ ਅਤੇ ਸੀਵਰੇਜ ਲਾਈਨਾਂ ਦੀ ਦੇਖ ਰੇਖ ਅਤੇ ਸਾਫ਼ ਸਫਾਈ ਦਾ ਕੰਮ ਜਲ ਸਪਲਾਈ ਅਤੇ ਸੀਵਰੇਜ ਬੋਰਡ ਨੂੰ ਸੌਂਪੇ ਜਾਣ ਦੇ ਰੱਖੇ ਗਏ ਮਤੇ ਨੂੰ ਮੁੜ ਰੱਦ ਕਰ ਦਿੱਤਾ ਗਿਆ। ਨਗਰ ਕੌਂਸਲਰਾਂ ਵੱਲੋਂ ਇਹ ਸਮੁੱਚਾ ਕੰਮ ਨਗਰ ਕੌਂਸਲ ਵੱਲੋਂ ਹੀ ਕਰਵਾਏ ਜਾਣ ਦਾ ਸੁਝਾਅ ਦਿੱਤਾ ਗਿਆ। ਸ਼ਹਿਰ ਵਿਚ ਕੂੜਾ ਕੁਲੈਕਸ਼ਨ, ਟਰਾਂਸਪੋਟਰੇਸ਼ਨ, ਪ੍ਰਾਸੈਸਿੰਗ ਅਤੇ ਡਿਸਪੋਜ਼ ਦੇ ਕੰਮ ਨੂੰ 5.25 ਕਰੋੜ ਰੁਪਏ ਵਿਚ ਦੋ ਸਾਲ ਲਈ ਠੇਕੇ 'ਤੇ ਦੇਣ ਲਈ ਰੱਖੇ ਗਏ ਮਤੇ ਨੂੰ ਵੀ ਮੁੜ ਰੱਦ ਕਰ ਦਿੱਤਾ ਗਿਆ। ਇਸ ਕਾਰਜ ਲਈ ਪਿਛਲੀ ਮੀਟਿੰਗ ਦੌਰਾਨ ਰੱਖਿਆ ਮਤਾ ਵੀ ਰੱਦ ਕਰ ਦਿੱਤਾ ਗਿਆ ਸੀ। ਮੀਟਿੰਗ ਦੌਰਾਨ ਸ਼ਹਿਰ ਦੇ ਮੁੱਖ ਚੌਕਾਂ ਅਤੇ ਸੜਕਾਂ 'ਤੇ ਟ੍ਰੈਫਿਕ ਸਮੱਸਿਆ ਨੂੰ ਦੂਰ ਕਰਨ ਲਈ ਟਰੈਫਿਕ ਲਾਈਟਾਂ ਲਗਾਉਣ ਬਾਰੇ ਵੀ ਵਿਚਾਰ-ਚਰਚਾ ਕੀਤੀ ਗਈ ਜਿਸ ਨੂੰ ਪਾਸ ਕਰ ਕੇ ਅਗਲੀ ਮੀਟਿੰਗ ਵਿਚ ਐਸਟੀਮੇਟ ਬਣਾਉਣ ਦਾ ਫ਼ੈਸਲਾ ਲਿਆ ਗਿਆ। ਇਸ ਤੋਂ ਇਲਾਵਾ ਵੀ ਕਈ ਮਤਿਆਂ ਉਪਰ ਵਿਚਾਰ-ਚਰਚਾ ਕੀਤੀ ਗਈ। ਦੂਜੇ ਪਾਸੇ ਕੌਂਸਲਰ ਅਵਤਾਰ ਸਿੰਘ ਤਾਰਾ ਨੇ ਆਪਣੇ ਵਾਰਡ 22 ਵਿੱਚ ਸਮੱਸਿਆਵਾਂ ਹੱਲ ਨਾ ਹੋਣ ਕਾਰਨ ਮੀਟਿੰਗ ਦਾ ਬਾਈਕਾਟ ਕੀਤਾ ਅਤੇ ਮੀਟਿੰਗ ਹਾਲ ਦੇ ਬਾਹਰ ਰੋਸ ਧਰਨਾ ਦਿੱਤਾ।

# ਖੜਗ ਐਵਾਰਡ ਹਰਵਿੰਦਰ ਸਿੰਘ ਖ਼ਾਲਸਾ ਨੂੰ ਦਿੱਤਾ

ਜਲੰਧਰ, 31 ਮਾਰਚ (ਪੱਤਰ ਪ੍ਰੇਰਕ)-ਰਣਜੀਤ ਮੈਮੋਰੀਅਲ ਯਾਦਗਾਰੀ ਟਰੱਸਟ ਆਦਮਪੁਰ ਵੱਲੋਂ ਕਵੀ ਤੇ ਇਤਿਹਾਸਕਾਰ ਮਰਹੂਮ ਰਣਜੀਤ ਸਿੰਘ ਖੜਗ ਦੀ ਯਾਦ ਵਿੱਚ 13ਵਾਂ ਰਣਜੀਤ ਸਿੰਘ ਖੜਗ ਐਵਾਰਡ ਵਿਦਵਾਨ ਹਰਵਿੰਦਰ ਸਿੰਘ ਖ਼ਾਲਸਾ ਨੂੰ ਦਿੱਤਾ ਗਿਆ। ਸਮਾਗਮ ਵਿੱਚ ਸ੍ਰੀ ਖੜਗ ਦੇ ਪੁੱਤਰ ਕਰਮਜੀਤ ਸਿੰਘ ਨੇ ਆਪਣੇ ਪਿਤਾ ਦੇ ਯੋਗਦਾਨ ਨੂੰ ਯਾਦ ਕੀਤਾ। ਕੁਲਦੀਪ ਸਿੰਘ ਬੇਦੀ ਨੇ ਦੱਸਿਆ ਕਿ ਰੋਜ਼ਾਨਾ ਪੰਜਾਬ ਟਾਈਮਜ਼ ਦੇ ਮੁੱਖ ਸੰਪਾਦਕ ਬਲਜੀਤ ਸਿੰਘ ਬਰਾੜ ਤੋਂ ਇਲਾਵਾ ਹਰਵਿੰਦਰ ਸਿੰਘ ਖ਼ਾਲਸਾ, ਚੇਤਨ ਸਿੰਘ ਅਤੇ ਇੰਜ. ਕਰਮਜੀਤ ਸਿੰਘ ਪ੍ਰਧਾਨਗੀ ਮੰਡਲ ਵਿੱਚ ਸੁਸ਼ੋਭਿਤ ਹੋਏ। ਕਵੀਆਂ ਜਰਨੈਲ ਸਿੰਘ ਸਾਕੀ, ਗੁਰਦੀਪ ਸਿੰਘ ਉਜਾਲਾ, ਅਮਰ ਸਿੰਘ ਅਮਰ ਅਤੇ ਬਲਦੇਵ ਸਿੰਘ ਬੱਦਨ ਨੇ ਆਪਣੀਆਂ ਰਚਨਾਵਾਂ ਸੁਣਾਈਆਂ। ਭਾਸ਼ਾ ਵਿਭਾਗ ਦੇ ਸਾਬਕਾ ਡਾਇਰੈਕਟਰ ਚੇਤਨ ਸਿੰਘ ਨੇ ਸ੍ਰੀ ਖੜਗ ਦੀ ਸਾਹਿਤ ਨੂੰ ਦੇਣ ਬਾਰੇ ਚਰਚਾ ਕੀਤੀ। ਇਤਿਹਾਸਕਾਰ ਪਰਮਜੀਤ ਸਿੰਘ ਮਾਨਸਾ ਨੇ ਵੀ ਖੜਗ ਦੇ ਸਾਹਿਤ ਦੀ ਮਹੱਤਤਾ ਬਾਰੇ ਦੱਸਿਆ। ਪ੍ਰਧਾਨਗੀ ਮੰਡਲ ਵੱਲੋਂ ਹਰਵਿੰਦਰ ਸਿੰਘ ਖ਼ਾਲਸਾ ਨੂੰ ਖੜਗ ਯਾਦਗਾਰੀ ਐਵਾਰਡ ਦਿੱਤਾ ਗਿਆ। ਪ੍ਰਧਾਨਗੀ ਭਾਸ਼ਣ ਬਲਜੀਤ ਸਿੰਘ ਬਰਾੜ ਨੇ ਦਿੱਤਾ। ਇਸ ਮੌਕੇ ਰਣਜੀਤ ਮੈਗਜ਼ੀਨ ਦਾ ਵਿਸ਼ੇਸ਼ ਅੰਕ ਰਿਲੀਜ਼ ਕੀਤਾ ਗਿਆ।

## ਘਰ ਦੀ ਕੁਰਕੀ ਰੁਕਵਾਈ

ਤਪਾ ਮੰਡੀ, 31 ਮਾਰਚ (ਪੱਤਰ ਪ੍ਰੇਰਕ)-ਨੇੜਲੇ ਪਿੰਡ ਉੱਗੋਕੇ ਦੀ ਸਾਬਕਾ ਸਰਪੰਚ ਸੁਰਜੀਤ ਕੌਰ ਦੇ ਘਰ ਦੀ ਕੁਰਕੀ ਖ਼ਿਲਾਫ਼ ਕਿਸਾਨ ਮਜ਼ਦੂਰ ਜਥੇਬੰਦੀਆਂ ਨੇ ਅੱਜ ਧਰਨਾ ਲਗਾ ਦਿੱਤਾ। ਇਸ ਦੌਰਾਨ ਕੋਈ ਵੀ ਅਧਿਕਾਰੀ ਕੁਰਕੀ ਨਾ ਆਇਆ। ਧਰਨੇ ਦੌਰਾਨ ਮਜ਼ਦੂਰ ਮੁਕਤੀ ਮੋਰਚੇ ਆਜ਼ਾਦ ਦੇ ਮੱਖਣ ਸਿੰਘ ਰਾਮਗੜ੍ਹ, ਸ਼ਿੰਗਾਰਾ ਸਿੰਘ, ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਜ਼ਿਲ੍ਹਾ ਪ੍ਰਧਾਨ ਦਰਸ਼ਨ ਸਿੰਘ ਉੱਗੋਕੇ ਤੇ ਭਾਰਤੀ ਕਿਸਾਨ ਯੂਨੀਅਨ (ਏਕਤਾ) ਉਗਰਾਹਾਂ ਦੇ ਜ਼ਿਲ੍ਹਾ ਪ੍ਰਧਾਨ ਚਮਕੌਰ ਸਿੰਘ ਨੈਣੇਵਾਲ ਨੇ ਕਿਹਾ ਕਿ ਸਾਬਕਾ ਸਰਪੰਚ ਸੁਰਜੀਤ ਕੌਰ ਅਤੇ ਉਸ ਦੇ ਪੁੱਤਰ ਪ੍ਰਗਟ ਸਿੰਘ ਨਾਲ ਕਿਸੇ ਵੀ ਕੀਮਤ ਤੇ ਧੱਕੇਸ਼ਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

# ਨਗਰ ਕੌਂਸਲ ਚੋਣਾਂ ਲਈ ਸਿਆਸੀ ਪਾਰਟੀਆਂ ਵੱਲੋਂ ਸਰਗਰਮੀਆਂ ਤੇਜ਼

ਧੂਰੀ, 31 ਮਾਰਚ (ਪੱਤਰ ਪ੍ਰੇਰਕ)-ਧੂਰੀ ਵਿੱਚ ਨਗਰ ਕੌਂਸਲ ਚੋਣਾਂ ਲਈ ਵੱਖ-ਵੱਖ ਸਿਆਸੀ ਪਾਰਟੀਆਂ ਨੇ ਸਿਆਸੀ ਸਰਗਰਮੀਆਂ ਤੇਜ਼ ਕਰ ਦਿੱਤੀਆਂ ਹਨ। ਸ਼ਹਿਰ ਅੰਦਰ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਰਣਜੀਤ ਸਿੰਘ ਕਾਤਰੋਂ ਵੱਲੋਂ ਆਪਣੀ ਸਿਆਸੀ ਪਕੜ ਨੂੰ ਮਜ਼ਬੂਤ ਕਰਦਿਆਂ ਸ਼ਹਿਰ ਦੇ 21 ਵਾਰਡਾਂ ਵਿੱਚ ਨੌਜਵਾਨ ਆਗੂਆਂ ਨੂੰ ਤਿਆਰ ਕੀਤਾ ਜਾ ਰਿਹਾ ਅਤੇ ਹਰ ਵਾਰਡ ਵਿੱਚ ਅਕਾਲੀ ਦਲ ਵੱਲੋਂ ਆਮ ਲੋਕਾਂ ਨਾਲ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਸੂਤਰਾਂ ਤੋਂ ਇਹ ਵੀ ਪਤਾ ਲੱਗਾ ਹੈ ਕਿ ਜਲਦ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਧੂਰੀ ਸ਼ਹਿਰ ਵਿੱਚ ਵੱਡੀ ਰੈਲੀ ਕਰਨਗੇ। ਇਸ ਰੈਲੀ ਨੂੰ ਸਫਲ ਬਣਾਉਣ ਲਈ ਸ੍ਰੀ ਕਾਤਰੋਂ ਨੂੰ ਵੱਡੀ ਜ਼ਿੰਮੇਵਾਰੀ ਮਿਲ ਸਕਦੀ ਹੈ। ਦੂਜੇ ਪਾਸੇ ਭਾਜਪਾ ਆਗੂ ਉਂਕਾਰ ਸਿੰਘ ਸਿੱਧੂ ਨੇ ਵੀ ਸਿਆਸੀ ਸਰਗਰਮੀਆਂ ਵਿੱਚ ਵਾਧਾ ਕਰ ਦਿੱਤਾ ਹੈ ਅਤੇ ਸ਼ਹਿਰ ਦੇ ਹਰ ਵਾਰਡ ਵਿੱਚ ਨੌਜਵਾਨਾਂ ਨੂੰ ਪਾਰਟੀ ਨਾਲ ਜੋੜ ਰਹੇ ਹਨ। ਉਨ੍ਹਾਂ ਤਰਫੋਂ ਵੀ ਜਲਦ ਧੂਰੀ ਹਲਕੇ ਵਿੱਚ ਵੱਡੀ ਰੈਲੀ ਕੀਤੀ ਜਾ ਸਕਦੀ ਹੈ ਜਿਸ ਨੂੰ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਸੰਬੋਧਨ ਕਰ ਸਕਦੇ ਹਨ। ਇਸੇ ਤਰ੍ਹਾਂ ਕਾਂਗਰਸ ਪਾਰਟੀ ਦੀ ਗੱਲ ਕਰੀਏ ਤਾਂ ਸਾਬਕਾ ਵਿਧਾਇਕ ਦਲਵੀਰ ਸਿੰਘ ਗੋਲਡੀ, ਹਰਦੀਪ ਸਿੰਘ ਦੌਲਤਪੁਰ ਤੇ ਸ਼ੁਭਮ ਸ਼ਰਮਾ ਸਿਆਸੀ ਤੌਰ 'ਤੇ ਸਰਗਰਮ ਹਨ। ਇਹ ਤਿੰਨੋਂ ਆਗੂ ਆਪਣੇ ਆਪਣੇ ਢੰਗ ਨਾਲ ਵਰਕਰਾਂ ਨੂੰ ਜੋੜ ਰਹੇ ਹਨ। ਗੋਲਡੀ ਨੇ ਪੰਜਾਬ ਸਰਕਾਰ ਵਿਰੁੱਧ ਲਾਮਬੰਦੀ ਸ਼ੁਰੂ ਕੀਤੀ ਹੋਈ ਅਤੇ ਸ਼ਹਿਰੀ ਵਾਰਡਾਂ ਅੰਦਰ ਮੀਟਿੰਗਾਂ ਕਰ ਕੇ ਉਮੀਦਵਾਰਾਂ ਦੀ ਭਾਲ ਕੀਤੀ ਜਾ ਰਹੀ ਹੈ।

# ਇਨਸਾਫ਼ ਲਈ ਐੱਸ ਡੀ ਐੱਮ ਦਫ਼ਤਰ ਅੱਗੇ ਧਰਨਾ ਸ਼ੁਰੂ

## ਕਿਸਾਨ ਦੀ ਖ਼ੁਦਕੁਸ਼ੀ ਦਾ ਮਾਮਲਾ



ਧਰਮਕੋਟ, 31 ਮਾਰਚ (ਪੱਤਰ ਪ੍ਰੇਰਕ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਨੇ ਮਿੱਥੇ ਪ੍ਰੋਗਰਾਮ ਮੁਤਾਬਿਕ ਅੱਜ ਐੱਸ ਡੀ ਐੱਮ ਦਫ਼ਤਰ ਅੱਗੇ ਧਰਨਾ ਸ਼ੁਰੂ ਕਰ ਦਿੱਤਾ ਹੈ। ਜਥੇਬੰਦੀ ਵੱਲੋਂ ਇਹ ਧਰਨਾ ਖੁਦਕੁਸ਼ੀ ਕਰ ਚੁੱਕੇ ਕਿਸ਼ਨਪੁਰਾ ਕਲਾਂ ਦੇ ਕਿਸਾਨ ਜਸਵਿੰਦਰ ਸਿੰਘ ਦੇ ਪਰਿਵਾਰ ਨੂੰ ਇਨਸਾਫ ਦਿਵਾਉਣ ਲਈ ਲਗਾਇਆ ਗਿਆ ਹੈ। ਧਰਨੇ ਦੀ ਅਗਵਾਈ ਸੂਬਾ ਆਗੂ ਸਤਨਾਮ ਸਿੰਘ ਪੰਨੂ, ਜਨਰਲ ਸਕੱਤਰ ਰਾਣਾ ਰਣਬੀਰ ਸਿੰਘ ਠੱਠਾ, ਹਰਮੰਦਰ ਸਿੰਘ ਡੇਮਰੂ ਅਤੇ ਜ਼ਿਲ੍ਹਾ ਪ੍ਰਧਾਨ ਗੁਰਦੇਵ ਸਿੰਘ ਸ਼ਾਹਵਾਲਾ ਕਰ ਰਹੇ ਹਨ। ਜ਼ਿਲ੍ਹਾ ਪ੍ਰੈੱਸ ਸਕੱਤਰ ਅਵਤਾਰ ਸਿੰਘ ਧਰਮ ਸਿੰਘ ਵਾਲਾ ਨੇ ਦੱਸਿਆ ਕਿ ਸਾਲ 2009 ਵਿੱਚ ਕਿਸ਼ਨਪੁਰਾ ਕਲਾਂ ਦੇ ਕਿਸਾਨ ਜਸਵਿੰਦਰ ਸਿੰਘ ਨੇ ਇਕ ਆੜ੍ਹਤੀ ਤੋਂ ਫਸਲ ਲਈ ਪੈਸੇ ਵਿਆਜ ਉਪਰ ਲਏ ਸਨ। ਬਦਲੇ ਵਿੱਚ ਇੱਕ ਏਕੜ ਆਪਣੀ ਜ਼ਮੀਨ ਬਤੌਰ ਸਕਿਉਰਟੀ ਆੜ੍ਹਤੀ ਪਾਸ ਰੱਖੀ ਸੀ ਲੇਕਿਨ ਕਿਸਾਨ ਨੇ ਉਨ੍ਹਾਂ ਕਾਗਜ਼ਾਂ ਦੇ ਸਹਾਰੇ ਧੋਖੇ ਨਾਲ ਜ਼ਮੀਨ ਆਪਣੇ ਨਾਮ ਕਰਵਾ ਲਈ ਸੀ ਜਦੋਂ ਕਿ ਕਿਸਾਨ ਨੇ ਸਾਲ 2012 ਵਿੱਚ ਬਣਦੀ ਦਸ ਲੱਖ ਰੁਪਏ ਦੀ ਰਕਮ ਵੀ ਆੜ੍ਹਤੀ ਨੂੰ ਦੇ ਦਿੱਤੀ ਸੀ। ਇਸ ਗੱਲ ਤੋਂ ਪ੍ਰੇਸ਼ਾਨ ਕਿਸਾਨ ਨੇ ਖੁਦਕੁਸ਼ੀ ਕਰ ਲਈ ਸੀ। ਪਰਿਵਾਰ ਜ਼ਮੀਨ ਵਾਪਸੀ ਅਤੇ ਇਨਸਾਫ਼ ਦੀ ਲੰਬੇ ਸਮੇਂ ਤੋਂ ਮੰਗ ਕਰਦਾ ਆ ਰਿਹਾ ਹੈ ਲੇਕਿਨ ਪ੍ਰਸ਼ਾਸਨ ਇਨਸਾਫ਼ ਦੇਣ ਤੋਂ ਟਾਲਾ ਵੱਟ ਰਿਹਾ ਹੈ। ਉਨ੍ਹਾਂ ਕਿਹਾ ਕਿ ਹੁਣ ਜਥੇਬੰਦੀ ਨੇ ਪੀੜਤ ਪਰਿਵਾਰ ਨੂੰ ਇਨਸਾਫ ਦਿਵਾਉਣ ਦਾ ਬੀੜਾ ਚੁੱਕਿਆ ਹੈ। ਉਨ੍ਹਾਂ ਕਿਹਾ ਕਿ ਜਿੰਨਾ ਚਿਰ ਖੁਦਕੁਸ਼ੀ ਕਰ ਚੁੱਕੇ ਕਿਸਾਨ ਦੀ ਜ਼ਮੀਨ ਵਾਪਸ ਨਹੀਂ ਹੁੰਦੀ ਅਤੇ ਆੜ੍ਹਤੀ ਵਿਰੁੱਧ ਮਾਮਲਾ ਦਰਜ ਨਹੀਂ ਹੁੰਦਾ ਇਹ ਧਰਨਾ ਜਾਰੀ ਰਹੇਗਾ।ਇਸ ਧਰਨੇ ਵਿੱਚ ਵੱਡੀ ਗਿਣਤੀ ਵਿੱਚ ਕਿਸਾਨ ਮਜ਼ਦੂਰ ਸ਼ਾਮਲ ਹਨ। ਧਰਨੇ ਵਿੱਚ ਪੁੱਜੇ ਡੀ ਐੱਸ ਪੀ ਜਸਵਰਿੰਦਰ ਸਿੰਘ ਨੇ ਜਥੇਬੰਦੀ ਨੂੰ ਵਿਸ਼ਵਾਸ ਦਿਵਾਇਆ ਕਿ ਹਫ਼ਤੇ ਅੰਦਰ ਆੜ੍ਹਤੀ ਵਿਰੁੱਧ ਜਾਂਚ ਤੋਂ ਬਾਅਦ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਇਸ ਤੋਂ ਬਾਅਦ ਜਥੇਬੰਦੀ ਨੇ ਪੁਲੀਸ ਅਧਿਕਾਰੀ ਦੇ ਭਰੋਸੇ ਤੋਂ ਬਾਅਦ ਧਰਨਾ ਸਮਾਪਤ ਕਰ ਦਿੱਤਾ। ਕਿਸਾਨ ਆਗੂ ਸਤਨਾਮ ਸਿੰਘ ਪੰਨੂ ਨੇ ਕਿਹਾ ਕਿ ਜੇਕਰ ਦਿੱਤੇ ਸਮੇਂ ਅੰਦਰ ਪੁਲੀਸ ਨੇ ਮਾਮਲਾ ਹੱਲ ਨਾ ਕੀਤਾ ਤਾਂ 10 ਐਪਰਲ ਨੂੰ ਅਣਮਿੱਥੇ ਸਮੇਂ ਲਈ ਧਰਨਾ ਸ਼ੁਰੂ ਕਰ ਦਿੱਤਾ ਜਾਵੇਗਾ।

## ਫ਼ਤਹਿਗੜ੍ਹ ਚੂੜੀਆਂ ਸਮਿਤੀ 'ਚ ਕਾਂਗਰਸ ਜੇਤੂ

ਫ਼ਤਹਿਗੜ੍ਹ ਚੂੜੀਆਂ, 31 ਮਾਰਚ (ਪੱਤਰ ਪ੍ਰੇਰਕ)-ਬਲਾਕ ਸਮਿਤੀ ਦੇ ਚੇਅਰਪਰਸਨ ਅਤੇ ਵਾਈਸ ਚੇਅਰਮੈਨ ਦੀਆਂ ਚੋਣਾਂ ਵਿੱਚ ਕਾਂਗਰਸ ਪਾਰਟੀ ਦਾ ਪਲੜਾ ਭਾਰੀ ਰਿਹਾ ਹੈ। ਸੀਨੀਅਰ ਕਾਂਗਰਸੀ ਆਗੂ ਤੇ ਸਾਬਕਾ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਦੱਸਿਆ ਕਿ ਕਾਂਗਰਸ ਦੀ ਉਮੀਦਵਾਰ ਦਲਜੀਤ ਕੌਰ ਅਤੇ ਮਹਿੰਦਰ ਸਿੰਘ ਨੇ ਜਿੱਤ ਪ੍ਰਾਪਤ ਕੀਤੀ ਹੈ। ਇਹ ਚੋਣ ਕਰਵਾਉਣ ਲਈ ਕਾਂਗਰਸ ਨੂੰ ਹਾਈ ਕੋਰਟ ਤੱਕ ਪਹੁੰਚ ਕਰਨੀ ਪਈ। ਸ੍ਰੀ ਬਾਜਵਾ ਨੇ ਦੋਸ਼ ਲਾਇਆ ਕਿ ਪ੍ਰਸ਼ਾਸਨ ਤੇ ਸਿਆਸੀ ਦਬਾਅ ਕਾਰਨ ਕਾਂਗਰਸੀ ਮੈਂਬਰਾਂ ਨੂੰ ਬਲਾਕਾਂ ਅੰਦਰ ਜਾਣ ਤੋਂ ਰੋਕਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਸਨ। ਹਾਈ ਕੋਰਟ ਦੇ ਦਖ਼ਲ ਤੇ ਵੀਡੀਓਗ੍ਰਾਫੀ ਦੀ ਨਿਗਰਾਨੀ ਹੇਠ ਇਹ ਚੋਣ ਅਮਲ ਨੇਪਰੇ ਚੜ੍ਹਿਆ। ਉਨ੍ਹਾਂ ਸਮੂਹ ਕਾਂਗਰਸੀ ਵਰਕਰਾਂ ਅਤੇ ਅਹੁਦੇਦਾਰਾਂ ਨੂੰ ਇਸ ਜਿੱਤ ਦੀ ਵਧਾਈ ਦਿੱਤੀ। ਦਲਜੀਤ ਕੌਰ ਨੂੰ 16 ਵੋਟਾਂ ਪੋਲ ਹੋਈਆਂ। ਇਨ੍ਹਾਂ ਵਿੱਚੋਂ ਇੱਕ ਰੱਦ ਹੋਣ ਉਪਰੰਤ ਉਹ ਵਿਰੋਧੀ ਉਮੀਦਵਾਰ ਤੋਂ ਅੱਠ ਵੋਟਾਂ ਨਾਲ ਜੇਤੂ ਰਹੇ। ਵਾਈਸ ਚੇਅਰਮੈਨ ਦੇ ਅਹੁਦੇ ਲਈ ਮਹਿੰਦਰ ਸਿੰਘ ਨੂੰ 26 ਵਿੱਚੋਂ 17 ਵੋਟਾਂ ਪਈਆਂ, ਉਹ ਅੱਠ ਵੋਟਾਂ?ਨਾਲ ਜੇਤੂ ਰਹੇ।

# ਖੁਸ਼ਬੂਆਂ ਬਿਖੇਰਦਾ ਫੁੱਲਾਂ ਦਾ ਮੇਲਾ ਸਮਾਪਤ

## ਗ੍ਰੀਨ ਸਕੂਲ ਐਵਾਰਡ ਜਿੱਤਣ ਵਾਲੇ 31 ਸਕੂਲਾਂ ਦਾ ਸਨਮਾਨ




ਮਾਨਸਾ, 31 ਮਾਰਚ (ਪੱਤਰ ਪ੍ਰੇਰਕ)-ਐਨਵਾਇਰਮੈਂਟ ਸੁਸਾਇਟੀ ਮਾਨਸਾ ਦੇ ਪ੍ਰਧਾਨ ਅਤੇ ਹਲਕਾ ਵਿਧਾਇਕ ਡਾ. ਵਿਜੈ ਸਿੰਗਲਾ ਨੇ ਦੱਸਿਆ ਕਿ ਸੁਸਾਇਟੀ ਵੱਲੋਂ 29 ਮਾਰਚ ਨੂੰ ਇੱਥੇ ਸੈਂਟਰਲ ਪਾਰਕ ਵਿੱਚ ਫੁੱਲਾਂ ਦਾ ਮੇਲਾ ਕਰਵਾਇਆ ਗਿਆ। ਇਸ ਦੌਰਾਨ ਐਸ ਐਸ ਪੀ (ਮਾਨਸਾ) ਭਾਗੀਰਥ ਸਿੰਘ ਮੀਨਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਪ੍ਰੋਜੈਕਟ ਚੇਅਰਮੈਨ ਨਰੇਸ਼ ਵਿੱਕੀ ਨੇ ਦੱਸਿਆ ਕਿ ਫਲਾਵਰ ਸ਼ੋਅ ਦੌਰਾਨ, ਜਿੱਥੇ ਲੋਕਾਂ ਨੇ ਵੱਖ-ਵੱਖ ਸਟਾਲਾਂ ਦਾ ਆਨੰਦ ਮਾਣਿਆ, ਉਥੇ ਹੀ ਵੱਖ-ਵੱਖ ਸਕੂਲਾਂ ਅਤੇ ਕਾਲਜਾਂ ਦੇ ਵਿਦਿਆਰਥੀਆਂ ਵੱਲੋਂ ਪੇਸ਼ ਸੱਭਿਆਚਾਰਕ ਪ੍ਰੋਗਰਾਮ ਨੇ ਲੋਕਾਂ ਨੂੰ ਕਿੱਲੀ ਰੱਖਿਆ। ਕਨਵੀਨਰ ਅਸ਼ੋਕ ਸਪੋਲੀਆ ਨੇ ਦੱਸਿਆ ਕਿ ਖੂਨਦਾਨ ਕੈਂਪ ਤੋਂ ਇਲਾਵਾ ਫੁੱਲਾਂ ਦੀ ਪ੍ਰਦਰਸ਼ਨੀ, ਸਭਿਆਚਾਰਕ ਗਤੀਵਿਧੀਆਂ, ਫੂਡ ਕੋਰਟ, ਰਿਫਰੈਸ਼ਮੈਂਟ ਸਟਾਲਜ਼, ਕੁਇਜ਼ ਮੁਕਾਬਲੇ, ਸੈਲਫੀ ਪੁਆਇੰਟ, ਫੁੱਲਾਂ ਦੀ ਰੰਗੋਲੀ, ਕੱਪਲ ਆਫ ਦਿ ਡੇਅ ਅਤੇ ਲਾਈਵ ਪੇਂਟਿੰਗ ਖਿੱਚ ਦਾ ਕੇਂਦਰ ਰਹੀ। ਇਸ ਮੌਕੇ ਮਾਨਸਾ ਜ਼ਿਲ੍ਹੇ ਦੇ ਗ੍ਰੀਨ ਸਕੂਲ ਅਵਾਰਡ ਜਿੱਤਣ ਵਾਲੇ 31 ਸਕੂਲਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਸਮਾਗਮ ਦੌਰਾਨ ਵਿਧਾਇਕ ਡਾ.ਵਿਜੈ ਸਿੰਗਲਾ, ਐਸ.ਐਸ.ਪੀ ਸ਼੍ਰੀ ਭਾਗੀਰਥ ਸਿੰਘ ਮੀਨਾ, ਸਮਾਜ ਸੇਵੀ ਅਤੇ ਪ੍ਰਧਾਨ ਆੜ੍ਹਤੀਆ ਐਸੋਸ਼ੀਏਸਨ ਤੇ ਵਪਾਰ ਮੰਡਲ ਮਨੀਸ਼ ਬੱਬੀ ਦਾਨੇਵਾਲੀਆ, ਸਮਾਜ ਸੇਵੀ ਪੱਪੀ ਦਾਨੇਵਾਲੀਆ, ਕਾਂਗਰਸ ਲੀਡਰ ਅਮਨ ਸਿੰਗਲਾ ਢੈਪਈ, ਸੁਖਪਾਲ ਸਿੰਘ, ਡਾ.ਜਨਕ ਰਾਜ ਸਿੰਗਲਾ, ਮਿੱਠੂ ਅਰੋੜਾ, ਵਨੀਤ ਸਿੰਗਲਾ ਵੱਲੋਂ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ।

# ਕਿਸਾਨਾਂ ਨੇ ਮੁੱਖ ਮੰਤਰੀ ਦਾ ਪੁਤਲਾ ਫੂਕਿਆ

ਲਹਿਰਾਗਾਗਾ, 31 ਮਾਰਚ (ਪੱਤਰ ਪ੍ਰੇਰਕ)-ਸੰਯੁਕਤ ਕਿਸਾਨ ਮੋਰਚਾ ਗੈਰ-ਸਿਆਸੀ ਵੱਲੋਂ ਜ਼ਿਲ੍ਹਾ ਫ਼ਰੀਦਕੋਟ ਦੇ ਪਿੰਡ ਹਰੀ ਨੌਂ ਦੇ ਦੋ ਸਕੇ ਭਰਾਵਾਂ ਵੱਲੋਂ ਇਕ ਬੈਂਕ ਦੇ ਮੈਨੇਜਰ ਤੋਂ ਕਥਿਤ ਪ੍ਰੇਸ਼ਾਨ ਹੋ ਕੇ ਖ਼ੁਦਕੁਸ਼ੀ ਕਰਨ ਦੇ ਮਾਮਲੇ 'ਚ ਪਰਿਵਾਰ ਨੂੰ ਇਨਸਾਫ਼ ਦਿਵਾਉਣ ਅਤੇ ਕਰਜ਼ਾ ਨਾ ਮੋੜਨ 'ਤੇ 20 ਏਕੜ ਤੋਂ ਵੱਧ ਜ਼ਮੀਨ ਵਾਲੇ ਕਿਸਾਨਾਂ ਦੀ ਜ਼ਮੀਨ ਨਿਲਾਮ ਕਰਨ ਲਈ ਕੱਢੇ ਜਾ ਰਹੇ ਨੋਟਿਸਾਂ ਖ਼ਿਲਾਫ਼ ਲੈਂਡਮਾਰਕ ਬੈਂਕ ਲਹਿਰਾਗਾਗਾ ਅੱਗੇ ਧਰਨਾ ਦੇ ਕੇ ਮੁੱਖ ਮੰਤਰੀ ਦਾ ਪੁਤਲਾ ਫੂਕਿਆ ਗਿਆ। ਧਰਨੇ ਨੂੰ ਸੰਬੋਧਨ ਕਰਦਿਆਂ ਕਿਸਾਨ ਯੂਨੀਅਨ ਦੇ ਆਗੂ ਰਾਮਫਲ ਸਿੰਘ ਜਲੂਰ, ਜਤਿੰਦਰ ਸਿੰਘ ਜਲੂਰ, ਬੀ ਕੇ ਯੂ ਏਕਤਾ ਮਲਵਈ ਦੇ ਆਗੂ ਹਰਜਿੰਦਰ ਸਿੰਘ ਨੰਗਲਾ, ਕੁਲਦੀਪ ਸਿੰਘ ਰਾਮਗੜ੍ਹ ਨੇ ਕਿਹਾ ਕਿ ਜ਼ਮੀਨਾਂ ਦੀ ਨਿਲਾਮੀ ਦੀ ਕਾਰਵਾਈ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਸ ਦੌਰਾਨ ਉਨ੍ਹਾਂ?ਖ਼ੁਦਕੁਸ਼ੀ ਮਾਮਲੇ 'ਚ ਮੈਨੇਜਰ ਖ਼ਿਲਾਫ਼ ਕਾਰਵਾਈ?ਦੀ ਮੰਗ ਕੀਤੀ।

## ਜੀ ਟੀ ਬੀ ਸਕੂਲ ਵਿੱਚ ਅਧਿਆਪਕ-ਮਾਪੇ ਮਿਲਣੀ


ਦਸੂਹਾ(ਪੱਤਰ ਪ੍ਰੇਰਕ)-ਗੁਰੂ ਤੇਗ ਬਹਾਦਰ ਖ਼ਾਲਸਾ ਪਬਲਿਕ ਸਕੂਲ ਦਸੂਹਾ ਵਿੱਚ ਪ੍ਰਿੰਸੀਪਲ ਡਾ. ਸੁਰਜੀਤ ਕੌਰ ਬਾਜਵਾ ਦੀ ਸਰਪ੍ਰਸਤੀ ਹੇਠ ਅਧਿਆਪਕ-ਮਾਪੇ ਮਿਲਣੀ ਨੂੰ ਭਰਵਾਂ ਹੁੰਗਾਰਾ ਮਿਲਿਆ। ਇਸ ਦੌਰਾਨ ਅਧਿਆਪਕਾਂ ਵੱਲੋਂ ਮਾਪਿਆਂ ਨਾਲ ਵਿਦਿਆਰਥੀਆਂ ਦੀ ਸੈਸ਼ਨ 2025-26 ਦੀ ਅਕਾਦਮਿਕ ਕਾਰਗੁਜ਼ਾਰੀ ਬਾਰੇ ਵਿਸਥਾਰ ਨਾਲ ਗੱਲਬਾਤ ਕੀਤੀ ਗਈ। ਅਧਿਆਪਕਾਂ ਨੇ ਬੱਚਿਆਂ ਨੂੰ ਪੜ੍ਹਾਈ ਵਿੱਚ ਹੋਰ ਦਿਲਚਸਪੀ ਦਿਖਾਉਣ ਲਈ ਪ੍ਰੇਰਿਆ। ਇਸ ਮੌਕੇ ਪ੍ਰਿੰਸੀਪਲ ਡਾ. ਸੁਰਜੀਤ ਕੌਰ ਬਾਜਵਾ ਅਤੇ ਕੋਆਰਡੀਨੇਟਰ ਨਵਨੀਤ ਕੌਰ ਨੇ ਮਾਪਿਆਂ ਨਾਲ ਗੱਲਬਾਤ ਕੀਤੀ। ਪ੍ਰਿੰਸੀਪਲ ਡਾ. ਬਾਜਵਾ ਨੇ ਕਿਹਾ ਕਿ ਅਧਿਆਪਕ ਅਤੇ ਮਾਂਪੇ ਮਿਲ ਕੇ ਹੀ ਬੱਚਿਆਂ ਦੇ ਚੰਗੇ ਭਵਿੱਖ ਦੀ ਨੀਂਹ ਰੱਖ ਸਕਦੇ ਹਨ। ਉਨ੍ਹਾਂ ਵਿਦਿਆਰਥੀਆਂ ਨੂੰ ਨਵੇਂ ਵਿਦਿਅਕ ਸੈਸ਼ਨ ਵਿੱਚ ਹੋਰ ਮਿਹਨਤ ਕਰਕੇ ਵਧੀਆ ਨਤੀਜੇ ਹਾਸਲ ਕਰਨ ਲਈ ਪ੍ਰੇਰਿਤ ਕੀਤਾ।

# ਉੱਚੀ ਬੱਸੀ ਦੇ ਕਈ ਭਾਜਪਾ ਆਗੂ ਪਰਿਵਾਰ ਸਣੇ 'ਆਪ' ਵਿੱਚ ਸ਼ਾਮਲ

ਦਸੂਹਾ, 31 ਮਾਰਚ (ਪੱਤਰ ਪ੍ਰੇਰਕ)-ਹਲਕਾ ਦਸੂਹਾ ਦੇ ਪਿੰਡ ਉੱਚੀ ਬੱਸੀ ਵਿੱਚ ਭਾਜਪਾ ਨੂੰ ਉਸ ਸਮੇਂ ਝਟਕਾ ਲੱਗਿਆ ਜਦੋਂ ਕਈ ਪ੍ਰਮੁੱਖ ਯੂਥ ਆਗੂ ਪਰਿਵਾਰਾਂ ਸਣੇ ਆਮ ਆਦਮੀ ਪਾਰਟੀ (ਆਪ) ਵਿੱਚ ਸ਼ਾਮਲ ਹੋ ਗਏ। ਇਸ ਮੌਕੇ ਭਾਜਪਾ ਦੇ ਯੂਥ ਆਗੂ ਅਮਿਤ ਮਿਨਹਾਸ, ਰਣਬੀਰ ਸਿੰਘ ਮਿਨਹਾਸ, ਪੰਜਾਬ ਸਿੰਘ ਅਤੇ ਧਿਆਨ ਸਿੰਘ ਆਪਣੇ ਪਰਿਵਾਰਾਂ ਅਤੇ ਸਮਰਥਕਾਂ ਸਣੇ 'ਆਪ' ਵਿੱਚ ਸ਼ਾਮਲ ਹੋ ਗਏ। ਉਨ੍ਹਾਂ ਨੇ ਕਿਹਾ ਕਿ ਉਹ ਵਿਧਾਇਕ ਕਰਮਬੀਰ ਘੁੰਮਣ ਦੀਆਂ ਵਿਕਾਸ ਮੁਖੀ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ 'ਆਪ' ਨਾਲ ਜੁੜ ਰਹੇ ਹਨ। ਵਿਧਾਇਕ ਘੁੰਮਣ ਨੇ ਪਾਰਟੀ ਵਿੱਚ ਸ਼ਾਮਿਲ ਹੋਣ 'ਤੇ ਇਨ੍ਹਾਂ ਆਗੂਆਂ ਦਾ ਸਵਾਗਤ ਕੀਤਾ। ਉਨ੍ਹਾਂ ਕਿਹਾ ਕਿ 'ਆਪ' ਹਮੇਸ਼ਾ ਲੋਕਾਂ ਦੇ ਹੱਕਾਂ ਅਤੇ ਵਿਕਾਸ ਲਈ ਵਚਨਬੱਧ ਰਹੀ ਹੈ। ਉਨ੍ਹਾਂ ਨੇ ਭਾਜਪਾ, ਕਾਂਗਰਸ ਅਤੇ ਅਕਾਲੀ ਦਲ 'ਤੇ ਨਿਸ਼ਾਨਾ ਸਾਧਦੇ ਹੋਏ ਕਿਹਾ ਕਿ ਇਹ ਪਾਰਟੀਆਂ ਸਿਰਫ਼ ਵਾਅਦਿਆਂ ਤੱਕ ਸੀਮਤ ਰਹੀਆਂ ਹਨ ਜਦਕਿ 'ਆਪ' ਸਰਕਾਰ ਨੇ ਜ਼ਮੀਨੀ ਪੱਧਰ 'ਤੇ ਵਿਕਾਸ ਕਰ ਕੇ ਦਿਖਾਇਆ ਹੈ। ਇਸ ਮੌਕੇ ਮਾਰਕੀਟ ਕਮੇਟੀ ਦੇ ਚੇਅਰਮੈਨ ਕੇ ਪੀ ਸੰਧੂ, ਸਰਪੰਚ ਗੁਰਵਿੰਦਰ ਸਿੰਘ, ਐਡਵੋਕੇਟ ਸੁਮਨਦੀਪ ਸਿੰਘ, ਬਲਾਕ ਪ੍ਰਧਾਨ ਕਰਨਲ ਮਾਲਵਾ, ਰੇਸ਼ਮ ਸਿੰਘ, ਮਹਿੰਦਰ ਸਿੰਘ ਬਾਜਵਾ, ਰਾਜਿੰਦਰ ਸਿੰਘ, ਰਸ਼ਪਾਲ ਸਿੰਘ ਨੰਬਰਦਾਰ, ਭੁੱਲਾ ਰਾਮ, ਪਾਸਟਰ ਦਲੀਪ ਚੰਦ, ਅਮਨ ਅਰੋੜਾ ਅਤੇ ਜੱਗਾ ਸਣੇ ਹੋਰ ਪਤਵੰਤੇ ਮੌਜੂਦ ਸਨ।

ਤਰਨ ਤਾਰਨ (ਪੱਤਰ ਪ੍ਰੇਰਕ): ਸ਼੍ਰੋਮਣੀ ਅਕਾਲੀ ਦਲ ਦੇ ਮੀਤ ਪ੍ਰਧਾਨ ਰਮਨਦੀਪ ਸਿੰਘ ਭਰੋਵਾਲ ਨੇ ਅੱਜ ਅਕਾਲੀ ਦੀ ਮੁੱਢਲੀ ਮੈਂਬਰਸ਼ਿਪ ਤੋਂ ਤਿਆਗ ਪੱਤਰ ਦੇ ਕੇ ਭਾਜਪਾ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ ਹੈ। ਉਨ੍ਹਾਂ ਨੂੰ ਭਾਜਪਾ ਵਿੱਚ ਸ਼ਾਮਲ ਕਰਵਾਉਣ ਲਈ ਪਾਰਟੀ ਨੇ ਚੰਡੀਗੜ੍ਹ ਵਿੱਚ ਸਮਾਗਮ ਕਰਵਾਇਆ। ਰਮਨਦੀਪ ਸਿੰਘ ਭਰੋਵਾਲ ਨੇ ਕਿਹਾ ਕਿ ਉਹ ਪਾਰਟੀ ਦੀ ਮਜ਼ਬੂਤੀ ਲਈ ਵਿਧਾਨ ਸਭਾ ਹਲਕਾ ਖਡੂਰ ਸਾਹਿਬ ਵਾਸਤੇ ਕੰਮ ਕਰਨ ਨੂੰ ਪਹਿਲ ਦੇਣਗੇ। ਉਨ੍ਹਾਂ ਨੂੰ ਭਾਜਪਾ ਵਿੱਚ ਸ਼ਾਮਲ ਕਰਵਾਉਣ ਮੌਕੇ ਭੁਪਿੰਦਰ ਸਿੰਘ ਟੀਟੂ, ਤਰਸੇਮ ਸਿੰਘ ਛਾਪੜੀ, ਵਿਨੀਤ ਜੋਸ਼ੀ, ਚਰਨਜੀਤ ਸਿੰਘ ਬਰਾੜ, ਸੁਭਾਸ਼ ਸ਼ਰਮਾ ਆਦਿ ਵੀ ਹਾਜ਼ਰ ਰਹੇ।

# ਫਿਲਮ ਫੈਸਟੀਵਲ 'ਚ ਲਘੂ ਫਿਲਮਾਂ ਨੇ ਦਰਸ਼ਕ ਮੋਹੇ




ਬਠਿੰਡਾ, 31 ਮਾਰਚ (ਪੱਤਰ ਪ੍ਰੇਰਕ)-ਬਲਵੰਤ ਗਾਰਗੀ ਆਡੀਟੋਰੀਅਮ ਵਿੱਚ ਪੰਜਵਾਂ ਬਠਿੰਡਾ ਫਿਲਮ ਫੈਸਟੀਵਲ ਕਰਵਾਇਆ ਗਿਆ। ਸਵੇਰ ਤੋਂ ਸ਼ਾਮ ਤੱਕ ਚੱਲੇ ਇਸ ਫੈਸਟੀਵਲ ਦੌਰਾਨ ਲਘੂ ਅਤੇ ਫੀਚਰ ਫਿਲਮਾਂ ਨੇ ਦਰਸ਼ਕਾਂ ਨੂੰ ਖੂਬ ਪ੍ਰਭਾਵਿਤ ਕੀਤਾ। ਇਸ ਮੌਕੇ ਮੁੱਖ ਮਹਿਮਾਨ ਵਜੋਂ ਡੀ ਜੀ ਪੀ (ਬਠਿੰਡਾ-ਫਿਰੋਜ਼ਪੁਰ ਰੇਂਜ) ਡਾ. ਜਤਿੰਦਰ ਜੈਨ ਅਤੇ ਪੰਜਾਬ ਕ੍ਰਿਕਟ ਐਸੋਸੀਏਸ਼ਨ ਦੇ ਪ੍ਰਧਾਨ ਅਮਰਜੀਤ ਮਹਿਤਾ ਹਾਜ਼ਰ ਰਹੇ। ਵਿਸ਼ੇਸ਼ ਮਹਿਮਾਨਾਂ ਵਿੱਚ ਸ਼ਹਿਰੀ ਵਿਧਾਇਕ ਜਗਰੂਪ ਸਿੰਘ ਗਿੱਲ, ਭੁੱਚੋ ਦੇ ਵਿਧਾਇਕ ਮਾਸਟਰ ਜਗਸੀਰ ਸਿੰਘ, ਗੁਰੂ ਕਾਸ਼ੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਗੁਰਲਾਭ ਸਿੰਘ ਸਿੱਧੂ, ਐੱਸ ਪੀ ਹਿਨਾ, ਡੀ ਐੱਸ ਪੀ ਕਰਮਜੀਤ ਸਿੰਘ, ਡੀ ਐੱਸ ਪੀ ਗੁਰਪ੍ਰੀਤ ਸਿੰਘ ਅਤੇ ਸੰਜੀਵ ਭੰਡਾਰੀ ਸ਼ਾਮਲ ਸਨ। ਫੈਸਟੀਵਲ ਵਿੱਚ ਕੁੱਲ 9 ਲਘੂ ਫਿਲਮਾਂ ਅਤੇ 11 ਫੀਚਰ ਫਿਲਮਾਂ ਦੀ ਪੇਸ਼ਕਾਰੀ ਕੀਤੀ ਗਈ। ਜਿਊਰੀ ਵਿੱਚ ਫਿਲਮ ਜਗਤ ਦੀਆਂ ਹਸਤੀਆਂ ਅਮਰਦੀਪ ਗਿੱਲ, ਮਹਾਬੀਰ ਭੁੱਲਰ, ਅਸ਼ੀਸ਼ ਦੁੱਗਲ ਅਤੇ ਸਰਬਜੀਤ ਕੌਰ ਮਾਂਗਟ ਸ਼ਾਮਲ ਰਹੇ, ਜਿਨ੍ਹਾਂ ਵੱਲੋਂ ਵੱਖ-ਵੱਖ ਸ਼੍ਰੇਣੀਆਂ ਵਿੱਚ ਐਵਾਰਡਾਂ ਦਾ ਐਲਾਨ ਕੀਤਾ ਗਿਆ। ਫੀਚਰ ਫਿਲਮ ਸ਼੍ਰੇਣੀ ਵਿੱਚ ਰਾਜਦੀਪ ਬਰਾੜ ਦੀ ਪੰਜਾਬੀ ਫਿਲਮ '1984 ਦਾ ਬਲਬ' ਨੂੰ ਜਿਊਰੀ ਐਵਾਰਡ ਮਿਲਿਆ। ਬਿਹਤਰੀਨ ਅਦਾਕਾਰ ਦਾ ਪੁਰਸਕਾਰ ਬਾਲ ਕਿਸ਼ਨ ਬਾਲਾ ਨੇ ਹਾਸਲ ਕੀਤਾ, ਜਦਕਿ ਖਲਨਾਇਕ ਭੂਮਿਕਾ ਲਈ ਗੁਰਵਿੰਦਰ ਸ਼ਰਮਾ ਨੂੰ ਸਨਮਾਨਿਤ ਕੀਤਾ ਗਿਆ।ਲਘੂ ਫਿਲਮਾਂ ਵਿੱਚ ਮਿੱਟਸ ਮੂਵੀਜ਼ ਬਠਿੰਡਾ ਨੂੰ ਬੈਸਟ ਪ੍ਰੋਡਕਸ਼ਨ ਹਾਊਸ ਚੁਣਿਆ ਗਿਆ। ਉਨ੍ਹਾਂ ਦੀ ਲਘੂ ਫਿਲਮ 'ਹੱਸ' ਨੂੰ ਦੂਜਾ ਸਥਾਨ ਪ੍ਰਾਪਤ ਹੋਇਆ।

# ਬੇਅਦਬੀ ਦੇ ਦੋਸ਼ੀਆਂ ਖ਼ਿਲਾਫ਼ ਕੋਈ ਕਾਰਵਾਈ ਨਹੀਂ ਹੋਈ: ਹਰਪ੍ਰੀਤ ਸਿੰਘ



ਸੰਗਰੂਰ, 31 ਮਾਰਚ (ਪੱਤਰ ਪ੍ਰੇਰਕ)-ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਨੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦੇਣ ਦੀ ਮੰਗ ਕਰਦਿਆਂ ਡੀ ਸੀ ਦਫ਼ਤਰ ਅੱਗੇ ਧਰਨਾ ਲਿਆ। ਇਸ ਮੌਕੇ ਬੇਅਦਬੀ ਵਿਰੋਧੀ ਕਾਨੂੰਨ ਬਣਾਉਣ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਮ ਚੋਣਾਂ ਕਰਵਾਉਣ ਅਤੇ ਸਮਾਣਾ ਟਾਵਰ ਮੋਰਚੇ ਦੀ ਹਮਾਇਤ ਵਿੱਚ ਵੀ ਆਵਾਜ਼ ਬੁਲੰਦ ਕੀਤੀ ਗਈ। ਧਰਨੇ 'ਚ ਪਾਰਟੀ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ, ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਅਤੇ ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਸਮੇਤ ਸਮੁੱਚੀ ਜ਼ਿਲ੍ਹਾ ਲੀਡਰਸ਼ਿਪ ਹਾਜ਼ਰ ਰਹੀ। ਇਸ ਦੌਰਾਨ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਪਹਿਲਾਂ ਕਾਂਗਰਸ ਅਤੇ ਹੁਣ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਬੇਅਦਬੀ ਦੇ ਦੋਸ਼ੀਆਂ ਖ਼ਿਲਾਫ਼ ਕੋਈ ਕਾਰਵਾਈ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਪੰਥ ਦੇ ਖੈਰ-ਖਵਾਹ ਅਖਵਾਉਣ ਵਾਲਿਆਂ ਨੇ ਹੀ ਸਭ ਤੋਂ ਵੱਧ ਬੇੜਾ ਗਰਕ ਕੀਤਾ ਅਤੇ ਦੋਸ਼ੀਆਂ ਦੀ ਪੁਸ਼ਤਪਨਾਹੀ ਕੀਤੀ। ਉਨ੍ਹਾਂ ਸੁਖਬੀਰ ਸਿੰਘ ਬਾਦਲ 'ਤੇ ਪੰਥ ਅਤੇ ਧਰਮ ਤੋਂ ਭਗੌੜੇ ਹੋਣ ਦਾ ਦੋਸ਼ ਲਾਇਆ। ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੇ ਸਪੱਸ਼ਟ ਕੀਤਾ ਕਿ ਸਿੱਖ ਸਿਧਾਂਤਾਂ ਅਤੇ ਰਵਾਇਤਾਂ ਨੂੰ ਢਾਹ ਲਾ ਕੇ ਸਿਆਸਤ ਕਰਨ ਵਾਲੇ ਕਦੇ ਕਾਮਯਾਬ ਨਹੀਂ ਹੋ ਸਕਦੇ। ਅਕਾਲ ਤਖਤ ਅੱਗੇ ਪਿੱਠ ਦਿਖਾਉਣ ਵਾਲਿਆਂ ਹੱਥ ਨਿਰਾਸ਼ਾ ਹੀ ਲਗਦੀ ਹੈ। ਉਨ੍ਹਾਂ ਚੇਤੇ ਕਰਵਾਇਆ ਕਿ ਬਰਗਾੜੀ ਮੋਰਚੇ ਖ਼ਿਲਾਫ਼ ਵੀ ਸੁਖਬੀਰ ਸਿੰਘ ਬਾਦਲ ਨੇ ਰੈਲੀ ਕੀਤੀ ਸੀ। ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਸੁਖਬੀਰ ਸਿੰਘ ਬਾਦਲ ਸ਼੍ਰੋਮਣੀ ਅਕਾਲੀ ਦਲ ਦਾ ਪਹਿਲਾ ਅਜਿਹਾ ਪ੍ਰਧਾਨ ਹੈ, ਜਿਹੜਾ ਅਕਾਲ ਤਖ਼ਤ ਤੋਂ ਭਗੌੜਾ ਹੋਇਆ। ਅੱਜ ਸਿੱਖ ਕੌਮ ਬਾਦਲ ਦੀਆਂ ਬੱਜਰ ਗਲਤੀਆਂ ਦਾ ਖਮਿਆਜ਼ਾ ਭੁਗਤ ਰਹੀ ਹੈ। ਇਸ ਮੌਕੇ ਬਾਬੂ ਪ੍ਰਕਾਸ਼ ਚੰਦ ਗਰਗ, ਤੇਜਾ ਸਿੰਘ ਕਮਾਲਪੁਰ, ਸੁਖਵੰਤ ਸਿੰਘ ਸਰਾਓ, ਰਾਮਪਾਲ ਸਿੰਘ ਬਹਿਨੀਵਾਲ, ਰਿਪੁਦਮਨ ਸਿੰਘ ਢਿੱਲੋਂ, ਹਰਦੇਵ ਸਿੰਘ ਰੋਗਲਾ ਤੇ ਹੋਰ ਵੀ ਹਾਜ਼ਰ ਸਨ।

ਬੇਰੁਜ਼ਗਾਰ ਸਾਂਝਾ ਮੋਰਚਾ ਦੀ ਅਗਵਾਈ ਹੇਠ ਡੀ ਸੀ ਦਫ਼ਤਰ ਅੱਗੇ ਬੇਰੁਜ਼ਗਾਰਾਂ ਦੇ 96 ਦਿਨਾਂ ਤੋਂ ਚੱਲ ਰਹੇ ਸੂਬਾ ਪੱਧਰੀ ਬੇਮਿਆਦੀ ਪੱਕੇ ਮੋਰਚੇ ਦੀ ਹਮਾਇਤ ਵਿੱਚ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ, ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ, ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਅਤੇ ਸਾਬਕਾ ਵਿਧਾਇਕ ਬਾਬੂ ਪ੍ਰਕਾਸ਼ ਚੰਦ ਗਰਗ ਪੁੱਜੇ। ਇਸ ਦੌਰਾਨ ਆਗੂਆਂ ਨੇ ਮੋਰਚੇ 'ਤੇ ਬੈਠੇ ਬੇਰੁਜ਼ਗਾਰ ਲੜਕੇ-ਲੜਕੀਆਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਦੀਆਂ ਮੰਗਾਂ ਬਾਰੇ ਜਾਣਿਆ। ਬੇਰੁਜ਼ਗਾਰ ਸਾਂਝਾ ਮੋਰਚਾ ਦੇ ਸੂਬਾ ਕਨਵੀਨਰ ਸੁਖਵਿੰਦਰ ਸਿੰਘ ਢਿੱਲਵਾਂ, ਗਗਨਦੀਪ ਕੌਰ ਗਰੇਵਾਲ, ਅਮਨਦੀਪ ਕੌਰ ਅਤੇ ਰਾਜਵੀਰ ਕੌਰ ਨੇ ਗਿਆਨੀ ਹਰਪ੍ਰੀਤ ਸਿੰਘ ਸਮੇਤ ਹੋਰ ਆਗੂਆਂ ਨੂੰ ਦੱਸਿਆ ਕਿ ਉਹ 25 ਦਸੰਬਰ 2025 ਤੋਂ ਮੁੱਖ ਮੰਤਰੀ ਦੇ ਸ਼ਹਿਰ ਵਿਚ ਦਿਨ-ਰਾਤ ਦੇ ਪੱਕੇ ਮੋਰਚੇ 'ਤੇ ਬੈਠੇ ਹਨ ਪਰ ਸੱਤਾਧਾਰੀ ਪਾਰਟੀ ਵਲੋਂ ਸਾਰ ਨਹੀਂ ਲਈ ਜਾ ਰਹੀ। ਵਾਅਦਾ ਕਰਨ ਦੇ ਬਾਵਜੂਦ ਵੀ ਬੇਰੁਜ਼ਗਾਰਾਂ ਦੀਆਂ ਮੰਗਾਂ ਦਾ ਨਿਪਟਾਰਾ ਨਹੀਂ ਕੀਤਾ ਜਾ ਰਿਹਾ ਜਿਸ ਕਾਰਨ ਪੰਜਾਬ ਦੇ ਧੀਆਂ-ਪੁੱਤਾਂ ਨੂੰ ਰੁਜ਼ਗਾਰ ਲਈ ਸੜਕਾਂ 'ਤੇ ਰੁਲਣ ਲਈ ਮਜਬੂਰ ਹੋਣਾ ਪੈ ਰਿਹਾ ਹੈ। ਉਨ੍ਹਾਂ ਗਿਆਨੀ ਹਰਪ੍ਰੀਤ ਸਿੰਘ ਸਮੇਤ ਸਾਰੇ ਆਗੂਆਂ ਨੂੰ ਅਪੀਲ ਕੀਤੀ ਕਿ ਉਹ ਬੇਰੁਜ਼ਗਾਰਾਂ ਦਾ ਸਾਥ ਦੇਣ ਤਾਂ ਜੋ ਉਨ੍ਹਾਂ ਨੂੰ ਰੁਜ਼ਗਾਰ ਮਿਲ ਸਕੇ। ਇਸ ਮੌਕੇ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਸੂਬਾ ਸਰਕਾਰ ਦਾ ਮੁੱਢਲਾ ਫਰਜ਼ ਹੈ ਕਿ ਪੰਜਾਬ ਦੀ ਨੌਜਵਾਨੀ ਨੂੰ ਪੰਜਾਬ ਅੰਦਰ ਹੀ ਯੋਗਤਾ ਅਨੁਸਾਰ ਰੁਜ਼ਗਾਰ ਦੇਵੇ। ਉਨ੍ਹਾਂ ਕਿਹਾ ਕਿ ਭਾਵੇਂ ਪੰਜਾਬ ਸਰਕਾਰ 63 ਹਜ਼ਾਰ ਸਰਕਾਰੀ ਨੌਕਰੀਆਂ ਦੇਣ ਦਾ ਦਾਅਵਾ ਕਰਦੀ ਹੈ ਪਰ 96 ਦਿਨਾਂ ਤੋਂ ਮੁੱਖ ਮੰਤਰੀ ਦੇ ਸ਼ਹਿਰ ਵਿਚ ਪੱਕਾ ਮੋਰਚਾ ਲਗਾ ਕੇ ਬੈਠੇ ਬੇਰੁਜ਼ਗਾਰ ਇਸ ਦਾਅਵੇ ਨੂੰ ਝੁਠਲਾ ਰਹੇ ਹਨ।

# ਕਿਸਾਨ ਯੂਨੀਅਨ (ਏਕਤਾ-ਡਕੌਂਦਾ) ਦੀ ਸੂਬਾਈ ਮੀਟਿੰਗ

## ਡੀ ਸੀ ਦਫਤਰਾਂ ਅੱਗੇ ਧਰਨਿਆਂ ਭਰਵੀਂ ਸ਼ਮੂਲੀਅਤ ਦਾ ਫ਼ੈਸਲਾ



ਬਰਨਾਲਾ, 31 ਮਾਰਚ (ਪੱਤਰ ਪ੍ਰੇਰਕ)-ਭਾਰਤੀ ਕਿਸਾਨ ਯੂਨੀਅਨ (ਏਕਤਾ-ਡਕੌਂਦਾ) ਦੇ ਸੂਬਾ ਪ੍ਰਧਾਨ ਮਨਜੀਤ ਸਿੰਘ ਧਨੇਰ ਦੀ ਅਗਵਾਈ ਹੇਠ ਇੱਥੇ ਤਰਕਸ਼ੀਲ ਭਵਨ ਵਿੱਚ ਸੂਬਾਈ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ ਸੂਬਾ ਕਮੇਟੀ ਤੋਂ ਇਲਾਵਾ 14 ਜ਼ਿਲ੍ਹਿਆਂ ਦੇ ਆਗੂਆਂ ਨੇ ਹਿੱਸਾ ਲਿਆ। ਮੀਟਿੰਗ ਵਿੱਚ ਸੂਬੇ ਦੇ ਕਿਸਾਨਾਂ-ਮਜ਼ਦੂਰਾਂ ਦੇ ਮਸਲੇ, ਕੇਂਦਰ ਸਰਕਾਰ ਦੀਆਂ ਨਿੱਜੀਕਰਨ ਦੀਆਂ ਨੀਤੀਆਂ ਅਤੇ ਪੰਜਾਬ ਸਰਕਾਰ ਦਾ ਕਿਸਾਨ-ਮਜ਼ਦੂਰ ਵਿਰੋਧੀ ਰਵੱਈਆ ਚਰਚਾ ਵਿੱਚ ਰਿਹਾ। ਸੂਬਾ ਜਨਰਲ ਸਕੱਤਰ ਹਰਨੇਕ ਸਿੰਘ ਮਹਿਮਾ ਤੇ ਪ੍ਰੈੱਸ ਸਕੱਤਰ ਅੰਗਰੇਜ਼ ਸਿੰਘ ਭਦੌੜ ਨੇ ਦੱਸਿਆ ਕਿ ਸੰਯੁਕਤ ਕਿਸਾਨ ਮੋਰਚੇ ਪੰਜਾਬ ਵੱਲੋਂ ਪੰਜਾਬ ਦੇ ਪਾਣੀਆਂ ਦਾ ਮਸਲਾ, ਕਿਸਾਨਾਂ-ਮਜ਼ਦੂਰਾਂ ਦੀ ਕਰਜ਼ਾ ਮੁਕਤੀ, ਹੜ੍ਹ ਪੀੜਤ ਕਿਸਾਨਾਂ ਦੀਆਂ ਮੰਗਾਂ ਅਤੇ ਸਾਰੀਆਂ ਫਸਲਾਂ ਦੀ ਐੱਮ ਐੱਸ ਪੀ ਅਤੇ ਖਰੀਦ ਦੀ ਗਾਰੰਟੀ ਦਾ ਕਾਨੂੰਨ ਬਣਾਉਣ ਤੋਂ ਇਲਾਵਾ ਕੇਂਦਰ ਸਰਕਾਰ ਵੱਲੋਂ ਕੀਤੇ ਜਾ ਰਹੇ ਮੁਕਤ ਵਪਾਰ ਸਮਝੌਤੇ ਅਤੇ ਨਿੱਜੀਕਰਨ ਦੀਆਂ ਹੋਰ ਨੀਤੀਆਂ ਖ਼ਿਲਾਫ਼ 6 ਅਪਰੈਲ ਨੂੰ ਸਮੁੱਚੇ ਪੰਜਾਬ ਦੇ ਡੀ ਸੀ ਦਫਤਰਾਂ ਅੱਗੇ ਧਰਨੇ ਦਿੱਤੇ ਜਾ ਰਹੇ ਹਨ, ਜਿਸ ਵਿੱਚ ਜਥੇਬੰਦੀ ਦੀ ਨਿੱਗਰ ਸ਼ਮੂਲੀਅਤ ਦਾ ਫ਼ੈਸਲਾ ਕੀਤਾ ਗਿਆ। ਜਥੇਬੰਦੀ ਦੇ ਸੂਬਾ ਸੀਨੀਅਰ ਮੀਤ ਪ੍ਰਧਾਨ ਗੁਰਦੀਪ ਸਿੰਘ ਰਾਮਪੁਰਾ ਨੇ ਦੱਸਿਆ ਕਿ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਅਨੁਸਾਰ ਮੁਕਤ ਵਪਾਰ ਸਮਝੌਤੇ, ਬਿਜਲੀ ਸੋਧ ਬਿੱਲ, ਬੀਜ ਬਿੱਲ, ਚਾਰ ਲੇਬਰ ਕੋਡ ਅਤੇ ਮਗਨਰੇਗਾ ਕਾਨੂੰਨ ਰੱਦ ਕਰਨ ਖ਼ਿਲਾਫ਼ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ।

## ਜਨ ਜਾਗਰਣ

# ਨਸ਼ਿਆਂ ਦੀ ਹਕੀਕਤ

ਨਸ਼ੀਲੇ ਪਦਾਰਥ ਜਬਤ ਕਰਨ ਦੇ ਮਾਮਲੇ 'ਚ ਪੰਜਾਬ ਦਾ ਸਿਖਰਲੇ ਰਾਜਾਂ ਦੀ ਸੂਚੀ ਵਿੱਚ ਹੋਣਾ ਅਜਿਹਾ ਅੰਕੜਾ ਹੈ ਜੋ ਸੂਬੇ 'ਚ ਨਸ਼ਿਆਂ ਦੀ ਮੌਜੂਦਗੀ ਨੂੰ ਮਾਨਤਾ ਦੇਣ ਦੇ ਨਾਲ ਨਾਲ ਬੇਚੈਨ ਕਰਨ ਵਾਲਾ ਵੀ ਹੈ। ਪਹਿਲੀ ਨਜਰ 'ਚ ਨਸ਼ਿਆਂ ਦੀ ਬਰਾਮਦਗੀ ਵਿੱਚ ਵਾਧਾ ਪ੍ਰਸ਼ਾਸਨ ਦੀ ਨਸ਼ਿਆਂ ਦੇ ਮਜਬੂਤ ਨੈੱਟਵਰਕ ਖਿਲਾਫ ਸਖਤੀ ਦਾ ਸੰਕੇਤ ਹੈ। ਪਰ ਇਹ ਅੰਕੜੇ ਗੰਭੀਰ ਵਿਰੋਧਾਭਾਸ ਨੂੰ ਵੀ ਉਜਾਗਰ ਕਰਦੇ ਹਨ। ਪੰਜਾਬ, ਭਾਰਤ ਦੀ ਕੁੱਲ ਆਬਾਦੀ ਦਾ ਮਹਿਜ 2.3 ਫੀਸਦੀ ਹੈ, ਪਰ ਹੈਰੋਇਨ ਜਬਤ ਕਰਨ ਦੇ ਮਾਮਲੇ ਵਿੱਚ ਪੰਜਾਬ ਦਾ ਹਿੱਸਾ ਕਰੀਬ 44.5 ਫੀਸਦੀ ਹੈ, ਜੋ ਨਸ਼ੀਲੇ ਪਦਾਰਥਾਂ ਦੇ ਕਾਰੋਬਾਰ ਵਿੱਚ ਰਾਜ ਦੀ ਕੇਂਦਰੀ ਭੂਮਿਕਾ ਨੂੰ ਦਰਸਾਉਂਦਾ ਹੈ। ਨਸ਼ੀਲੇ ਪਦਾਰਥਾਂ ਦੀ ਵੱਡੀ ਪੱਧਰ 'ਤੇ ਜਬਤੀ ਨਾ ਕੇਵਲ ਪੁਲੀਸ ਦੀ ਚੰਗੀ ਕਾਰਗੁਜਾਰੀ ਨੂੰ ਦਰਸਾਉਂਦੀ ਹੈ ਬਲਕਿ ਸੂਬੇ ਵਿੱਚ ਵਹਿ ਰਹੇ ਨਸ਼ਿਆਂ ਦੇ ਦਰਿਆ ਵੱਲ ਵੀ ਇਸ਼ਾਰਾ ਕਰਦੀ ਹੈ।ਇੱਕ ਲੱਖ ਦੀ ਵਸੋਂ ਪਿੱਛੇ 25.3 ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਮਾਮਲਿਆਂ ਨਾਲ ਪੰਜਾਬ ਦੇਸ਼ ਭਰ ਵਿੱਚੋਂ ਮੋਹਰੀ ਹੈ ਅਤੇ ਨਸ਼ਾ ਤਸਕਰੀ ਦੇ ਕੇਸ, ਨਸ਼ੇ ਦਾ ਸੇਵਨ ਕਰਨ ਨਾਲੋਂ ਕਿਤੇ ਵੱਧ ਹਨ। 2023 ਵਿੱਚ ਪੰਜਾਬ 'ਚ ਐੱਨ ਡੀ ਪੀ ਐੱਸ ਐਕਟ ਤਹਿਤ 11,589 ਕੇਸ ਦਰਜ ਕੀਤੇ ਗਏ ਜੋ ਕਿਸੇ ਰਾਜ 'ਚ ਕੌਮੀ ਪੱਧਰ 'ਤੇ ਸਭ ਤੋਂ ਵੱਧ ਹਨ। ਨਸ਼ਿਆਂ ਨਾਲ ਹੁੰਦੀਆਂ ਮੌਤਾਂ ਦਾ ਮਾਮਲਾ ਵੀ ਘੱਟ ਚਿੰਤਾਜਨਕ ਨਹੀਂ ਹੈ। 2023 ਦੌਰਾਨ ਪੰਜਾਬ ਵਿੱਚ ਨਸ਼ੇ ਦੀ ਓਵਰਡੋਜ਼ ਕਾਰਨ ਦੇਸ਼ ਭਰ ਵਿੱਚੋਂ ਸਭ ਤੋਂ ਵੱਧ 89 ਮੌਤਾਂ ਹੋਈਆਂ ।ਹਾਲਾਂਕਿ, ਨਸ਼ੀਲੇ ਪਦਾਰਥ ਫੜਨਾ ਪੀੜਤਾਂ ਦਾ ਨਸ਼ਾ ਛੁਡਵਾਉਣ ਦੇ ਮਾਮਲਿਆਂ ਦੇ ਬਰਾਬਰ ਨਹੀਂ ਹੈ। ਨਸ਼ਿਆਂ ਨੂੰ ਜਬਤ ਕਰਨ ਦੀ ਕਾਰਵਾਈ ਕਾਨੂੰਨੀ ਸਖਤੀ ਦੀ ਉਦਾਹਰਣ ਹੈ, ਪਰ ਨਾਲ ਹੀ ਪੰਜਾਬ ਨੂੰ ਭੂਗੋਲਿਕ ਤੇ ਬੇਰੁਜਗਾਰੀ ਵਰਗੀਆਂ ਚੁਣੌਤੀਆਂ ਅਤੇ ਸਰਹੱਦ ਪਾਰ ਤੱਕ ਫੈਲੇ ਨਸ਼ਿਆਂ ਦੇ ਲਚਕੀਲੇ ਨੈਟਵਰਕ ਨੂੰ ਵੀ ਉਜਾਗਰ ਕਰਦੀ ਹੈ।ਨਸ਼ਾ ਤਸਕਰੀ ਦੇ ਢੰਗ-ਤਰੀਕੇ ਤੇਜੀ ਨਾਲ ਬਦਲੇ ਹਨ। ਪਹਿਲਾਂ ਰਵਾਇਤੀ ਢੰਗ ਨਾਲ ਤਸਕਰੀ ਹੁੰਦੀ ਸੀ, ਪਰ ਹੁਣ ਡਰੋਨਾਂ ਰਾਹੀਂ ਤਸਕਰੀ ਹੋਣ ਲੱਗੀ ਹੈ। ਇਸੇ ਕਰਕੇ ਤਸਕਰ ਹੁਣ ਪੁਲੀਸ ਦੀ ਰਵਾਇਤੀ ਤਕਨੀਕ ਦੀ ਰਾਡਾਰ 'ਤੇ ਨਹੀਂ ਆਉਂਦੇ। ਨਤੀਜੇ ਵਜੋਂ ਇਹ ਕਾਰਵਾਈ ਨਸ਼ਿਆਂ ਦੀ ਸਪਲਾਈ ਨੂੰ ਆਰਜੀ ਤੌਰ 'ਤੇ ਰੋਕ ਤਾਂ ਸਕਦੀ ਹੈ ਪਰ ਸ਼ਾਇਦ ਉਸ ਨੂੰ ਖਤਮ ਨਹੀਂ ਕਰ ਸਕਦੀ। ਇਸ ਤੋਂ ਵੀ ਗੰਭੀਰ ਮਾਮਲਾ ਇਹ ਹੈ ਕਿ ਨਸ਼ੇ ਦੀ ਮੰਗ ਵਾਲੇ ਪੱਖ 'ਤੇ ਪੂਰਾ ਧਿਆਨ ਨਹੀਂ ਦਿੱਤਾ ਗਿਆ। ਪੰਜਾਬ ਵਿੱਚ ਨਸ਼ਿਆਂ ਦਾ ਮਾਮਲਾ, ਖੇਤੀਬਾੜੀ ਸੰਕਟ, ਬੇਰੁਜਗਾਰੀ ਅਤੇ ਨੌਜਵਾਨਾਂ ਲਈ ਸੀਮਤ ਮੌਕਿਆਂ ਨਾਲ ਡੂੰਘਾ ਜੁੜਿਆ ਹੋਇਆ ਹੈ। ਮੁੜਵਸੇਬਾ, ਮਾਨਸਿਕ ਦੇਖ-ਭਾਲ 'ਚ ਨਿਰੰਤਰ ਨਿਵੇਸ਼ ਅਤੇ ਲੋਕਾਂ ਦੇ ਸਹਿਯੋਗ ਤੋਂ ਬਿਨਾਂ ਇਹ ਮਸਲਾ ਹੱਲ ਹੋਣਾ ਅਸੰਭਵ ਹੈ। ਇਸ ਲਈ ਪੰਜਾਬ ਦਾ ਨਸ਼ੇ ਫੜਨ ਵਿੱਚ ਮੋਹਰੀ ਹੋਣਾ ਕੋਈ ਮਾਣ ਵਾਲੀ ਗੱਲ ਨਹੀਂ ਹੈ। ਹੁਣ ਧਿਆਨ ਨਸ਼ੇ ਫੜਨ ਤੋਂ ਹਟਾ ਕੇ ਇਸ ਗੱਲ ਵੱਲ ਦੇਣ ਦੀ ਲੋੜ ਹੈ ਕਿ ਕਿੰਨੇ ਨੌਜਵਾਨਾਂ ਨੂੰ ਨਸ਼ਾ ਮੁਕਤ ਕੀਤਾ ਗਿਆ। ਇਸ ਕਦਮ ਨਾਲ ਹੀ ਪੰਜਾਬ ਨਸ਼ਿਆਂ ਦੀ ਸਥਾਈ ਰੋਕਥਾਮ ਦੀ ਦਿਸ਼ਾ ਵਿੱਚ ਅੱਗੇ ਵਧ ਸਕਦਾ ਹੈ।

Editor - Charanjeet Singh ( Under PRP act 2023), Printer and Publisher Ravi Bhardwaj for M/S RR MULTIMEDIA PRIVATE LIMITED, Printed from Impressions Printing and Packaging Limited, Plot No- 22, Industrial Area, Phase- II, Panchkula (Haryana), Published from Jalandhar Office- 7/2, Third Floor, Monica Tower, ER- 146, Pucca Bagh, Milap Chowk, Jalandhar City, Punjab.

( RNI No- PUNPUN/2011/44547)

**Chandigarh Head Office -** Jan Jagran Office, Deshsewak Building, First Floor, Baba Sohan Singh Bhakna Bhawan, Sec -29D, Chandigarh

**Punjab Office -** Monica Tower, 7/2, 3rd Floor, Pacca Bagh, Milap Chowk, Jalandhar, Punjab

**Delhi Office -** Shakti Complex, 6/18, Samaypur Industrial Area, Delhi-110042

# ਸ਼ਾਂਤੀ ਦੂਤਾਂ ਦੀ ਦੁਨੀਆ 'ਚ ਬੇਦੋਸ਼ਿਆਂ ਸਿਰ ਦੋਸ਼...



ਇਜਰਾਈਲ ਅਤੇ ਅਮਰੀਕਾ ਵੱਲੋਂ ਇਰਾਨ 'ਤੇ 28 ਫਰਵਰੀ ਨੂੰ ਕੀਤੇ ਗਏ ਹਮਲੇ ਮਗਰੋਂ ਇਸ ਜੰਗ ਨੂੰ ਸ਼ੁਰੂ ਹੋਇਆਂ ਹੁਣ ਇੱਕ ਮਹੀਨਾ ਬੀਤ ਗਿਆ ਹੈ। ਹਰ ਰੋਜ ਤੁਸੀਂ ਮਿਜ਼ਾਈਲਾਂ ਅਤੇ ਡਰੋਨਾਂ ਨਾਲ ਤਬਾਹੀ ਦੇ ਮੰਜਰ ਦੀਆਂ ਤਸਵੀਰਾਂ ਦੇਖ ਰਹੇ ਹੋ। ਭਾਵੇਂ ਇਹ ਅਮਰੀਕਾ-ਇਜਰਾਈਲ ਵੱਲੋਂ ਇਰਾਨ 'ਤੇ ਕੀਤੇ ਗਏ ਹਮਲੇ ਦੌਰਾਨ ਤਬਾਹੀ ਦੇ ਮੰਜਰ ਹੋਣ ਜਾਂ ਇਰਾਨ ਵੱਲੋਂ ਇਜਰਾਈਲ ਜਾਂ ਖਾੜੀ ਦੇਸ਼ਾਂ ਵਿੱਚ ਅਮਰੀਕੀ ਟਿਕਾਣਿਆਂ ਨੂੰ ਨਿਸ਼ਾਨਾ ਬਣਾ ਕੇ ਕੀਤੇ ਗਏ ਹਮਲੇ। ਸ਼ਨਿੱਚਰਵਾਰ ਨੂੰ ਇਰਾਨ ਨੇ ਇਜਰਾਈਲ ਤੇ ਖਾੜੀ ਮੁਲਕਾਂ ਖਿਲਾਫ ਜੰਗ ਜਾਰੀ ਰੱਖਦਿਆਂ ਸਾਊਦੀ ਅਰਬ ਸਥਿਤ ਅਮਰੀਕਾ ਦੇ ਦੋ ਫੌਜੀ ਅੱਡਿਆਂ 'ਤੇ ਮਿਜਾਈਲ ਹਮਲਾ ਕੀਤਾ, ਜਿਸ ਵਿੱਚ ਘੱਟੋ-ਘੱਟਦਸ ਅਮਰੀਕੀ ਜਵਾਨ ਜਖਮੀ ਹੋ ਗਏ, ਜਿਨ੍ਹਾਂ 'ਚੋਂ ਦੋ ਦੀ ਹਾਲਤ ਗੰਭੀਰ ਹੈ। ਇਰਾਨੀ ਫੌਜ ਦੇ ਤਰਜਮਾਨ ਦਾ ਕਹਿਣਾ ਹੈਕਿ ਇਰਾਨ ਨੇ ਇਹ ਹਮਲਾ ਬੀਤੇ ਦਿਨ ਉਸ ਦੇ ਪ੍ਰਮਾਣੂ ਟਿਕਾਣਿਆਂ 'ਤੇ ਇਜਰਾਇਲੀ ਹਮਲੇ ਦੇ ਜਵਾਬ ਵਜੋਂ ਕੀਤਾ ਹੈ। ਅਮਰੀਕੀ ਅਧਿਕਾਰੀਆਂ ਅਨੁਸਾਰ ਪ੍ਰਿੰਸ ਸੁਲਤਾਨ ਏਅਰਬੇਸ 'ਤੇ ਹੋਏ ਹਮਲੇ ਵਿੱਚ ਅਮਰੀਕਾ ਦੇ ਈਂਧਣ ਭਰਨ ਵਾਲੇ ਕਈ ਜਹਾਜ ਨੁਕਸਾਨੇ ਗਏ ਹਨ। ਹਾਲਾਂਕਿ, ਸਾਊਦੀ ਅਰਬ ਦੇ ਸ਼ਹਿਜਾਦੇ ਮੁਹੰਮਦ-ਬਿਨ-ਸਲਮਾਨ ਨੇ ਪਹਿਲਾਂ ਕਿਹਾ ਸੀ ਕਿ ਉਹ ਅਮਰੀਕੀ ਜੰਗ ਦਾ ਹਿੱਸਾ ਨਹੀਂ ਤੇ ਨਾ ਹੀ ਉਨ੍ਹਾਂ ਦਾਇਸ ਜੰਗ ਨਾਲ ਕੋਈ ਲੈਣਾ-ਦੇਣਾ ਹੈ। ਫਿਰ ਵੀ ਅਮਰੀਕੀ ਜਹਾਜ ਇਸ ਏਅਰਬੇਸ 'ਤੇ ਉਤਰ ਰਹੇ ਸਨ।ਇਸ ਜੰਗ ਨੂੰ ਜਿਆਦਾ ਕਰ ਕੇ ਸਿਰਫ ਪੱਛਮੀ ਏਸ਼ੀਆ ਦੀ ਜੰਗ ਵਜੋਂ ਹੀ ਪੇਸ਼ ਕੀਤਾ ਜਾ ਰਿਹਾ ਹੈ ਪਰ ਜਾਪਦੈ ਕਿ ਇਸ ਦੇ ਨਾਂਹ-ਪੱਖੀ ਅਸਰ ਉਸ ਖਿੱਤੇ ਤੱਕ ਹੀ ਸੀਮਤ ਨਹੀਂ ਰਹੇ ਸਗੋਂ ਦੁਨੀਆ ਭਰ ਦੀ ਸਿਆਸਤ ਤੇ ਅਰਥਚਾਰੇ 'ਤੇ ਵੀ ਪੈਰਹੇ ਹਨ। ਜੇਕਰ ਹੋਰਮੁਜ ਜਲਡਮਰੂ ਰਾਹੀਂ ਤੇਲ ਦੀ ਸਪਲਾਈ ਵਿੱਚ ਵਿਘਨ ਜਾਰੀ ਰਹਿੰਦਾ ਹੈ ਤਾਂ ਦੁਨੀਆ ਵਿੱਚ ਤੇਲ ਦਾ ਸੰਕਟ ਗਹਿਰਾ ਹੋ ਜਾਵੇਗਾ। ਸ਼ੁਰੂ ਵਿੱਚ ਜਾਪਦਾ ਸੀ ਕਿ ਇਹ ਜੰਗ ਕੁਝ ਦੇਰ ਹੀ ਚੱਲੇਗੀ, ਪਰ ਇੱਕ ਮਹੀਨਾ ਬੀਤ ਜਾਣ ਮਗਰੋਂ ਵੀ ਨਿੱਤ ਦਿਨ ਇਸ ਦਾ ਹੋਰ ਵੀ ਖੌਫਨਾਕ ਚਿਹਰਾ ਸਾਹਮਣੇ ਆ ਰਿਹਾ ਹੈ। ਅਮਰੀਕਾ ਦੀ ਉਮੀਦ ਤੋਂ ਉਲਟ ਇਰਾਨ ਵੱਲੋਂ ਝੁਕਣ ਤੋਂ ਇਨਕਾਰ ਕਰਨ ਅਤੇ ਆਪਣੀ ਚੋਟੀ ਦੀ ਲੀਡਰਸ਼ਿਪ ਦੇ ਖਾਤਮੇ ਮਗਰੋਂ ਇਸ ਜੰਗ ਲਈ ਕੋਈ ਵੀ ਕੀਮਤ ਤਾਰਨ ਲਈ ਤਿਆਰ ਰਹਿਣ ਤੇ ਹਮਲਾਵਰ ਰੁਖ ਕਾਰਨ ਇਹ ਜੰਗ ਲੰਮੀ ਚੱਲਣ ਦੇ ਆਸਾਰ ਹਨ।ਪਿਛਲੇ ਸਮੇਂ ਦੌਰਾਨ ਹੋਈਆਂ ਜੰਗਾਂ 'ਤੇ ਨਿਗਾਹ ਮਾਰਿਆਂ ਪਤਾ ਲੱਗਦਾ ਹੈ ਕਿ ਇਹ ਬੇਵਜ੍ਹਾ ਅਤੇ ਬੇਲਗਾਮ ਸਨ ਜਾਂ ਫਿਰ ਇਨ੍ਹਾਂ ਦੇ ਅਸਲ ਕਾਰਨ ਕਦੇ ਸਾਹਮਣੇ ਹੀ ਨਹੀਂ ਆਏ। ਬਹੁਤੀਆਂ ਜੰਗਾਂ ਤਾਂ ਸਿਰਫ ਕੁਝ ਮੁਲਕਾਂ ਦੇ ਸ਼ਾਸਕਾਂ ਦੀ ਜਿੱਦ ਜਾਂ ਨਿੱਜੀ ਏਜੰਡਿਆਂ ਕਾਰਨ ਲੜੀਆਂ ਗਈਆਂ। ਇਸ ਜੰਗ 'ਚ ਸ਼ਾਮਿਲ ਮੁਲਕਾਂ ਦੀ ਭੂਮਿਕਾ ਨੂੰ ਖਾਸ ਨਜਰੀਏ ਤੋਂ ਦੇਖਦਿਆਂ ਸਮਝ ਪੈਂਦਾ ਹੈ ਕਿ ਇਨ੍ਹਾਂ ਮੁਲਕਾਂ ਦੇ ਨੇਤਾ ਆਪਣੀ ਘਟ ਰਹੀ ਮਕਬੂਲੀਅਤ ਨੂੰ ਠੱਲ੍ਹਣ ਜਾਂ ਵਧਾਉਣ ਦੇ ਉਦੇਸ਼ ਨਾਲ ਜੰਗ ਦਾ ਮੈਦਾਨ ਭਖਦਾ ਰੱਖਣਾ ਚਾਹੁੰਦੇ ਹਨ। ਇਜਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਅਤੇ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਦੀ ਸਾਖ ਇਸ ਵੇਲੇ ਕਾਫੀ ਡਿੱਗੀ ਹੋਈ ਹੈ। ਇਨ੍ਹਾਂ ਨੇ ਫਰਵਰੀ ਦੇ ਆਖਰੀ ਦਿਨ ਇਰਾਨ 'ਤੇ ਇਹ ਇਲਜਾਮ ਲਾਉਂਦਿਆਂ ਹਮਲਾ ਕਰ ਦਿੱਤਾ ਕਿ ਇਰਾਨ ਦਾ ਨਿਊਕਲੀਅਰ ਅਤੇ ਮਿਜਾਈਲ ਪ੍ਰੋਗਰਾਮ ਅਮਰੀਕਾ ਅਤੇ ਇਸ ਦੇ ਸਹਿਯੋਗੀ ਮੁਲਕਾਂ ਲਈ ਖਤਰਾ ਬਣ ਸਕਦਾ ਹੈ।ਇਸ ਦੇ ਬਾਵਜੂਦ ਪ੍ਰਮਾਣੂ ਅਤੇ ਫੌਜੀ ਟਿਕਾਣਿਆਂ ਦੇ ਨਾਲ-ਨਾਲ ਇਰਾਨ ਵਿੱਚ ਰਿਹਾਇਸ਼ੀ ਇਲਾਕਿਆਂ 'ਤੇ ਵੀ ਹਮਲੇ ਕੀਤੇ ਗਏ। ਇਸ ਵਿੱਚ ਇੱਕ ਸਕੂਲ 'ਤੇ ਕੀਤਾ ਗਿਆ ਹਮਲਾ ਵੀ ਸ਼ਾਮਿਲ ਹੈ, ਜਿਸ ਵਿੱਚ 165 ਬੱਚੀਆਂ ਮਾਰੀਆਂ ਗਈਆਂ ਸਨ।ਉੱਥੋਂ ਦੇ ਸੁਪਰੀਮ ਲੀਡਰ ਆਇਤੁੱਲਾ ਅਲੀ ਖਮੇਨੇਈ ਸਮੇਤ ਮੂਹਰਲੀ ਕਤਾਰ ਦੇ ਸਿਰਕੱਢ ਆਗੂਆਂ ਨੂੰ ਨਿਸ਼ਾਨਾ ਬਣਾਉਣ ਦੇ ਬਾਵਜੂਦ ਇਰਾਨ ਕਿਸੇ ਕਿਸਮ ਦੇ ਸਮਝੌਤੇ ਜਾਂ ਗੱਲਬਾਤ ਲਈ ਤਿਆਰ ਨਹੀਂ। ਦਲੀਲ ਹੈ ਕਿ ਜਿਸ ਵੇਲੇ ਇਰਾਨ ਨਾਲ ਇਸ ਖਿੱਤੇ ਵਿੱਚ ਅਮਨ ਬਹਾਲੀ ਵਾਸਤੇ ਜਨੇਵਾ ਵਿੱਚ ਗੱਲਬਾਤ ਜਾਰੀ ਸੀ ਅਤੇ ਉਹ ਗੱਲਬਾਤ ਦੌਰਾਨ ਅਮਨ-ਸ਼ਾਂਤੀ ਦੀ ਦਿਸ਼ਾ 'ਚ ਅੱਗੇ ਵਧਣ ਲਈ ਸ਼ਰਤਾਂ ਮੰਨਣ ਲਈ ਸਹਿਮਤ ਸੀ, ਉਸੇ ਵੇਲੇ ਪਤਾ ਨਹੀਂ ਕਿਹੜੇ ਕਾਰਨਾਂ ਅਤੇ ਮਜਬੂਰੀਆਂ ਵੱਸ ਇਸ 'ਤੇ ਹਮਲਾ ਕਰ ਦਿੱਤਾ ਗਿਆ। ਉਸ ਵੇਲੇ 26 ਫਰਵਰੀ (ਦਿਨ ਵੀਰਵਾਰ) ਨੂੰ ਦੂਜੇ ਦੌਰ ਦੀ ਗੱਲਬਾਤ ਸਮਾਪਤ ਹੋਈ ਅਤੇ ਉਸ ਮਗਰੋਂ ਸੋਮਵਾਰ ਨੂੰ ਤੀਜੇ ਦੌਰ ਦੀ ਗੱਲਬਾਤ ਹੋਣੀ ਸੀ, ਪਰ ਇਸ ਤੋਂਪਹਿਲਾਂ ਹੀ 28 ਫਰਵਰੀ ਨੂੰ ਇਰਾਨ 'ਤੇ ਹਮਲਾ ਕਰ ਦਿੱਤਾ ਗਿਆ।ਇਹ ਇੱਕ ਤਰ੍ਹਾਂ ਨਾਲ ਗੱਲਬਾਤ ਦੇ ਓਹਲੇ ਧੋਖੇ ਨਾਲ ਕੀਤਾ ਗਿਆ ਹਮਲਾ ਸੀ।ਇਰਾਨ ਦੀ ਭੂਗੋਲਿਕ ਸਥਿਤੀ ਕਾਰਨ ਹੋਰਮੁਜ ਜਲਡਮਰੂ 'ਤੇ ਇਸ ਦੇ ਕੰਟਰੋਲ ਕਰਕੇ ਦੁਨੀਆ ਭਰ ਦੇ ਕੱਚੇ ਤੇਲ ਅਤੇ ਤੇਲ ਉਤਪਾਦਾਂ ਦੀ ਤਕਰੀਬਨ 20 ਫੀਸਦੀ ਸਪਲਾਈ ਇੱਥੋਂ ਹੋਣ ਕਾਰਨ ਇਸ ਦਾ ਅਸਰ ਸਿਰਫ ਜੰਗ ਲੜ ਰਹੇ ਦੇਸ਼ਾਂ 'ਤੇ ਹੀ ਨਹੀਂ ਸਗੋਂ ਦੁਨੀਆ ਭਰ ਦੇ ਅਰਥਚਾਰਿਆਂ 'ਤੇ ਪੈ ਰਿਹਾ ਹੈ। ਇਰਾਨ ਹੋਰਮੁਜ ਜਲਡਮਰੂ ਨੂੰ ਆਪਣੇ ਰਣਨੀਤਕ ਹਥਿਆਰ ਵਜੋਂ ਵਰਤ ਰਿਹਾ ਹੈ ਅਤੇ ਉਸ ਨੇ ਇਸ ਖੇਤਰ ਵਿੱਚ ਸਮੁੰਦਰ 'ਚ ਬਾਰੂਦੀ ਸੁਰੰਗਾਂ ਵਿਛਾਈਆਂ ਹੋਈਆਂ ਹਨ। ਜੇਕਰ ਉਨ੍ਹਾਂ ਬਾਰੂਦੀ ਸੁਰੰਗਾਂ ਨੂੰ ਇਸ ਖੇਤਰ ਵਿੱਚੋਂ ਹਟਾਉਣਾ ਹੈ ਤਾਂ ਆਪਣੇ ਵੱਡੀ ਗਿਣਤੀ ਸੈਨਿਕਾਂ ਦੀ ਬਲੀ ਦੇਣੀ ਪਵੇਗੀ। ਸ਼ਾਇਦ ਜੰਗ ਛੇੜਨ ਵਾਲੇ ਮੁਲਕਾਂ ਨੂੰ ਭਰੋਸਾ ਸੀ ਕਿ ਜਿਉਂ ਹੀ ਉਹ ਇਰਾਨ ਦੀ ਪਹਿਲੀ ਕਤਾਰ ਦੀ ਲੀਡਰਸ਼ਿਪ ਦਾ ਸਫਾਇਆ ਕਰਨਗੇ ਤਾਂ ਲੋਕਾਂ ਦੇ ਰੋਹ ਦੇ ਬਲ 'ਤੇ ਉੱਥੇ ਸੱਤਾ ਤਬਦੀਲੀ ਕਰਨ ਦੇ ਯਤਨਾਂ ਵਿੱਚ ਕਾਮਯਾਬ ਹੋ ਜਾਣਗੇ, ਪਰ ਅਜਿਹਾ ਹੋਇਆ ਨਹੀਂ। ਮਾਹਿਰਾਂ ਦਾ ਅਨੁਮਾਨ ਹੈ ਕਿ ਪਿਛਲੇ ਸਾਲ ਜੂਨ ਵਿੱਚ ਜਦੋਂ ਅਮਰੀਕਾ ਨੇ ਇਰਾਨ ਦੇ ਫੋਰਡੋ, ਨੇਤਾਂਜ ਅਤੇ ਇਸਫਹਾਨ ਵਿਚਲੇ ਪ੍ਰਮਾਣੂ ਟਿਕਾਣਿਆਂ 'ਤੇ ਬੰਕਰ ਬਸਟਰ ਬੰਬ ਸੁੱਟੇ ਸਨ ਤਾਂ ਉਦੋਂ ਟਕਰਾਅ ਕੁਝ ਦਿਨਾਂ ਬਾਅਦ ਟਲ ਗਿਆ ਸੀ। ਇਰਾਨ ਉਦੋਂ ਤੋਂ ਹੀ ਸਮਝ ਗਿਆ ਸੀ ਕਿ ਇੱਕ ਦਿਨ ਇਹ ਸਥਿਤੀ ਫਿਰ ਉਸ ਦੇ ਸਾਹਮਣੇ ਆਵੇਗੀ ਅਤੇ ਇਸ ਲਈ ਉਹ ਖਾਮੋਸ਼ੀ ਨਾਲ ਲਗਾਤਾਰ ਆਪਣੇ ਆਪ ਨੂੰ ਤਿਆਰ ਕਰ ਰਿਹਾ ਸੀ। ਵੈਨੇਜੁਏਲਾ ਦੇ ਰਾਸ਼ਟਰਪਤੀ ਮਾਦੂਰੋ ਅਤੇ ਉਸ ਦੀ ਪਤਨੀ ਨੂੰ ਰਾਤੋ-ਰਾਤ ਹੈਲੀਕਾਪਟਰ ਰਾਹੀਂ ਚੁੱਕ ਕੇ ਅਮਰੀਕਾ ਲਿਆਉਣ ਅਤੇ ਉੱਥੇ ਸੱਤਾ ਤਬਦੀਲੀ ਕਰਨ ਮਗਰੋਂ ਇਹ ਦਾਅਵਾ ਕਰਦਿਆਂ ਟਰੰਪ ਦੇ ਹੌਸਲੇ ਬਹੁਤ ਬੁਲੰਦ ਸਨ ਕਿ ਵੈਨੇਜੁਏਲਾ ਦੇ ਤੇਲ ਖੂਹ ਹੁਣ ਅਮਰੀਕੀ ਕੰਪਨੀਆਂ ਚਲਾਉਣਗੀਆਂ। ਟਰੰਪ ਨੇ ਇਰਾਨ 'ਤੇ ਹਮਲਾ ਵੀ ਅਮਰੀਕੀ ਕਾਂਗਰਸ ਦੀ ਪ੍ਰਵਾਨਗੀ ਤੋਂ ਬਗੈਰ ਕੀਤਾ। ਸ਼ਾਇਦ ਟਰੰਪ ਤੇ ਉਸ ਦੇ ਜੋਟੀਦਾਰ ਇਜਰਾਇਲੀ ਰਾਸ਼ਟਰਪਤੀ ਨੇਤਨਯਾਹੂ ਨੂੰ ਲੱਗਦਾ ਸੀ ਕਿ ਉਹ ਇਰਾਨ ਵਾਲਾ ਮਾਮਲਾ ਵੀ ਕੁਝ ਦਿਨਾਂ 'ਚ ਹੀ ਨਿਪਟਾ ਲੈਣਗੇ। ਟਰੰਪ ਨੂੰ ਤਾਂ ਵੈਨੇਜੁਏਲਾ ਦੇ ਘਟਨਾਕ੍ਰਮ ਮਗਰੋਂ ਹੱਦੋਂ ਜਿਆਦਾ ਸਵੈ-ਭਰੋਸਾ ਸੀ ਅਤੇ ਉਸ ਦਾ ਕਹਿਣਾ ਸੀ ਕਿ ਇਰਾਨ ਦੇ ਤੇਲ 'ਤੇ ਵੀ ਹੁਣ ਅਮਰੀਕਾ ਦਾ ਕਬਜਾ ਹੋਵੇਗਾ। ਪਰ ਹਕੀਕੀ ਸਥਿਤੀਆਂ ਸਾਹਮਣੇ ਆਉਣ 'ਤੇ ਉਸ ਨੇ ਕਈ ਦੇਸ਼ਾਂ ਨੂੰ ਇਸ ਜੰਗ 'ਚ ਸਾਥ ਦੇਣ ਦਾ ਸੱਦਾ ਦਿੱਤਾ, ਪਰ ਬੇਗਾਨੀ ਜੰਗ ਅਤੇ ਹਿੱਤਾਂ ਤੇ ਏਜੰਡਿਆਂ ਖਾਤਰ ਕਿਹੜਾ ਦੇਸ਼ ਆਪਣੇ ਸੈਨਿਕ ਅਤੇ ਸਾਜੋ-ਸਾਮਾਨ ਜੰਗ ਦੀ ਭੱਠੀ 'ਚ ਝੋਕਦਾ ਹੈ? ਅਮਰੀਕੀ ਭਾਈਵਾਲ ਖਾੜੀ ਦੇਸ਼ ਅੱਗੇ ਹੀ ਇਸ ਜੰਗ ਦੇ ਸਿੱਟੇ ਵਜੋਂ ਇਰਾਨ ਦੇ ਵਾਰ ਝੱਲ ਰਹੇ ਹਨ। ਹਾਲਾਂਕਿ, ਇਰਾਨ ਦਾ ਸਪੱਸ਼ਟ ਕਹਿਣਾ ਹੈ ਕਿ ਉਸ ਦਾ ਮਕਸਦ ਉਨ੍ਹਾਂ ਦੇ ਨਾਗਰਿਕਾਂ ਨੂੰ ਨਿਸ਼ਾਨਾ ਬਣਾਉਣਾ ਨਹੀਂ, ਸਿਰਫ ਅਮਰੀਕੀ ਟਿਕਾਣੇ ਹੀ ਉਸ ਦੇ ਨਿਸ਼ਾਨੇ 'ਤੇ ਹਨ।ਇਰਾਨੀ ਮਾਮਲਿਆਂ ਬਾਰੇ ਮਾਹਿਰਾਂ ਦਾ ਕਹਿਣਾ ਹੈ ਕਿ ਚੋਟੀ ਦੀ ਲੀਡਰਸ਼ਿਪ ਖਤਮ ਕੀਤੇ ਜਾਣ ਦੇ ਬਾਵਜੂਦ ਜੇਕਰ ਇਰਾਨ ਇਸ ਜੰਗ ਵਿੱਚ ਟਿਕਿਆ ਹੋਇਆ ਹੈ ਅਤੇ ਸਾਰੇ ਹੱਲਿਆਂ ਦਾ ਅੱਗੋਂ ਓਨੇ ਹੀ ਹਮਲਾਵਰ ਰੁਖ ਨਾਲ ਜਵਾਬ ਦੇ ਰਿਹਾ ਹੈ ਤਾਂ ਉਸ ਦਾ ਕਾਰਨ ਇਹ ਹੈ ਕਿ ਇਰਾਨੀ ਲੀਡਰਸ਼ਿਪ ਨੇ ਤਿਆਰੀ ਵਜੋਂ ਪਹਿਲਾਂ ਹੀ ਜੰਗ ਦਾ ਖਾਕਾ ਤਿਆਰ ਕੀਤਾ ਹੋਇਆ ਸੀ ਕਿ ਜੇਕਰ ਚੋਟੀ ਦੀ ਲੀਡਰਸ਼ਿਪ ਨਾ ਰਹੀ ਤਾਂ ਫਿਰ ਕੀ ਰਣਨੀਤੀ ਅਪਣਾਈ ਜਾਵੇਗੀ। ਇਰਾਨ ਮਾਮਲਿਆਂ ਬਾਰੇ ਮਾਹਿਰਾਂ ਦਾ ਕਹਿਣਾ ਹੈ ਕਿ ਇਸ ਵੇਲੇ ਜੋ ਫੌਜੀ ਲੀਡਰਸ਼ਿਪ ਦਾ ਸੰਚਾਰ ਹੈ, ਉਹ ਬਿਲਕੁਲ ਰਵਾਇਤੀ ਅੰਦਾਜ ਵਿੱਚ ਸਿਰਫ 'ਮੈਨ ਟੂ ਮੈਨ' ਹੋ ਰਿਹਾ ਹੈ ਅਤੇ ਸੰਚਾਰ ਲਈ ਕਿਸੇ ਕਿਸਮ ਦੇ ਤਕਨੀਕੀ ਉਪਰਕਨ ਨਹੀਂ ਵਰਤੇ ਜਾ ਰਹੇ, ਇੱਥੋਂ ਤੱਕ ਕਿ ਕਿਸੇ ਕਿਸਮ ਦੀ ਘੜੀ, ਅੰਗੂਠੀ ਜਾਂ ਕੁਝ ਵੀ ਹੋਰ।ਇਸੇ ਸ਼ੁੱਕਰਵਾਰ ਨੂੰ ਜੀ-7 ਦੇਸ਼ਾਂ ਦੇ ਵਿਦੇਸ਼ ਮੰਤਰੀਆਂ ਦੀ ਪੱਛਮੀ ਏਸ਼ੀਆ ਅਤੇ ਯੂਕਰੇਨ ਵਿਚਲੇ ਤਣਾਅ ਤੇ ਟਕਰਾਅ ਦੀ ਸਥਿਤੀ ਬਾਰੇ ਵਿਚਾਰ-ਵਟਾਂਦਰੇ ਲਈ ਫਰਾਂਸ ਵਿੱਚ ਮੀਟਿੰਗ ਹੋਈ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਇਰਾਨ ਖਿਲਾਫ ਜੰਗ ਵਿੱਚ ਨਾਟੋ ਸਹਿਯੋਗੀਆਂ ਦੇ ਅਮਰੀਕਾ ਦੀ ਪਿੱਠ 'ਤੇ ਨਾ ਆਉਣ ਲਈ ਆਲੋਚਨਾ ਕੀਤੀ ਸੀ। ਇਸ ਤੋਂ ਇੱਕ ਦਿਨ ਬਾਅਦ ਹੀ ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਇਸ ਮੀਟਿੰਗ ਵਿੱਚ ਹਿੱਸਾ ਲਿਆ। ਅਮਰੀਕਾ ਦੇ ਕਈ ਸਹਿਯੋਗੀਆਂ ਨੇ ਜੰਗ ਬਾਰੇ ਕਈ ਤਰ੍ਹਾਂ ਦੇ ਖਦਸ਼ੇ ਪ੍ਰਗਟਾਉਂਦਿਆਂ ਕੂਟਨੀਤਕ ਯਤਨਾਂ 'ਤੇ ਜੋਰ ਦਿੱਤਾ। ਉੱਧਰ ਫਰਾਂਸ ਦੇ ਹਥਿਆਰਬੰਦ ਬਲਾਂ ਬਾਰੇ ਮੰਤਰੀ ਕੈਥਰੀਨ ਵੌਟਰਿਨ ਦਾ ਸਪੱਸ਼ਟ ਕਹਿਣਾ ਹੈ ਕਿ ਇਹ 'ਜੰਗ ਉਨ੍ਹਾਂ ਦੀ ਨਹੀਂ ਹੈ'।ਇਸੇ ਦੌਰਾਨ ਯੂਨਾਈਟਿਡ ਨੇਸ਼ਨਜ ਦੀ ਮਨੁੱਖੀ ਅਧਿਕਾਰਾਂ ਬਾਰੇ ਕੌਂਸਲ (ਹਿਊਮਨ ਰਾਈਟਸ ਕੌਂਸਲ) ਦੇ 61ਵੇਂ ਸੈਸ਼ਨ ਨੂੰ ਸੰਬੋਧਨ ਕਰਦਿਆਂ ਇਰਾਨ ਦੇ ਵਿਦੇਸ਼ ਮੰਤਰੀ ਸਈਦ ਅੱਬਾਸ ਅਰਾਗਚੀ ਨੇ ਕਿਹਾ ਹੈ ਕਿ ਇਰਾਨ 'ਤੇ 28 ਫਰਵਰੀ ਨੂੰ ਗੈਰਕਾਨੂੰਨੀ ਜੰਗ ਉਸ ਵੇਲੇ ਥੋਪੀ ਗਈ ਜਦੋਂ ਉਸ ਦੀ ਵਾਸ਼ਿੰਗਟਨ ਨਾਲ ਕੂਟਨੀਤਕ ਵਾਰਤਾ ਚੱਲ ਰਹੀ ਸੀ। ਦੱਖਣੀ ਇਰਾਨ ਦੇ ਮਿਨਾਬ ਵਿੱਚ ਲੜਕੀਆਂ ਦੇ ਸਕੂਲ 'ਤੇ ਕੀਤਾ ਗਿਆ ਹਮਲਾ ਬਹੁਤ ਸੋਚਿਆ-ਸਮਝਿਆ ਸੀ, ਜਿਸ ਵਿੱਚ ਵਿਦਿਆਰਥਣਾਂ ਅਤੇ ਸਕੂਲ ਦੇ ਅਮਲੇ ਸਣੇ 175 ਵਿਅਕਤੀਆਂ ਦੀਆਂ ਜਾਨਾਂ ਜਾਂਦੀਆਂ ਰਹੀਆਂ ਸਨ।ਇੱਥੇ ਸੋਚਣ ਵਾਲੀ ਗੱਲ ਇਹ ਹੈ ਕਿ ਜੰਗ 'ਚ ਉਲਝੇ ਦੇਸ਼ਾਂ ਵੱਲੋਂ ਕਾਰਵਾਈਆਂ ਅਤੇ ਜਵਾਬੀ ਕਾਰਵਾਈਆਂ ਦਾ ਅਸਲ ਸ਼ਿਕਾਰ ਕੌਣ ਹੁੰਦਾ ਹੈ? ਕੀ ਇਨ੍ਹਾਂ ਦੇਸ਼ਾਂ ਦੇ ਸੈਨਿਕਾਂ ਦੀ ਦੂਜੇ ਦੇਸ਼ ਦੇ ਸੈਨਿਕਾਂ ਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਕੋਈ ਦੁਸ਼ਮਣੀ ਹੁੰਦੀ ਹੈ? ਹਰਗਿਜ ਨਹੀਂ...। ਦਰਅਸਲ, ਸੱਤਾ 'ਤੇ ਕਾਬਜ ਚੋਟੀ ਦੇ ਲੀਡਰਾਂ ਦੀ ਤਾਂ ਆਪਣੇ ਹਿੱਤਾਂ ਅਤੇ ਏਜੰਡਿਆਂ ਕਾਰਨ ਇੱਕ-ਦੂਜੇ ਨਾਲ ਦੁਸ਼ਮਣੀ ਹੋ ਸਕਦੀ ਹੈ। ਉਹ ਆਪ ਵੱਡੇ ਤੇ ਸਭ ਤੋਂ ਸੁਰੱਖਿਅਤ ਮਹਿਲਾਂ ਜਾਂ ਭਵਨਾਂ ਵਿੱਚ ਬੈਠ ਕੇ ਫੌਜੀ ਹਮਲੇ ਦੇ ਫਰਮਾਨ ਜਾਰੀ ਕਰਦੇ ਹਨ ਅਤੇ ਦੇਸ਼ਭਗਤੀ ਦੇ ਨਾਂ'ਤੇ ਆਪਣੇ ਸੈਨਿਕਾਂ ਨੂੰ ਜੰਗ ਦੀ ਭੱਠੀ ਵਿੱਚ ਝੋਕਦੇ ਹਨ। ਇੱਕ-ਦੂਜੇ ਦੇ ਦੇਸ਼ ਤੋਂ ਹਜਾਰਾਂ ਮੀਲ ਦੂਰ ਵੱਸਦੇ ਇਨ੍ਹਾਂ ਸੈਨਿਕਾਂ ਦੀ ਭਲਾ ਆਪਸ 'ਚ ਕੀ ਦੁਸ਼ਮਣੀ, ਜਿਸ ਨੂੰ ਨਿਭਾਉਣ ਖਾਤਰ ਉਹ ਆਪਣੀ ਮਾਂ ਦੀ ਝੋਲੀ ਸੁੰਨੀ ਕਰ ਜਾਂਦੇ ਨੇ ਜਾਂ ਫਿਰ ਕਿਸੇ ਦੂਜੇ ਦੀ ਮਾਂ ਦੀ ਗੋਦ ਖਾਲੀ ਕਰ ਦਿੰਦੇ ਨੇ। ਇਨ੍ਹਾਂ ਜੰਗਾਂ ਦੀ ਕੀਮਤ ਮਾਵਾਂ, ਪਤਨੀਆਂ ਤੇ ਧੀਆਂ-ਭੈਣਾਂ ਬਾਕੀ ਬਚੀ ਸਾਰੀ ਉਮਰ ਤਾਰਦੀਆਂਨੇ; ਜੰਗਾਂ ਲਾਉਣ ਵਾਲੇ ਲੀਡਰ ਨਹੀਂ।ਇਹ ਕਿਹੋ ਜਿਹੀ ਦੁਨੀਆ ਹੈ ਜਿੱਥੇ ਮਹਾਨ ਸ਼ਾਂਤੀ ਦੂਤ ਵਜੋਂ ਵਿਰਾਸਤ ਬਣਾਉਣ ਦੇ ਖਾਹਿਸ਼ਮੰਦ ਦੂਜੇ ਮੁਲਕਾਂ ਦੇ ਬੇਦੋਸ਼ੇ ਲੋਕਾਂ ਨੂੰ ਜੰਗ ਦਾ ਖਾਜਾ ਬਣਾਉਂਦੇ ਹਨ?

**-ਅਰਵਿੰਦਰ ਜੌਹਲ**

# ਮੁਕਤ ਵਪਾਰ ਸਮਝੌਤਿਆਂ ਦਾ ਮੱਕੜਜਾਲ

ਵਿਸ਼ਵੀਕਰਨ ਦੇ ਇਸ ਦੌਰ ਵਿੱਚ ਮੁਕਤ ਵਪਾਰ ਸਮਝੌਤੇ ਦੁਨੀਆ ਦੀਆਂ ਆਰਥਿਕ ਨੀਤੀਆਂ ਦਾ ਇੱਕ ਮਹੱਤਵਪੂਰਨ ਹਥਿਆਰ ਬਣ ਚੁੱਕੇ ਹਨ। ਵੱਡੀਆਂ ਆਰਥਿਕ ਸ਼ਕਤੀਆਂ ਇਹ ਦਲੀਲ ਦਿੰਦੀਆਂ ਹਨ ਕਿ ਇਨ੍ਹਾਂ ਸਮਝੌਤਿਆਂ ਰਾਹੀਂ ਵਪਾਰ ਵਧਦਾ ਹੈ, ਨਿਵੇਸ ਆਉਂਦਾ ਹੈ ਅਤੇ ਵਿਕਾਸ ਦੀਆਂ ਨਵੀਆਂ ਸੰਭਾਵਨਾਵਾਂ ਪੈਦਾ ਹੁੰਦੀਆਂ ਹਨ। ਦਰਅਸਲ, ਮੁਕਤ ਵਪਾਰ ਸਮਝੌਤਿਆਂ ਦਾ ਅਸਰ ਬਹੁਤ ਵਿਆਪਕ ਹੁੰਦਾ ਹੈ। ਇੱਕ ਪਾਸੇ ਇਹ ਸਮਝੌਤੇ ਸਾਮਰਾਜੀ ਦੇਸਾਂ ਨੂੰ ਮੁਨਾਫੇ ਬਖਸਦੇ ਹਨ, ਦੂਜੇ ਪਾਸੇ ਵਿਕਾਸਸੀਲ ਅਤੇ ਪੱਛੜੇ ਦੇਸਾਂ ਦੀ ਲੁੱਟ ਦਾ ਸਾਧਨ ਵੀ ਬਣਦੇ ਹਨ। ਇਹ ਕਿਸਾਨੀ, ਛੋਟੇ ਉਦਯੋਗਾਂ, ਮਜਦੂਰ ਵਰਗ ਅਤੇ ਦੇਸ ਦੀ ਆਰਥਿਕ ਖੁਦਮੁਖਤਿਆਰੀ ਉੱਤੇ ਵੀ ਡੂੰਘਾ ਪ੍ਰਭਾਵ ਪਾਉਂਦੇ ਹਨ। ਭਾਰਤ ਦੇ ਲੋਕਾਂ ਲਈ ਇਹ ਸਵਾਲ ਹੋਰ ਵੀ ਗੰਭੀਰ ਬਣ ਜਾਂਦਾ ਹੈ ਕਿ ਕੀ ਮੁਕਤ ਵਪਾਰ ਸਮਝੌਤੇ ਸੱਚਮੁੱਚ ਵਿਕਾਸ ਦਾ ਰਾਹ ਖੋਲ੍ਹਦੇ ਹਨ ਜਾਂ ਫਿਰ ਇਹ ਸਿਰਫ ਵੱਡੀਆਂ ਬਹੁਕੌਮੀ ਕੰਪਨੀਆਂ ਅਤੇ ਸਾਮਰਾਜੀ ਦੇਸਾਂ ਦੇ ਹਿੱਤਾਂ ਨੂੰ ਹੀ ਮਜਬੂਤ ਕਰਦੇ ਹਨ? ਇਸ ਪ੍ਰਸੰਗ ਵਿੱਚ ਅੱਜ ਜਦੋਂ ਨਵੇਂ ਮੁਕਤ ਵਪਾਰ ਸਮਝੌਤਿਆਂ ਦੀ ਗੱਲਬਾਤ ਤੇਜ ਹੋ ਰਹੀ ਹੈ ਤਾਂ ਇਹ ਲਾਜਮੀ ਹੈ ਕਿ ਇਨ੍ਹਾਂ ਦੇ ਅਸਲ ਮਕਸਦ ਅਤੇ ਸੰਭਾਵਿਤ ਪ੍ਰਭਾਵਾਂ ਨੂੰ ਗੰਭੀਰਤਾ ਨਾਲ ਵਿਚਾਰਿਆ ਜਾਵੇ।ਇਹ ਸਮਝੌਤੇ ਕੋਈ ਅਚਾਨਕ ਨਹੀਂ ਹੋਣ ਲੱਗੇ, ਸਗੋਂ ਇਨ੍ਹਾਂ ਦਾ ਮੁੱਢ ਬਹੁਤ ਪਹਿਲਾਂ ਬੱਝਿਆ। ਅਸਲ ਵਿੱਚ ਹਕੀਕਤ ਇਹ ਹੈ ਕਿ ਭਾਰਤ ਪਹਿਲਾਂ ਬਰਤਾਨਵੀ ਸਾਮਰਾਜੀਆਂ ਦੇ ਸਿੱਧੇ ਗਲਬੇ ਹੇਠ ਸੀ ਤੇ 1947 ਤੋਂ ਬਾਅਦ ਬਰਤਾਨਵੀ ਸਾਮਰਾਜੀਆਂ ਸਮੇਤ 25 ਛੋਟੇ ਵੱਡੇ ਸਾਮਰਾਜੀ ਦੇਸ ਇਸ ਨੂੰ ਲੁੱਟਦੇ ਆ ਰਹੇ ਹਨ। ਸਰਕਾਰ-ਪੱਖੀ ਬੁੱਧੀਜੀਵੀ ਇਸ ਸਮਝੌਤੇ ਨੂੰ ਦੇਸ ਲਈ ਲਾਹੇਵੰਦ ਦੱਸ ਰਹੇ ਹਨ, ਜਦੋਂਕਿ ਦੇਸ ਦੀਆਂ ਕਿਸਾਨ, ਮਜਦੂਰ ਅਤੇ ਮੁਲਾਜਮ ਜਥੇਬੰਦੀਆਂ ਇਨ੍ਹਾਂ ਸਮਝੌਤਿਆਂ ਦਾ ਸਖਤ ਵਿਰੋਧ ਕਰ ਰਹੀਆਂ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਮੁਕਤ ਵਪਾਰ ਸਮਝੌਤਾ ਨਹੀਂ ਬਲਕਿ 'ਗੁਲਾਮ ਵਪਾਰ ਸਮਝੌਤਾ' ਹੈ। ਭਾਰਤ ਦੀਆਂ ਕੇਂਦਰੀ ਸਰਕਾਰਾਂ ਪੜਾਅ-ਦਰ-ਪੜਾਅ ਸੰਨ 1991 ਦੀਆਂ ਆਰਥਿਕ ਨੀਤੀਆਂ ਲਾਗੂ ਕਰਦੀਆਂ ਆ ਰਹੀਆਂ ਹਨ ਤੇ ਮੌਜੂਦਾ ਸਰਕਾਰ ਇਨ੍ਹਾਂ ਨੀਤੀਆਂ ਨੂੰ ਪੂਰੀ ਤੇਜੀ ਨਾਲ ਲਾਗੂ ਕਰ ਰਹੀ ਹੈ। ਮੋਦੀ ਸਰਕਾਰ ਦੇ ਸ਼ਾਸਨਕਾਲ ਵਿੱਚ ਹੀ ਬਿਜਲੀ ਸੋਧ ਬਿੱਲ, ਬੀਜ ਬਿੱਲ, ਚਾਰ ਲੇਬਰ ਕੋਡ ਅਤੇ ਜੀ ਰਾਮ ਜੀ ਵਰਗੇ ਕਾਨੂੰਨ ਲਿਆਂਦੇ ਗਏ।ਦੂਜੀ ਆਲਮੀ ਜੰਗ ਮਗਰੋਂ ਵਿਸ਼ਵ ਵਪਾਰ ਨੂੰ ਨਿਯਮਬੱਧ ਕਰਨ ਲਈ 1947 ਵਿੱਚ ਜਨਰਲ ਐਗਰੀਮੈਂਟ ਔਨ ਟੈਰਿਫਸ ਐਂਡ ਟਰੇਡ () ਬਣਾਇਆ ਗਿਆ। 1991 ਵਿੱਚ 'ਡੰਕਲ ਡਰਾਫਟ' ਨੇ ਇੱਕ ਨਵੇਂ ਢਾਂਚੇ ਦੀ ਬੁਨਿਆਦ ਰੱਖੀ। ਇਹ ਨੀਤੀਆਂ ਭਾਰਤ ਅੰਦਰ ਸਾਮਰਾਜੀ ਲੁੱਟ-ਖਸੁੱਟ ਦੇ ਪੰਜੇ ਨੂੰ ਹੋਰ ਮਜਬੂਤ ਕਰਨ ਦਾ ਜਰੀਆ ਬਣ ਰਹੀਆਂ ਸਨ ਜਿਵੇਂ ਸਬਸਿਡੀਆਂ ਘਟਾਉਣ ਦਾ ਦਬਾਅ, ਵਿਕਾਸਸੀਲ ਦੇਸਾਂ ਲਈ ਐੱਮ ਐੱਸ ਪੀ, ਪਬਲਿਕ ਡਿਸਟ੍ਰੀਬਿਊਸਨ ਸਿਸਟਮ (ਪੀ ਡੀ ਐੱਸ) ਖਤਮ ਕਰਨ ਲਈ ਦਬਾਅ ਅਤੇ ਸਸਤੀ ਦਰਾਮਦ ਨਾਲ ਦੇਸੀ ਕਿਸਾਨਾਂ ਨੂੰ ਨੁਕਸਾਨ ਪਹੁੰਚਾਉਣਾ। ਇਸ ਤੋਂ ਬਾਅਦ ਪਹਿਲੀ ਜਨਵਰੀ 1995 ਨੂੰ ਵਰਲਡ ਟਰੇਡ ਆਰਗਨਾਈਜੇਸਨ (ਡਬਲਿਊ ਟੀ ਓ) ਦੀ ਸਥਾਪਨਾ ਹੋਈ, ਜਿਸ ਨਾਲ ਮੁਕਤ ਵਪਾਰ ਸਮਝੌਤੇ (ਐੱਫ ਟੀ ਏਜ) ਤੇਜੀ ਨਾਲ ਵਧੇ।ਰੂਸ ਅਤੇ ਯੂਕਰੇਨ ਦੀ ਜੰਗ, ਇਜਰਾਈਲ-ਫਲਸਤੀਨ ਟਕਰਾਅ, ਇਰਾਨ ਨਾਲ ਸਿੱਧਾ ਟਕਰਾਅ, ਵੈਨੇਜੁਏਲਾ, ਕਿਊਬਾ ਤੇ ਲਾਤੀਨੀ ਅਮਰੀਕਾ ਉੱਤੇ ਕਬਜੇ ਵਿੱਚ ਅਮਰੀਕਾ ਦੀ ਅਹਿਮ ਭੂਮਿਕਾ ਰਹੀ ਹੈ। ਅਮਰੀਕੀ ਸਾਮਰਾਜ ਚਾਹੁੰਦਾ ਹੈ ਕਿ ਉਹ ਦੁਨੀਆ ਦੀ ਸਭ ਤੋਂ ਵੱਡੀ ਫੌਜੀ, ਆਰਥਿਕ ਅਤੇ ਰਾਜਨੀਤਿਕ ਤਾਕਤ ਬਣਿਆ ਰਹੇ। ਇਸ ਲਈ ਉਹ ਆਪਣੇ ਮੁਕਾਬਲੇ ਵਿੱਚ ਖੜ੍ਹੇ ਚੀਨ ਅਤੇ ਰੂਸ ਨੂੰ ਨਾਕਾਮ ਕਰਨਾ ਚਾਹੁੰਦਾ ਹੈ। ਅਮਰੀਕਾ ਦੁਨੀਆ ਭਰ ਦੇ ਤੇਲ, ਗੈਸ, ਸਮੁੰਦਰੀ ਰਸਤੇ ਤੇ ਹਥਿਆਰਾਂ ਦੀ ਮਾਰਕੀਟ ਉੱਪਰ ਮੁਕੰਮਲ ਕਬਜਾ ਚਾਹੁੰਦਾ ਹੈ। ਐਪਸਟੀਨ ਫਾਈਲਾਂ ਨਾਲ ਅਮਰੀਕਾ ਵਿੱਚ ਟਰੰਪ ਦੀ ਹਰਮਨ ਪਿਆਰਤਾ ਨੂੰ ਕਾਫੀ ਖੋਰਾ ਲੱਗ ਰਿਹਾ ਹੈ। ਇਸ ਤੋਂ ਲੋਕਾਂ ਦਾ ਧਿਆਨ ਭਟਕਾਉਣ ਅਤੇ ਆਰਥਿਕ ਮੰਦਵਾੜੇ ਤੋਂ ਬਚਣ ਲਈ ਟਰੰਪ ਹੁਣ ਦੂਜੇ ਦੇਸਾਂ ਦੇ ਪ੍ਰਧਾਨ ਮੰਤਰੀਆਂ ਦੀ ਸੰਘੀ ਨੱਪ ਕੇ ਸਮਝੌਤੇ ਕਰਾ ਰਿਹਾ ਹੈ। ਵਿਕਸਿਤ ਦੇਸਾਂ ਦੇ ਕਾਰਪੋਰੇਟ ਘਰਾਣਿਆਂ ਦੀ ਵੀ ਇਹੀ ਲੋੜ ਹੈ ਕਿ ਦੱਬੇ-ਕੁਚਲੇ ਦੇਸਾਂ ਵਿੱਚ ਉਹ ਆਪਣੇ ਤਿਆਰ ਸਾਮਾਨ ਲਈ ਬਾਜਾਰ ਵਿਕਸਿਤ ਕਰ ਸਕਣ।ਸਾਮਰਾਜੀ ਮੁਲਕਾਂ ਦੇ ਆਗੂ ਤੀਜੀ ਦੁਨੀਆ ਦੇ ਮੁਲਕਾਂ 'ਚ ਆਪਣੇ ਮੁਨਾਫੇ ਲਈ ਗਲਬੇ ਨੂੰ ਹੋਰ ਮਜਬੂਤ ਕਰਨ ਲਈ ਆਪਣੀਆਂ ਸਾਮਰਾਜੀ ਏਜੰਸੀਆਂ ਡਬਲਿਊ ਟੀ ਓ, ਆਈ ਐੱਮ ਐੱਫ ਤੇ ਵਿਸ਼ਵ ਬੈਂਕ ਰਾਹੀਂ ਸਿੱਧੇ ਕੰਟਰੋਲ ਨੂੰ ਸਥਾਪਿਤ ਕਰਨ ਲਈ ਤਰ੍ਹਾਂ-ਤਰ੍ਹਾਂ ਦੇ ਨਵੇਂ ਕਾਨੂੰਨ ਅਤੇ ਵਪਾਰਕ ਨੀਤੀਆਂ ਲਿਆ ਰਹੇ ਹਨ। ਇਨ੍ਹਾਂ ਨੀਤੀਆਂ ਤਹਿਤ ਹੀ ਖੁੱਲ੍ਹੀ ਮੰਡੀ ਹੋਂਦ ਵਿੱਚ ਆਈ ਹੈ, ਜਿਸ ਦਾ ਪ੍ਰਚਾਰ ਧੂਮ-ਧੜੱਕੇ ਨਾਲ ਕੀਤਾ ਜਾ ਰਿਹਾ ਹੈ। ਅਮਰੀਕੀ ਸਾਮਰਾਜ ਚਾਹੁੰਦਾ ਹੈ ਕਿ ਉਸ ਦਾ ਮਾਲ ਬਿਨਾਂ ਕਿਸੇ ਟੈਕਸ ਤੇ ਹੋਰ ਰੋਕਾਂ ਤੋਂ ਦੂਜੇ ਦੇਸਾਂ ਵਿੱਚ ਵੇਚਣ ਦੀ ਖੁੱਲ੍ਹ ਹੋਵੇ। ਡਬਲਿਊ ਟੀ ਓ ਰਾਹੀਂ ਟੈਕਸ ਸਿਫਰ ਕਰਨ ਲਈ ਭਾਰਤ ਨਾਲ ਲੰਮੇ ਸਮੇਂ ਤੋਂ ਗੱਲਬਾਤ ਦਾ ਗੇੜ ਚਲਾਇਆ ਗਿਆ, ਜਿਸ ਵਿੱਚ ਤੈਅ ਹੋਇਆ ਕਿ ਅਮਰੀਕਾ ਭਾਰਤੀ ਸਾਮਾਨ 'ਤੇ 18 ਫੀਸਦੀ ਟੈਰਿਫ ਲਾਵੇਗਾ ਅਤੇ ਭਾਰਤ ਵਿੱਚ ਅਮਰੀਕਾ ਦਾ ਸਮਾਨ 0 ਫੀਸਦੀ ਟੈਰਿਫ 'ਤੇ ਆਵੇਗਾ। ਅਮਰੀਕਾ ਵੱਲੋਂ ਨਾਲ ਹੀ ਇਹ ਹਦਾਇਤ ਵੀ ਲਾਗੂ ਕੀਤੀ ਗਈ ਕਿ ਭਾਰਤ ਅਗਲੇ ਪੰਜ ਸਾਲਾਂ ਵਿੱਚ ਅਮਰੀਕਾ ਤੋਂ 500 ਅਰਬ ਡਾਲਰ ਦਾ ਸਾਮਾਨ ਖਰੀਦੇਗਾ। ਇਹ ਸਮਝੌਤੇ ਇਸੇ ਸਾਮਰਾਜੀ ਖੁੱਲ੍ਹੀ ਮੰਡੀ ਦੇ ਫਲਸਫੇ 'ਤੇ ਆਧਾਰਿਤ ਹਨ, ਜਿਨ੍ਹਾਂ ਦਾ ਪ੍ਰਭਾਵ ਭਾਰਤ ਦੇ ਕਿਸਾਨਾਂ, ਮਜਦੂਰਾਂ ਤੇ ਛੋਟੇ ਵਪਾਰੀਆਂ 'ਤੇ ਇਸ ਤਰ੍ਹਾਂ ਪੈ ਸਕਦਾ ਹੈ:- ਅਗਸਤ 2025 ਵਿੱਚ ਅਮਰੀਕਾ ਤੋਂ ਆਉਣ ਵਾਲੇ ਨਰਮੇ 'ਤੇ ਟੈਕਸ ਸਿਫਰ ਕਰ ਦੇਣ ਨਾਲ ਕੱਪੜਾ ਮਿੱਲਾਂ ਵਾਲਿਆਂ ਨੇ ਆਪਣੀ ਲੋੜ ਅਨੁਸਾਰ ਅਮਰੀਕਾ ਦਾ ਸਸਤਾ ਨਰਮਾ ਖਰੀਦ ਕੇ ਸਟੋਰ ਕਰ ਲਿਆ, ਜਿਸ ਨਾਲ ਭਾਰਤੀ ਕਿਸਾਨਾਂ ਦਾ ਨਰਮਾ ਮੰਦੇ ਭਾਅ ਰਹਿ ਗਿਆ।- ਡੀ ਡੀ ਜੀ ਜਾਂ ਸੁੱਕੇ ਡਿਸਟਿਲਡ ਅਨਾਜ ਵਜੋਂ ਮੱਕੀ 'ਤੇ ਡਿਊਟੀ ਟੈਕਸ ਨਹੀਂ ਲਗਾਇਆ ਜਾਵੇਗਾ। ਭਾਰਤ ਹੁਣ ਤੱਕ ਪੰਜ ਲੱਖ ਟਨ ਤੱਕ ਮੱਕੀ ਦੀ ਦਰਾਮਦ 'ਤੇ 15 ਫੀਸਦੀ ਡਿਊਟੀ ਅਤੇ ਕਿਸੇ ਵੀ ਵੱਧ ਦਰਾਮਦ 'ਤੇ 50 ਫੀਸਦੀ ਡਿਊਟੀ ਲੈਂਦਾ ਹੈ। ਇਹ ਡਿਊਟੀ ਘਟਾ ਕੇ ਜੀਰੋ ਕਰ ਦਿੱਤੀ ਜਾਵੇਗੀ, ਜਿਸ ਨਾਲ 120 ਲੱਖ ਮੱਕੀ ਉਤਪਾਦਕ ਬੁਰੀ ਤਰ੍ਹਾਂ ਪ੍ਰਭਾਵਿਤ ਹੋਣਗੇ।- ਅਮਰੀਕਾ ਤੋਂ ਆਉਣ ਵਾਲਾ ਸੋਇਆਬੀਨ ਦਾ ਤੇਲ 40 ਲੱਖ ਸੋਇਆਬੀਨ ਉਤਪਾਦਕ ਕਿਸਾਨਾਂ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰੇਗਾ, ਜਿਸ ਨਾਲ ਹੋਰ ਤੇਲ ਜਿਵੇਂ ਸੂਰਜਮੁਖੀ, ਨਾਰੀਅਲ ਆਦਿ ਤੇਲਾਂ ਦੀਆਂ ਕੀਮਤਾਂ ਡਿੱਗ ਜਾਣਗੀਆਂ।- ਇਨ੍ਹਾਂ ਵਪਾਰ ਸਮਝੌਤਿਆਂ ਅਨੁਸਾਰ ਸਾਰੇ ਫਲਾਂ, ਮੁਰੱਬਿਆਂ ਅਤੇ ਸੁੱਕੇ ਮੇਵਿਆਂ ਤੋਂ ਸਾਰੇ ਤਰ੍ਹਾਂ ਦੇ ਟੈਰਿਫ ਅਤੇ ਰੋਕਾਂ ਹਟਾ ਦਿੱਤੀਆਂ ਜਾਣਗੀਆਂ, ਜਿਸ ਨਾਲ ਭਾਰਤ ਦੇ 55 ਲੱਖ ਸੇਬ ਉਤਪਾਦਕਾਂ ਤੋਂ ਇਲਾਵਾ ਫਲ ਮੇਵੇ ਪੈਦਾ ਕਰਨ ਵਾਲੇ ਕਿਸਾਨ ਪਰਿਵਾਰ ਵੱਡੇ ਸੰਕਟ ਵਿੱਚ ਫਸ ਜਾਣਗੇ।ਅੰਤਰਿਮ ਸਮਝੌਤੇ ਵਿੱਚ ਦਰਜ ਕੀਤੇ ਇਹ ਸਬਦ "ਭੋਜਨ ਅਤੇ ਖੇਤੀਬਾੜੀ ਉਤਪਾਦਾਂ ਨਾਲ ਸਬੰਧਿਤ 'ਗੈਰ-ਟੈਰਿਫ ਰੋਕਾਂ' ਹਟਾ ਦਿੱਤੀਆਂ ਜਾਣਗੀਆਂ" ਬਹੁਤ ਹੀ ਘਾਤਕ ਹਨ।ਵਿਕਸਿਤ ਮੁਲਕਾਂ ਨੇ ਵਿਸ਼ਵੀਕਰਨ ਦੀ ਇੱਕ ਨਵੀਂ ਲਹਿਰ ਦੀ ਅਗਵਾਈ ਕੀਤੀ ਹੈ। ਭਾਰਤ ਸਮੇਤ ਏਸੀਆ, ਅਫਰੀਕਾ ਤੇ ਲਾਤੀਨੀ ਅਮਰੀਕਾ ਸਣੇ ਦੁਨੀਆ ਭਰ ਦੇ ਗਰੀਬ ਮੁਲਕਾਂ ਵਿੱਚ ਕੌਮਾਂਤਰੀ ਮੁਦਰਾ ਕੋਸ ਤੇ ਸੰਸਾਰ ਬੈਂਕ ਵੱਲੋਂ ਥੋਪਿਆ ਗਿਆ 'ਢਾਂਚਾਗਤ ਤਬਦੀਲੀ ਪ੍ਰੋਗਰਾਮ' ਲਾਗੂ ਕੀਤਾ ਗਿਆ। ਇਹ ਇੱਕ ਸਾਮਰਾਜੀ ਪ੍ਰੋਗਰਾਮ ਸੀ, ਜੋ ਅਮਰੀਕਾ ਦੇ ਮੁਨਾਫੇ ਦੇ ਹਿੱਤਾਂ ਅਨੁਸਾਰ ਖੇਤੀ ਤੇ ਹੋਰ ਧੰਦਿਆਂ ਲਈ ਬਣਾਇਆ ਗਿਆ ਸੀ। ਇਸ ਪ੍ਰੋਗਰਾਮ ਦੀਆਂ ਨੀਤੀਆਂ ਅਧੀਨ ਪੇਂਡੂ ਸਬਸਿਡੀਆਂ ਅਤੇ ਭਲਾਈ ਪ੍ਰੋਗਰਾਮ ਵਿੱਚ ਕਟੌਤੀਆਂ ਕੀਤੀਆਂ ਗਈਆਂ, ਜੋ ਮਿਹਨਤਕਸ ਤਬਕੇ ਲਈ ਤਕਲੀਫਦੇਹ ਸਾਬਿਤ ਹੋਈਆਂ ਹਨ। ਸਾਮਰਾਜੀ ਵਿਸ਼ਵੀਕਰਨ ਪ੍ਰੋਗਰਾਮ ਵਿਸ਼ਵ ਵਪਾਰ ਸੰਸਥਾ, ਸੰਸਾਰ ਬੈਂਕ ਅਤੇ ਵਿਸਵ ਮੁਦਰਾ ਕੋਸ ਜਿਹੀਆਂ ਸੰਸਥਾਵਾਂ ਰਾਹੀਂ ਖੇਤੀ ਧੰਦੇ ਵਿਚ ਲੁੱਟ ਨੂੰ ਤੇਜੀ ਨਾਲ ਅੱਗੇ ਵਧਾਉਣ ਦਾ ਏਜੰਡਾ ਹੈ। ਮੰਡੀ ਨੂੰ ਖੋਲ੍ਹਣ ਲਈ ਵਿਕਾਸਸੀਲ ਦੇਸ ਅਤੇ ਦੱਬੇ-ਕੁਚਲੇ ਮੁਲਕਾਂ ਉੱਪਰ ਦਬਾਅ ਬਣਾਇਆ ਜਾ ਰਿਹਾ ਹੈ। ਵਿਸਵੀਕਰਨ ਦੀਆਂ ਨੀਤੀਆਂ ਨਵੀਂ ਖੇਤੀ ਮਸੀਨਰੀ, ਟੈਕਨੋਲੋਜੀ, ਸਾਮਰਾਜੀ ਪੂੰਜੀ ਅਤੇ ਖੇਤੀ ਤਬਦੀਲੀ ਰਾਹੀਂ ਖੇਤੀ ਧੰਦੇ ਦੀ ਢਾਂਚਾਗਤ ਤਬਦੀਲੀ ਕਰਕੇ ਰਵਾਇਤੀ ਅਤੇ ਗੁਜਾਰੇ ਦੀ ਖੇਤੀ ਨੂੰ ਖਤਮ ਕਰਨ ਵੱਲ ਸੇਧਿਤ ਹਨ। ਸਾਮਰਾਜ ਕੌਮਾਂਤਰੀ ਪੱਧਰ 'ਤੇ ਵਿੱਤੀ ਸਰਮਾਏ ਦੇ ਗਲਬੇ ਰਾਹੀਂ ਦਬੇ-ਕੁਚਲੇ ਮੁਲਕਾਂ ਦੀ ਆਰਥਿਕਤਾ ਨੂੰ ਕਮਜੋਰ ਕਰਦਾ ਹੈ ਤੇ ਉਨ੍ਹਾਂ ਨੂੰ ਆਪਣੇ ਹਿੱਤਾਂ ਅਨੁਸਾਰ ਲੁੱਟਦਾ ਹੈ। ਸਾਮਰਾਜ ਬਹੁਤ ਸਾਰੇ ਢੰਗਾਂ ਰਾਹੀਂ ਤੀਜੀ ਦੁਨੀਆ ਦੇ ਮੁਲਕਾਂ 'ਚ ਘੁਸਪੈਠ ਤੇ ਲੁੱਟ-ਖਸੁੱਟ ਕਰਕੇ ਆਪਣਾ ਗਲਬਾ ਕਾਇਮ ਕਰਦਾ ਹੈ ਜਿਵੇਂ ਦੂਜੇ ਦੇਸਾਂ ਵਿੱਚ ਆਪਣੇ ਕਾਰਖਾਨੇ ਲਾਉਣੇ, ਸਰਕਾਰਾਂ ਨੂੰ ਕਰਜੇ ਦੇਣੇ, ਵਿਦੇਸੀ ਸਹਾਇਤਾ, ਤਕਨੀਕ, ਹਥਿਆਰਾਂ ਦੀ ਵੇਚ, ਸਰਕਾਰੀ ਅਤੇ ਫੌਜੀ ਅਮਲੇ ਦੀ ਸਿਖਲਾਈ ਅਤੇ ਹੋਰ ਤਰੀਕਿਆਂ ਰਾਹੀਂ ਸਾਮਰਾਜ ਇਨ੍ਹਾਂ ਮੁਲਕਾਂ ਵਿੱਚ ਲੁੱਟ-ਖਸੁੱਟ ਅਤੇ ਦਾਬਾ ਹਾਸਲ ਕਰਦਾ ਹੈ। ਆਰਥਿਕ ਪੱਖੋਂ ਕਮਜੋਰ ਕੌਮਾਂ ਨਾਲ ਸਾਮਰਾਜ ਦਾ ਰਿਸਤਾ ਇਨ੍ਹਾਂ ਮੁਲਕਾਂ ਨੂੰ ਹੋਰ ਨਿਘਾਰ ਵੱਲ ਹੀ ਲਿਜਾ ਸਕਦਾ ਹੈ। ਸਾਮਰਾਜ ਨੂੰ ਇੱਕ ਅਜਿਹੇ ਨਵ-ਬਸਤੀ ਮੁਲਕ ਦੀ ਲੋੜ ਹੁੰਦੀ ਹੈ, ਜਿੱਥੇ ਲੋਕਾਂ ਨੂੰ ਦਬਾਇਆ ਜਾ ਸਕੇ। ਸਾਮਰਾਜ ਲਈ ਇਨ੍ਹਾਂ ਮੁਲਕਾਂ ਵਿੱਚ ਸੁਰੂਆਤੀ ਨੁਕਤਾ ਮੁਨਾਫਾ ਕਮਾਉਣਾ ਅਤੇ ਗਲਬਾ ਸਥਾਪਿਤ ਕਰਨਾ ਹੈ।ਜੇਕਰ ਅਮਰੀਕਾ ਤੋਂ ਭੋਜਨ ਅਤੇ ਖੇਤੀ ਨਾਲ ਸਬੰਧਿਤ ਵਸਤਾਂ ਬਿਨਾਂ ਕਿਸੇ ਰੋਕ-ਟੋਕ ਤੋਂ ਭਾਰਤ ਵਿੱਚ ਆਉਣਗੀਆਂ ਤਾਂ ਇਸ ਨਾਲ ਭਾਰਤ ਦੇ ਕਿਸਾਨਾਂ ਦਾ ਵੱਡੇ ਪੱਧਰ 'ਤੇ ਨੁਕਸਾਨ ਹੋਵੇਗਾ। ਇਸ ਨਾਲ ਖੇਤੀ 'ਤੇ ਨਿਰਭਰ ਮਜਦੂਰ, ਛੋਟੇ ਦੁਕਾਨਦਾਰ ਅਤੇ ਛੋਟੇ ਕਾਰੋਬਾਰੀਆਂ 'ਤੇ ਮਾੜਾ ਅਸਰ ਪਵੇਗਾ। ਭਾਰਤ ਦੇ ਕਿਸਾਨਾਂ, ਮਜਦੂਰਾਂ ਅਤੇ ਹੋਰ ਲੋਕਾਂ ਨੇ ਖੇਤੀ ਕਾਨੂੰਨਾਂ ਅਤੇ ਮੁਕਤ ਵਪਾਰ ਸਮਝੌਤੇ ਕਾਰਨ ਖੜ੍ਹੇ ਹੋਣ ਵਾਲੇ ਖਤਰਿਆਂ ਨੂੰ ਚੰਗੀ ਤਰ੍ਹਾਂ ਭਾਂਪ ਲਿਆ ਹੈ। ਇਸ ਲਈ 'ਸੰਯੁਕਤ ਕਿਸਾਨ ਮੋਰਚੇ' ਵੱਲੋਂ ਮਜਬੂਤੀ ਨਾਲ ਬੀਜ ਬਿੱਲ, ਬਿਜਲੀ ਸੋਧ ਬਿੱਲ, ਲੇਬਰ ਕੋਡ, ਜੀ ਰਾਮ ਜੀ ਅਤੇ ਮੁਕਤ ਵਪਾਰ ਸਮਝੌਤੇ ਦਾ ਲਗਾਤਾਰ ਵਿਰੋਧ ਕੀਤਾ ਜਾ ਰਿਹਾ ਹੈ ਤੇ ਨਾਲ ਹੀ ਦੇਸ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਸੰਯੁਕਤ ਰਾਜ ਅਮਰੀਕਾ ਦੇ ਰਾਸਟਰਪਤੀ ਡੋਨਲਡ ਟਰੰਪ ਦੇ ਪੁਤਲੇ ਵੀ ਸਾੜੇ ਜਾ ਰਹੇ ਹਨ। ਦੇਸ਼ ਪੱਧਰ 'ਤੇ ਵਿਧਾਇਕਾਂ ਅਤੇ ਸੰਸਦ ਮੈਂਬਰਾਂ ਦੇ ਘਰਾਂ ਅਤੇ ਦਫਤਰਾਂ ਦੇ ਬਾਹਰ ਰੋਸ ਮੁਜਾਹਰੇ ਵੀ ਕੀਤੇ ਜਾ ਰਹੇ ਹਨ ਕਿਉਂਕਿ ਇਸ ਦੇ ਲਾਗੂ ਹੋਣ ਕਾਰਨ ਕਿਸਾਨ, ਮਜਦੂਰ ਅਤੇ ਖੇਤੀਬਾੜੀ 'ਤੇ ਨਿਰਭਰ ਛੋਟੇ ਤੇ ਦਰਮਿਆਨੇ ਵਪਾਰੀ ਇਨ੍ਹਾਂ ਸਮਝੌਤਿਆਂ ਕਾਰਨ ਤਬਾਹੀ ਦੇ ਕੰਢੇ ਪੁੱਜ ਜਾਣਗੇ।

**-ਪਰਦੀਪ ਮੁਸਾਹਿਬ**

# ...ਜਦ ਵਾੜ ਹੀ ਖੇਤ ਨੂੰ ਖਾਣ ਲੱਗੇ, ਪੰਜਾਬ ਦੇ ਮੱਥੇ ਤੋਂ ਨਸੇ ਦਾ ਧੱਬਾ ਲਾਹੁਣ ਲਈ ਸਾਂਝੇ ਯਤਨਾਂ ਦੀ ਲੋੜ

ਅੰਦਾਜਨ 1980 ਤੋਂ ਪੰਜਾਬ ਨਸ਼ਿਆਂ ਦੇ ਸੰਤਾਪ ਨੂੰ ਭੋਗ ਰਿਹਾ ਹੈ। ਸਿਆਸੀ ਪਾਰਟੀਆਂ ਵੱਲੋਂ ਵਿਧਾਨ ਸਭਾ ਦੀਆਂ ਚੋਣਾਂ ਤੋਂ ਪਹਿਲਾਂ ਵਾਅਦਿਆਂ ਦੀ ਝੜੀ ਵਿਚ ਪੰਜਾਬ ਨੂੰ ਖੁਸਹਾਲ ਬਣਾਉਣ ਅਤੇ ਨਸ਼ਿਆਂ ਦਾ ਲੱਕ ਤੋੜਨ ਵਾਲੇ ਮੁੱਦਿਆਂ ਨੂੰ ਉਭਾਰ ਕੇ ਸਤਾ ਪ੍ਰਾਪਤੀ ਦੇ ਯਤਨ ਹੁੰਦੇ ਰਹੇ। ਖੁਸਹਾਲੀ ਤਾਂ ਸਿਆਸੀ ਲੋਕਾਂ ਦੇ ਹਿੱਸੇ ਹੀ ਆਈ ਹੈ। ਹਾਂ , ਨਸ਼ਿਆਂ ਦੀ ਮਾਰੂ ਹਨੇਰੀ ਨੇ ਲੋਕਾਂ ਦੇ ਚੁੱਲ੍ਹੇ ਠੰਢੇ ਕਰਨ ਦੇ ਨਾਲ-ਨਾਲ ਸਿਵਿਆਂ ਦੀ ਅੱਗ ਨੂੰ ਪ੍ਰਚੰਡ ਕੀਤਾ ਹੈ।ਨਸ਼ਿਆਂ ਕਾਰਨ ਜਿੱਥੇ ਜਵਾਨੀ ਦਾ ਘਾਣ ਹੋਇਆ ਹੈ , ਉੱਥੇ ਹੀ ਮਾਵਾਂ-ਭੈਣਾਂ ਦੇ ਵਹਿੰਦੇ ਖੂਨ ਦੇ ਅੱਥਰੂ , ਬਾਪ ਦੇ ਚਿਹਰੇ 'ਤੇ ਛਾਈ ਘੋਰ ਉਦਾਸੀ ਅਤੇ ਮਸੂਮ ਬੱਚਿਆਂ ਦੀਆਂ ਚੀਕਾਂ ਨੇ ਸਮੁੱਚੇ ਪੰਜਾਬ ਦੀ ਹਵਾ ਨੂੰ ਸੋਗੀ ਕਰ ਦਿੱਤਾ ਹੈ। ਵਰਤਮਾਨ ਸਰਕਾਰ ਛੇ ਮਹੀਨਿਆਂ ਦੇ ਅੰਦਰ ਨਸੇ ਨੂੰ ਖਤਮ ਕਰਨ ਦੇ ਵਾਅਦੇ ਨਾਲ ਮਾਰਚ 2022 ਨੂੰ ਹੋਂਦ ਵਿਚ ਆਈ ਸੀ। ਸਰਕਾਰ ਵੱਲੋਂ ਨਸਾ ਤਸਕਰਾਂ ਦੀ ਗ੍ਰਿਫਤਾਰੀ ਤੇ ਵੱਡੀ ਮਾਤਰਾ ਵਿਚ ਨਸੇ ਦੀਆਂ ਖੇਪਾਂ ਨੂੰ ਫੜ ਕੇ ਸਪਲਾਈ ਲਾਈਨ ਨੂੰ ਰੋਕਣ ਅਤੇ ਨਸੱਈਆਂ ਨੂੰ ਮੁੱਖ ਧਾਰਾ ਵਿਚ ਲਿਆਉਣ ਦੇ ਯਤਨ ਤਾਂ ਹੁੰਦੇ ਰਹੇ , ਪਰ 'ਚਿੱਟੇ ' ਦਾ ਮਾਰੂ ਕਹਿਰ ਪੂਰੀ ਤਰ੍ਹਾਂ ਰੁਕਿਆ ਨਹੀਂ। ਮੈਡੀਕਲ ਨਸਾ ਵੀ ਚੋਰੀ ਛੁਪੇ ਵਿਕਦਾ ਰਿਹਾ ਹੈ।ਪੰਜਾਬ ਸਰਕਾਰ ਨੇ ਪਹਿਲਾਂ ਇਕ ਮਾਰਚ 2025 ਤੋਂ ' ਯੁੱਧ ਨਸ਼ਿਆਂ ਵਿਰੁੱਧ ' ਮੁਹਿੰਮ ਸੁਰੂ ਕੀਤੀ ਅਤੇ ਫਿਰ ' ਯੁੱਧ ਨਸ਼ਿਆਂ ਵਿਰੁੱਧ- 2' 10 ਜਨਵਰੀ 2026 ਤੋਂ ਸੁਰੂ ਕੀਤੀ ਗਈ। ਜਿਸ ਵਿਚ ਲੋਕਾਂ ਨੂੰ ਮੁਹਿੰਮ 'ਚ ਸ਼ਾਮਲ ਕਰਨ ਲਈ ਵਲੰਟੀਅਰਾਂ ਦੇ ਨਾਲ-ਨਾਲ ਪੰਜਾਬ ਦੇ 13241 ਸਰਪੰਚਾਂ ਨੂੰ ' ਪਿੰਡ ਬਚਾਓ ਕਮੇਟੀ ' ਦਾ ਮੁਖੀ ਬਣਾ ਕੇ ਹਰ ਪਿੰਡ ਨੂੰ ਨਸਾ ਮੁਕਤ ਕਰਨ ਦੀ ਜਿੰਮੇਵਾਰੀ ਸੌਂਪੀ ਗਈ। ਪੁਲਿਸ ਪ੍ਰਸਾਸਨ ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ ਕਿ ' ਪਿੰਡ ਬਚਾਓ ਕਮੇਟੀ ' ਦੇ ਮੁਖੀਆਂ ਨੂੰ ਨਸ਼ਿਆਂ ਵਿਰੁੱਧ ਜੰਗ ਵਿਚ ਪੂਰਨ ਸਹਿਯੋਗ ਦਿੱਤਾ ਜਾਵੇ।ਪੁਲਿਸ ਵਿਭਾਗ ਵੱਲੋਂ ਲੋਕਾਂ ਨੂੰ ਸੁਚੇਤ ਕਰਨ ਲਈ ਵੱਖ-ਵੱਖ ਥਾਵਾਂ 'ਤੇ ਸੈਮੀਨਾਰ ਵੀ ਕਰਵਾਏ ਗਏ। ਤਸਕਰਾਂ ਦੀ ਫੜੋ-ਫੜੀ ਨਾਲ ਥਾਣਿਆਂ ਦੇ ਰੋਜਨਾਮਚੇ ਵਿਚ ਰਿਪੋਰਟਾਂ ਦੀ ਗਿਣਤੀ ਵਿਚ ਵਾਧਾ ਹੁੰਦਾ ਗਿਆ। ਪੰਜਾਬ ਦੀਆਂ ਜੇਲ੍ਹਾਂ ਵਿਚ ਪੁਰਸ ਕੈਦੀ ਰੱਖਣ ਦੀ ਸਮਰੱਥਾ 21790 ਹੈ ਪਰ 26481 ਕੈਦੀ ਜੇਲ੍ਹਾਂ ਵਿਚ ਡੱਕੇ ਗਏ। ਇਸ ਤਰ੍ਹਾਂ ਹੀ ਔਰਤ ਕੈਦੀਆਂ ਨੂੰ ਰੱਖਣ ਦੀ ਸਮਰੱਥਾ 1408 ਹੈ। ਪਰ ਅੰਦਾਜਨ 1600 ਔਰਤ ਕੈਦੀ ਜੇਲ੍ਹ ਦੀ ਹਵਾ ਖਾ ਰਹੀਆਂ ਹਨ। ਸਰਕਾਰ ਵੱਲੋਂ ਧੂੰਆਂਧਾਰ ਪ੍ਰਚਾਰ , ਨਸੇ ਦੀ ਭਾਰੀ ਮਾਤਰਾ ਵਿਚ ਬਰਾਮਦਗੀ , ਤਸਕਰਾਂ ਦੀ ਫੜੋ-ਫੜੀ ਅਤੇ ਨਸੱਈਆਂ ਦਾ ਇਲਾਜ ਕਰਵਾ ਕੇ ਮੁੱਖ ਧਾਰਾ ਵਿਚ ਲਿਆਉਣ ਦੇ ਯਤਨ ਜੰਗੀ ਪੱਧਰ 'ਤੇ ਜਾਰੀ ਹਨ ਪਰ ਇਨ੍ਹਾਂ ਯਤਨਾਂ 'ਤੇ ਉਸ ਵੇਲੇ ਪ੍ਰਸਨ ਚਿੰਨ੍ਹ ਲੱਗ ਗਿਆ ਜਦੋਂ ਨਸੇ ਦੀ ਰੋਕਥਾਮ ਕਰਨ ਵਾਲਿਆਂ ਕੋਲੋਂ ਹੀ ਨਸੇ ਦੀ ਭਾਰੀ ਬਰਾਮਦਗੀ ਹੋਈ ।ਤਰਨਤਾਰਨ ਜਿਲ੍ਹੇ ਦੇ ਪਿੰਡ ਦਾ ਇਕ ਸਰਪੰਚ 18 ਕਿਲੋ ਹੈਰੋਇਨ ਨਾਲ 15 ਮਾਰਚ ਨੂੰ ਫੜਿਆ ਗਿਆ। ਸਰਪੰਚ ਕੋਲੋਂ ਇਹ ਬਰਾਮਦਗੀ ਰਾਸਟਰੀ ਨਾਰਕੋਟਿਕਸ ਬਿਊਰੋ ਵੱਲੋਂ ਗੁਪਤ ਸੂਚਨਾ ਦੇ ਆਧਾਰ 'ਤੇ ਉਸ ਦੇ ਘਰੋਂ ਹੀ ਕੀਤੀ ਗਈ। ਦੁੱਖ ਅਤੇ ਹੈਰਾਨੀ ਇਸ ਗੱਲ ਦੀ ਹੈ ਕਿ ਉਸ ਨੂੰ ਸਰਕਾਰ ਵੱਲੋਂ ਪਿੰਡ ਦੀ ਨਸਾ ਵਿਰੋਧੀ ਕਮੇਟੀ ਦਾ ਚੇਅਰਮੈਨ ਲਾਇਆ ਹੋਇਆ ਸੀ ਅਤੇ ਇਸ ਸਰਪੰਚ ਦੇ ਰਾਜਸੀ ਨੇਤਾਵਾਂ ਨਾਲ ਨੇੜਲੇ ਸਬੰਧ ਸਨ ।ਗੰਭੀਰ ਚਿੰਤਾ ਦਾ ਵਿਸਾ ਇਹ ਹੈ ਕਿ ਇਸ ਦੀ ਸੂਚਨਾ ਕੁਝ ਮੀਲਾਂ 'ਤੇ ਸਥਿਤ ਥਾਣੇ ਦੇ ਕਰਮਚਾਰੀਆਂ ਨੂੰ ਨਹੀਂ ਮਿਲੀ ? ਸਥਾਨਕ ਵਿਧਾਇਕ ਵੀ ਉਸ ਦੀ ਨਸਾ ਤਸਕਰੀ ਦੇ ਕਾਲੇ ਕਾਰੋਬਾਰ ਤੋਂ ਅਨਜਾਣ ਸੀ ? ਪੰਜਾਬ ਪੁਲਿਸ ਦੀ ਥਾਂ ਕੇਂਦਰੀ ਨਾਰਕੋਟਿਕਸ ਬਿਊਰੋ ਨੂੰ ਸਰਪੰਚ ਦੀ ਗ੍ਰਿਫਤਾਰੀ ਕਿਉਂ ਕਰਨੀ ਪਈ ? 90 ਕਰੋੜ ਮੁੱਲ ਦੀ ਇਸ ਹੈਰੋਇਨ ਨੇ ਪਤਾ ਨਹੀਂ ਕਿੰਨੇ ਘਰਾਂ ਦੇ ਚਿਰਾਗ ਬੁਝਾਉਣੇ ਸਨ। ਅਨੇਕਾਂ ਨੌਜਵਾਨਾਂ ਨੂੰ ਨਸਾ ਸਪਲਾਈ ਕਰਨ ਲਈ ਵਰਤੇ ਜਾਣ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ।ਭਲਾ , ਦੁੱਧ ਦੀ ਰਾਖੀ ਬਿੱਲੇ ਨੂੰ ਬਿਠਾ ਕੇ ਦੁੱਧ ਦਾ ਬਚਾਓ ਕਿੰਜ ਹੋਵੇਗਾ ? ਦਰਅਸਲ ਜਦੋਂ ਦਰਬਾਨਾਂ ਦੀ ਅੱਖ ਚੋਰਾਂ ਨਾਲ ਮਿਲ ਜਾਵੇ ਤਾਂ ਜਾਨ ਅਤੇ ਮਾਲ ਦੋਵਾਂ ਨੂੰ ਹੀ ਗੰਭੀਰ ਖਤਰਾ ਹੁੰਦਾ ਹੈ। ਮਾਲੀ ਦਗਾਬਾਜ਼ ਹੋ ਜਾਣ ਤਾਂ ਮਹਿਕਾਂ ਦੀ ਪੱਤ ਰੁਲ ਜਾਂਦੀ ਹੈ। ਅਜਿਹੀਆਂ ਕਾਲੀਆਂ ਭੇਡਾਂ ਦੀ ਕਰਤੂਤ ਕਾਰਨ ਹੀ ਲੋਕਾਂ ਦੇ ਚੁੱਲ੍ਹੇ ਠੰਢੇ, ਜਵਾਨੀ ਦਾ ਘਾਣ ਅਤੇ ਸਿਵਿਆਂ ਦੀ ਅੱਗ ਪ੍ਰਚੰਡ ਹੋ ਰਹੀ ਹੈ।14 ਫਰਵਰੀ 2026 ਨੂੰ ਪੁਲਿਸ ਵਿਭਾਗ ਵਿਚ ਸੇਵਾ ਕਰਦੇ ਕਰਮਚਾਰੀ ਦਾ ਨੌਜਵਾਨ ਪੁੱਤਰ ਨਸੇ ਦੀ ਓਵਰਡੋਜ ਨਾਲ ਅੰਮ੍ਰਿਤਸਰ ਵਿਖੇ ਮਰ ਗਿਆ।

**-ਮੋਹਨ ਸਰਮਾ**

# ਮੰਤਰੀ ਅਮਨ ਅਰੋੜਾ ਦੇ ਘਰ ਮੂਹਰੇ ਗੱਜੇ ਮੈਡੀਕਲ ਪ੍ਰੈਕਟੀਸ਼ਨਰ



ਸੁਨਾਮ, 31 ਮਾਰਚ (ਪੱਤਰ ਪ੍ਰੇਰਕ)- ਪੇਂਡੂ ਖੇਤਰਾਂ ਵਿੱਚ ਸਿਹਤ ਸੇਵਾਵਾਂ ਨਿਭਾਅ ਰਹੇ ਮੈਡੀਕਲ ਪ੍ਰੈਕਟੀਸਨਰਾਂ ਨੇ ਐਤਵਾਰ ਨੂੰ ਸੁਨਾਮ ਵਿਖੇ ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਅਤੇ ਕੈਬਨਿਟ ਮੰਤਰੀ ਅਮਨ ਅਰੋੜਾ ਦੇ ਘਰ ਮੂਹਰੇ ਧਰਨਾ ਦੇਕੇ ਨਾਅਰੇਬਾਜੀ ਕੀਤੀ। ਸੂਬਾ ਭਰ ਤੋਂ ਇਕੱਠੇ ਹੋਏ ਮੈਡੀਕਲ ਪ੍ਰੈਕਟੀਸਨਰਜ ਨੇ ਸੂਬੇ ਦੀ ਸਰਕਾਰ ਤੇ ਵਾਅਦਾ ਖਿਲਾਫ ਦੇ ਇਲਜਾਮ ਲਾਏ। ਮੈਡੀਕਲ ਪ੍ਰੈਕਟੀਸਨਰਜ ਐਸੋਸੀਏਸਨ, ਦੇ ਸੂਬਾ ਪ੍ਰਧਾਨ ਡਾ. ਜਸਵਿੰਦਰ ਸਿੰਘ ਕਾਲਖ ਨੇ 'ਆਪ' ਸਰਕਾਰ 'ਤੇ ਗੰਭੀਰ ਦੋਸ ਲਗਾਏ। ਉਨ੍ਹਾਂ ਕਿਹਾ ਕਿ ਚੋਣਾਂ ਤੋਂ ਪਹਿਲਾਂ, ਆਮ ਆਦਮੀ ਪਾਰਟੀ ਨੇ ਮੈਡੀਕਲ ਪ੍ਰੈਕਟੀਸਨਰਾਂ ਨਾਲ ਕਈ ਵਾਅਦੇ ਕੀਤੇ ਸਨ, ਪਰ ਸੱਤਾ ਵਿੱਚ ਆਉਣ ਤੋਂ ਬਾਅਦ, ਉਨ੍ਹਾਂ ਨੂੰ ਪੂਰੀ ਤਰ੍ਹਾਂ ਅਣਦੇਖਾ ਕਰ ਦਿੱਤਾ ਗਿਆ। ਐਸੋਸੀਏਸਨ ਦੇ ਸੂਬਾਈ ਪ੍ਰੈਸ ਅਤੇ ਮੀਡੀਆ ਇੰਚਾਰਜ ਡਾ. ਮਿੱਠੂ ਮੁਹੰਮਦ ਨੇ ਦਾਅਵਾ ਕੀਤਾ ਕਿ ਪ੍ਰੈਕਟੀਸਨਰਜ ਨੇ ਮੌਜੂਦਾ ਸਰਕਾਰ ਨੂੰ ਸੱਤਾ ਵਿੱਚ ਲਿਆਉਣ ਵਿੱਚ ਯੋਗਦਾਨ ਪਾਇਆ ਸੀ, ਪਰ ਹੁਣ ਮੈਡੀਕਲ ਪ੍ਰੈਕਟੀਸਨਰਜ ਆਪਣੇ ਨਾਲ ਹੋਇਆ ਧੋਖਾ ਮਹਿਸੂਸ ਕਰ ਰਹੇ ਹਨ। ਉਨ੍ਹਾਂ ਦੀ ਮੁੱਖ ਮੰਗ ਸਿਰਫ 'ਕਾਨੂੰਨੀ ਰਜਿਸਟ੍ਰੇਸਨ' ਲਈ ਹੈ।ਡਾਕਟਰ ਕਾਲਖ ਨੇ ਖੁਲਾਸਾ ਕੀਤਾ ਕਿ ਇਸ ਸਬੰਧ ਵਿੱਚ, ਉਨ੍ਹਾਂ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਕੈਬਨਿਟ ਮੰਤਰੀ ਅਮਨ ਅਰੋੜਾ ਅਤੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨਾਲ ਕਈ ਮੀਟਿੰਗਾਂ ਕੀਤੀਆਂ ਹਨ। ਉਨ੍ਹਾਂ ਨੇ ਸਰਕਾਰ ਨੂੰ ਕੇਰਲਾ, ਕਰਨਾਟਕ, ਆਂਧਰਾ ਪ੍ਰਦੇਸ, ਬਿਹਾਰ ਅਤੇ ਤਾਮਿਲਨਾਡੂ ਦੁਆਰਾ ਅਪਣਾਏ ਗਏ ਮਾਡਲ ਵੀ ਪੇਸ ਕੀਤੇ। ਜਿੱਥੇ ਅਜਿਹਾ ਸਿਸਟਮ ਪਹਿਲਾਂ ਹੀ ਮੌਜੂਦ ਹੈ ,ਪਰੰਤੂ ਪੰਜਾਬ ਸਰਕਾਰ ਅਜੇ ਵੀ ਟਾਲ-ਮਟੋਲ ਕਰ ਰਹੀ ਹੈ। ਐਸੋਸੀਏਸਨ ਨੇ ਸਰਕਾਰ ਨੂੰ ਸਖਤ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਉਨ੍ਹਾਂ ਦੀਆਂ ਮੰਗਾਂ ਦਾ ਤੁਰੰਤ ਹੱਲ ਨਹੀਂ ਕੀਤਾ ਗਿਆ, ਤਾਂ ਉਨ੍ਹਾਂ ਦਾ ਅੰਦੋਲਨ ਹੋਰ ਤੇਜ ਹੋ ਜਾਵੇਗਾ। ਮੈਡੀਕਲ ਪ੍ਰੈਕਟੀਸਨਰਜ ਨੇ ਚੰਡੀਗੜ੍ਹ ਵੱਲ ਮਾਰਚ ਕਰਨ ਦੀ ਯੋਜਨਾ ਬਣਾਈ ਹੈ, ਜਿੱਥੇ ਉਹ ਸਰਕਾਰ ਨੂੰ ਆਪਣੀਆਂ ਮੰਗਾਂ ਮੰਨਣ ਲਈ ਮਜਬੂਰ ਕਰਨ ਲਈ ਇੱਕ ਵਿਸਾਲ ਧਰਨਾ ਪ੍ਰਦਰਸਨ ਕਰਨ ਦਾ ਇਰਾਦਾ ਰੱਖਦੇ ਹਨ। ਇਸ ਮੌਕੇ ਡਾ. ਸਰਾਜ, ਡਾ. ਕੁਲਵਿੰਦਰ ਸਿੰਘ ਗਿੱਲ ਹਾਜਰ ਸਨ।

# ਭੈਣ ਨੂੰ ਬਚਾਉਣ ਗਏ ਭਰਾ ਨੂੰ ਆਰਟੀਏ ਕਲਰਕ ਨੇ ਮਾਰੀਆਂ ਗੋਲ਼ੀਆਂ, ਹਾਲਤ ਗੰਭੀਰ

ਪਟਿਆਲਾ , 31 ਮਾਰਚ (ਪੱਤਰ ਪ੍ਰੇਰਕ)- ਥਾਣਾ ਅਨਾਜ ਮੰਡੀ ਦੇ ਘੁੰਮਣ ਨਗਰ ਨਿਵਾਸੀ ਆਰਟੀਓ ਆਫਿਸ ਦੇ ਕਲਰਕ ਨੇ ਆਪਣੇ ਹੀ ਸਾਲੇ ਨੂੰ ਗੋਲ਼ੀਆਂ ਮਾਰ ਕੇ ਜਖਮੀ ਕਰ ਦਿੱਤਾ। ਇਸ ਸਮੇਂ ਦੋ ਗੋਲ਼ੀਆਂ ਲੱਗਣ ਤੋਂ ਵਿਅਕਤੀ ਜਖਮੀ ਹੋਏ ਵਿਅਕਤੀ ਦੀ ਪਛਾਣ ਬਲਜੀਤ ਸਿੰਘ ਨਿਵਾਸੀ ਤਫਜਲਪੁਰਾ ਪਟਿਆਲਾ ਦੇ ਰੂਪ ਵਿੱਚ ਹੋਈ ਹੈ।ਘਟਨਾ 27 ਮਾਰਚ ਨੂੰ ਦੁਪਹਿਰ ਬਾਅਦ ਵਾਪਰੀ, ਜਿਸ ਤੋਂ ਬਾਅਦ ਜਖਮੀ ਦੇ ਭਰਾ ਦਲਜੀਤ ਸਿੰਘ ਦੇ ਬਿਆਨਾਂ 'ਤੇ ਆਰਟੀਏ ਕਲਰਕ ਹਰਵਿੰਦਰ ਸਿੰਘ ਦੇ ਖਿਲਾਫ ਮਾਮਲਾ ਦਰਜ ਕੀਤਾ ਗਿਆ। ਪੁਲਿਸ ਨੇ ਐਤਵਾਰ ਨੂੰ ਮੁਲਜਮ ਨੂੰ ਕਾਬੂ ਕਰ ਲਿਆ ਪਰ ਅਧਿਕਾਰਕ ਤੌਰ 'ਤੇ ਇਸ ਦੀ ਪੁਸਟੀ ਨਹੀਂ ਹੋ ਸਕੀ।ਜਖਮੀ ਬਲਜੀਤ ਸਿੰਘ ਦੇ ਜਿਸਦੀ ਛਾਤੀ 'ਚ ਗੋਲ਼ੀਆਂ ਲੱਗੀਆਂ ਸਨ, ਦੀ ਹਾਲਤ ਗੰਭੀਰ ਬਣੀ ਹੈ।ਘਟਨਾ ਦੇ ਅਨੁਸਾਰ ਹਰਵਿੰਦਰ ਸਿੰਘ ਦਾ ਵਿਆਹ ਸਾਲ 2000 ਵਿੱਚ ਹੋਇਆ ਸੀ ਅਤੇ ਉਸਦੀ ਪਤਨੀ ਈਟੀਓ ਦੇ ਅਹੁਦੇ 'ਤੇ ਤੈਨਾਤ ਹੈ। 27 ਮਾਰਚ ਨੂੰ ਹਰਵਿੰਦਰ ਸਿੰਘ ਦੀ ਪਤਨੀ ਸੁਖਵਿੰਦਰ ਕੌਰ ਨੇ ਆਪਣੇ ਭਰਾ ਦਲਜੀਤ ਸਿੰਘ ਨੂੰ ਫੋਨ ਕਰਕੇ ਦੱਸਿਆ ਕਿ ਉਸਦਾ ਪਤੀ ਹਰਵਿੰਦਰ ਸਿੰਘ ਸਰਾਬ ਪੀਕੇ ਕੁੱਟਮਾਰ ਕਰ ਰਿਹਾ ਹੈ। ਜਿਸ ਤੋਂ ਬਾਅਦ ਦਲਜੀਤ ਸਿੰਘ ਆਪਣੇ ਭਰਾ ਬਲਜੀਤ ਸਿੰਘ ਨੂੰ ਨਾਲ ਕੇ ਆਪਣੀ ਭੈਣ ਘਰ ਪਹੁੰਚਿਆ ਤਾਂ ਦੇਖਿਆ ਕਿ ਘਰ ਅੰਦਰੋਂ ਬੰਦ ਸੀ ਤੇ ਹਰਵਿੰਦਰ ਸਿੰਘ ਜੰਦਰਾ ਲਗਾ ਕੇ ਛੱਤ 'ਤੇ ਖੜ੍ਹਾ ਝਗੜਾ ਕਰ ਰਿਹਾ ਸੀ ਉਸ ਦੇ ਹੱਥ 'ਚ ਰਿਵਾਲਵਰ ਦੇਖ ਕੇ ਦੋਵੇਂ ਭਰਾ ਘਬਰਾ ਗਏ ਕਿ ਕੋਈ ਨਕਸਾਨ ਨਾ ਪਹੁੰਚਾ, ਜਿਸ ਕਾਰਨ ਉਨ੍ਹਾਂ ਨੇ ਬਲਜੀਤ ਸਿੰਘ ਨੂੰ ਗੇਟ ਦਾ ਲਾਕ ਖੋਲ੍ਹਣ ਲਈ ਕਿਹਾ ਪਰ ਜੀਜਾ ਹਰਵਿੰਦਰ ਸਿੰਘ ਨਹੀਂ ਮੰਨਿਆ ਤੇ ਬਲਜੀਤ ਸਿੰਘ ਕੰਧ ਟੱਪ ਕੇ ਅੰਦਰ ਜਾਣ ਲੱਗਾਂ ਤਾਂ ਹਰਵਿੰਦਰ ਸਿੰਘ ਨੇ ਰਿਵਾਲਵਰ ਤੋਂ ਫਾਇਰਿੰਗ ਸੂਰੂ ਕਰ ਦਿੱਤੀ। ਫਾਇਰਿੰਗ ਦੌਰਾਨ ਇੱਕ ਗੋਲ਼ੀ ਬਲਜੀਤ ਸਿੰਘ ਦੇ ਸੀਨੇ ਵਿੱਚ ਲਗੀ ਤੇ ਦੂਜੀ ਗੋਲ਼ੀ ਕੱਛ 'ਚ ਲੱਗੀ। ਇਸ ਦੌਰਾਨ ਤਿੰਨ ਤੋਂ ਚਾਰ ਫਾਇਰ ਇਧਰ ਉਧਰ ਲੱਗੇ। ਜਿਸਤੋਂ ਬਾਅਦ ਬਲਜੀਤ ਸਿੰਘ ਨੂੰ ਹਸਪਤਾਲ ਵਿੱਚ ਦਾਖਿਲ ਕਰਵਾਇਆ।

# ਸੰਤ ਮਹਿੰਦਰ ਸਿੰਘ ਲੰਬਿਆਂ ਵਾਲੇ ਪੰਜ ਤੱਤਾਂ 'ਚ ਵਿਲੀਨ



ਐੱਸਏਐੱਸ ਨਗਰ (ਮੁਹਾਲੀ), 31 ਮਾਰਚ (ਪੱਤਰ ਪ੍ਰੇਰਕ)-ਮੁਹਾਲੀ ਦੇ ਫੇਜ਼ ਅੱਠ ਦੇ ਗੁਰਦੁਆਰਾ ਅੰਗੀਠਾ ਸਾਹਿਬ ਦੇ ਪ੍ਰਬੰਧਕ ਸੰਤ ਮਹਿੰਦਰ ਸਿੰਘ ਲੰਬਿਆਂ ਵਾਲੇ ਅੱਜ ਪੰਜ ਤੱਤਾਂ ਵਿੱਚ ਵਿਲੀਨ ਹੋ ਗਏ। ਉਨ੍ਹਾਂ ਦਾ ਬੀਤੀ 26 ਮਾਰਚ ਨੂੰ ਦੇਹਾਂਤ ਹੋ ਗਿਆ ਸੀ। ਉਨ੍ਹਾਂ ਦਾ ਸਸਕਾਰ ਫੇਜ਼ ਅੱਠ ਦੇ ਗੁਰਦੁਆਰਾ ਅੰਗੀਠਾ ਸਾਹਿਬ ਦੀ ਹਦੂਦ ਦੇ ਅੰਦਰ ਹੀ ਕੀਤਾ ਗਿਆ। ਇਸ ਤੋਂ ਪਹਿਲਾਂ ਸਵੇਰ ਸਮੇਂ ਉਨ੍ਹਾਂ ਦੀ ਦੇਹ ਨੂੰ ਗੁਰਦੁਆਰਾ ਢੱਕੀ ਸਾਹਿਬ ਸੈਕਟਰ 82, ਗੁਰਦੁਆਰਾ ਸਿੰਘ ਸ਼ਹੀਦਾਂ ਸੋਹਾਣਾ, ਗੁਰਦੁਆਰਾ ਧੰਨਾ ਭਗਤ ਫੇਜ਼ ਅੱਠ ਅਤੇ ਗੁਰਦੁਆਰਾ ਅੰਬ ਸਾਹਿਬ ਲਿਜਾਂਦਾ ਗਿਆ, ਜਿੱਥੇ ਵੱਡੀ ਗਿਣਤੀ ਵਿੱਚ ਸੰਗਤ ਨੇ ਉਨ੍ਹਾਂ ਦੇ ਆਖਰੀ ਦਰਸ਼ਨ ਕੀਤੇ।ਗੁਰਦੁਆਰਾ ਸੰਤ ਮੰਡਲ ਅੰਗੀਠਾ ਸਾਹਿਬ ਦੇ ਮੌਜੂਦਾ ਗੱਦੀ ਨਸੀਨ ਅਤੇ ਮਰਹੂਮ ਮਹਾਪੁਰਸ਼ਾਂ ਦੇ ਪੁੱਤਰ ਸੰਤ ਅਮਰਾਓ ਸਿੰਘ ਨੇ ਉਨ੍ਹਾਂ ਦੀ ਚਿਤਾ ਨੂੰ ਅਗਨੀ ਦਿਖਾਈ। ਇਸ ਮੌਕੇ ਵੱਡੀ ਗਿਣਤੀ ਵਿੱਚ ਦੇਸ਼-ਵਿਦੇਸ਼ ਤੋਂ ਪਹੁੰਚੇ ਮਹਾਪੁਰਸ਼ਾਂ, ਰਾਜਸੀ ਆਗੂਆਂ ਤੋਂ ਇਲਾਵਾ ਸੈਂਕੜਿਆਂ ਦੀ ਗਿਣਤੀ ਵਿੱਚ ਪਹੁੰਚੀ ਸੰਗਤ ਨੇ ਉਨ੍ਹਾਂ ਨੂੰ ਗਮਗੀਨ ਮਾਹੌਲ ਵਿੱਚ ਅੰਤਿਮ ਵਿਦਾਇਗੀ ਦਿੱਤੀ। ਉਨ੍ਹਾਂ ਦੇ ਅੰਗੀਠਾ ਸਾਂਭਣ ਦੀ ਰਸਮ 30 ਮਾਰਚ ਨੂੰ ਹੋਵੇਗੀ ਅਤੇ ਸ੍ਰੀ ਕੀਰਤਪੁਰ ਸਾਹਿਬ ਵਿੱਚ ਅੰਗੀਠਾ ਜਲ ਪ੍ਰਵਾਹ ਕੀਤਾ ਜਾਵੇਗਾ। ਉਨ੍ਹਾਂ ਨਮਿੱਤ ਅੰਤਿਮ ਅਰਦਾਸ 4 ਅਪਰੈਲ ਨੂੰ ਗੁਰਦੁਆਰਾ ਅੰਗੀਠਾ ਸਾਹਿਬ ਵਿਖੇ ਹੋਵੇਗੀ।ਇਸ ਮੌਕੇ ਸੰਤ ਲਖਬੀਰ ਸਿੰਘ ਰਤਵਾੜਾ ਸਾਹਿਬ, ਸੰਤ ਹਰੀ ਸਿੰਘ ਰੰਧਾਵੇ ਵਾਲੇ, ਸੰਤ ਪ੍ਰਿਤਪਾਲ ਸਿੰਘ ਝੀਲ ਵਾਲੇ, ਸੰਤ ਸੁਰਿੰਦਰ ਸਿੰਘ ਧੰਨਾ ਭਗਤ ਵਾਲੇ, ਬਾਬਾ ਗੁਲਾਬ ਸਿੰਘ, ਬੀਬਾ ਮਨਜੀਤ ਕੌਰ, ਡਾ. ਜਸਵਿੰਦਰ ਸਿੰਘ ਗੰਢੂਆਂ ਸਾਹਿਬ ਤੋਂ, ਸੰਤ ਅਵਤਾਰ ਸਿੰਘ ਧੂਲਕੋਟ, ਸੰਤ ਅਵਤਾਰ ਸਿੰਘ ਗੀਗੇਮਾਜਰਾ, ਸੰਤ ਮਨਮੋਹਨ ਸਿੰਘ ਬਾਰਨ, ਸੰਤ ਸੁਖਦੇਵ ਸਿੰਘ ਅਮਰੀਕਾ, ਭਾਈ ਬਲਕਾਰ ਸਿੰਘ ਢੇਲਪੁਰ ਤੋਂ ਇਲਾਵਾ ਰਾੜਾ ਸਾਹਿਬ, ਰੇਰੂ ਸਾਹਿਬ ਅਤੇ ਹੋਰ ਸੰਸਥਾਵਾਂ ਤੋਂ ਵੱਡੀ ਗਿਣਤੀ ਵਿੱਚ ਮਹਾਪੁਰਸ਼ ਪਹੁੰਚੇ ਹੋਏ ਸਨ, ਜਿਨ੍ਹਾਂ ਕੀਰਤਨ ਵੀ ਕੀਤਾ।ਇਸ ਮੌਕੇ ਹਲਕਾ ਵਿਧਾਇਕ ਕੁਲਵੰਤ ਸਿੰਘ, ਸਾਬਕਾ ਮੰਤਰੀ ਬਲਬੀਰ ਸਿੰਘ ਸਿੱਧੂ, ਸਾਬਕਾ ਐੱਮ ਪੀ ਪ੍ਰੇਮ ਸਿੰਘ ਚੰਦੂਮਾਜਰਾ, ਸਾਬਕਾ ਵਿਧਾਇਕ ਨਰਿੰਦਰ ਸ਼ਰਮਾ, ਮੇਅਰ ਅਮਰਜੀਤ ਸਿੰਘ ਜੀਤੀ ਸਿੱਧੂ, ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਪਰਮਜੀਤ ਸਿੰਘ ਕਾਹਲੋਂ, ਗੁਰਮੀਤ ਸਿੰਘ ਵਾਲੀਆ, ਮਨਜੀਤ ਸਿੰਘ ਸੈਣੀ, ਹਰਜਿੰਦਰ ਸਿੰਘ ਪ੍ਰਧਾਨ ਸਿੰਘ ਸ਼ਹੀਦਾਂ ਸੋਹਾਣਾ, ਹਰਪਾਲ ਸਿੰਘ ਸੋਢੀ, ਨੰਬਰਦਾਰ ਹਰਵਿੰਦਰ ਸਿੰਘ ਅਤੇ ਸੋਨੀ ਬੜੀ ਸਮੇਤ ਵੱਡੀ ਗਿਣਤੀ ਵਿੱਚ ਪਿੰਡਾਂ ਦੇ ਪੰਚ-ਸਰਪੰਚ ਅਤੇ ਹੋਰ ਵਸਨੀਕ ਹਾਜ਼ਰ ਸਨ।

# ਮੈਟਰੋ ਟਰੈਕ 'ਤੇ ਬਜ਼ੁਰਗ ਡਿੱਗਣ ਕਾਰਨ ਯੈਲੋ ਲਾਈਨ ਸੇਵਾਵਾਂ ਠੱਪ

## ਵਿਸ਼ਵਵਿਦਿਆਲਾ ਸਟੇਸ਼ਨ 'ਤੇ ਵਾਪਰਿਆ ਹਾਦਸਾ, ਪੀੜਤ ਹਸਪਤਾਲ ਦਾਖ਼ਲ; ਡੇਢ ਘੰਟਾ ਲੇਟ ਚੱਲੀਆਂ ਰੇਲ ਗੱਡੀਆਂ



ਨਵੀਂ ਦਿੱਲੀ, 31 ਮਾਰਚ (ਪੱਤਰ ਪ੍ਰੇਰਕ)-ਇੱਥੇ ਅੱਜ ਸਵੇਰੇ ਭੀੜ-ਭੜੱਕੇ ਵਾਲੇ ਸਮੇਂ ਦੌਰਾਨ ਵਿਸ਼ਵਵਿਦਿਆਲਾ ਸਟੇਸ਼ਨ 'ਤੇ ਬਜ਼ੁਰਗ ਮੈਟਰੋ ਟਰੈਕ 'ਤੇ ਡਿੱਗਣ ਕਾਰਨ ਦਿੱਲੀ ਮੈਟਰੋ ਦੀ ਯੈਲੋ ਲਾਈਨ ਉੱਤੇ ਸੇਵਾਵਾਂ ਕਰੀਬ ਡੇਢ ਘੰਟਾ ਪ੍ਰਭਾਵਿਤ ਰਹੀਆਂ। ਰੇਲ ਗੱਡੀਆਂ ਦੀ ਉਡੀਕ ਕਰ ਰਹੇ ਮੁਸਾਫਰਾਂ ਦੀ ਪਲੇਟਫਾਰਮਾਂ ਉੱਤੇ ਭਾਰੀ ਭੀੜ ਇਕੱਠੀ ਹੋ ਗਈ। ਦਿੱਲੀ ਮੈਟਰੋ ਰੇਲ ਕਾਰਪੋਰੇਸ਼ਨ (ਡੀ ਐੱਮ ਆਰ ਸੀ) ਨੇ ਐਕਸ 'ਤੇ ਪੋਸਟ ਸਾਂਝੀ ਕਰਕੇ ਦੱਸਿਆ, 'ਵਿਸ਼ਵਵਿਦਿਆਲਾ ਮੈਟਰੋ ਸਟੇਸ਼ਨ ਉੱਤੇ ਇੱਕ ਮੁਸਾਫਰ ਟਰੈਕ ਉੱਤੇ ਆ ਗਿਆ, ਜਿਸ ਕਾਰਨ ਯੈਲੋ ਲਾਈਨ ਉੱਤੇ ਰੇਲ ਸੇਵਾਵਾਂ ਵਿੱਚ ਦੇਰੀ ਹੋਈ।' ਸੁਰੱਖਿਆ ਕਾਰਨਾਂ ਕਰਕੇ ਅਧਿਕਾਰੀਆਂ ਨੇ ਰੇਲ ਗੱਡੀਆਂ ਦੀ ਆਵਾਜਾਈ ਕੰਟਰੋਲ ਕੀਤੀ। ਸਵੇਰ ਦੇ ਰੁਝੇਵਿਆਂ ਵਾਲੇ ਸਮੇਂ ਕਈ ਸਟੇਸ਼ਨਾਂ ਉੱਤੇ ਲੋਕਾਂ ਦੀ ਲੰਮੀ ਉਡੀਕ ਅਤੇ ਭਾਰੀ ਭੀੜ ਦੇਖਣ ਵਿੱਚ ਆਈ। ਅਮਿਤ ਨਾਮ ਦੇ ਇੱਕ ਮੁਸਾਫਰ ਨੇ ਆਪਣੀ ਪ੍ਰੇਸ਼ਾਨੀ ਜ਼ਾਹਿਰ ਕਰਦਿਆਂ ਕਿਹਾ, 'ਇਹ ਦਫ਼ਤਰ ਜਾਣ ਦਾ ਸਮਾਂ ਹੈ ਅਤੇ ਭਾਰੀ ਭੀੜ ਹੈ। ਰੇਲ ਗੱਡੀਆਂ ਆਉਣ ਉੱਤੇ ਵੀ ਚੜ੍ਹਨਾ ਔਖਾ ਹੋ ਰਿਹਾ ਹੈ ਕਿਉਂਕਿ ਅੰਦਰ ਪਹਿਲਾਂ ਹੀ ਬਹੁਤ ਲੋਕ ਮੌਜੂਦ ਹਨ।' ਇੱਕ ਹੋਰ ਮੁਸਾਫਰ ਨੇ ਆਖਿਆ, 'ਪਹਿਲਾਂ ਹੀ ਦੇਰੀ ਹੋ ਚੁੱਕੀ ਹੈ ਅਤੇ ਸਥਿਤੀ ਸਪੱਸ਼ਟ ਨਹੀਂ ਹੈ। ਅੱਜ ਸਾਡੇ ਵਿੱਚੋਂ ਬਹੁਤੇ ਲੋਕ ਸਮੇਂ ਸਿਰ ਦਫ਼ਤਰ ਨਹੀਂ ਪੁੱਜ ਸਕਣਗੇ।' ਹਾਲਾਂਕਿ, ਡੀ ਐੱਮ ਆਰ ਸੀ ਅਨੁਸਾਰ ਡੇਢ ਘੰਟੇ ਬਾਅਦ ਯੈਲੋ ਲਾਈਨ ਉੱਤੇ ਆਮ ਸੇਵਾਵਾਂ ਬਹਾਲ ਹੋ ਗਈਆਂ। ਦਿੱਲੀ ਪੁਲੀਸ ਦੀ ਮੈਟਰੋ ਇਕਾਈ ਨੇ ਇੱਕ ਬਿਆਨ ਜਾਰੀ ਕਰਕੇ ਦੱਸਿਆ ਕਿ ਵਿਸ਼ਵਵਿਦਿਆਲਾ ਮੈਟਰੋ ਸਟੇਸ਼ਨ ਉੱਤੇ 52 ਸਾਲਾ ਵਿਅਕਤੀ ਟਰੈਕ ਉੱਤੇ ਡਿੱਗ ਕੇ ਜ਼ਖ਼ਮੀ ਹੋ ਗਿਆ। ਸਟੇਸ਼ਨ ਕੰਟਰੋਲਰ ਕੋਲੋਂ ਪੁਲੀਸ ਕੋਲ ਇਸ ਘਟਨਾ ਦੀ ਜਾਣਕਾਰੀ ਪੁੱਜੀ। ਪੁਲੀਸ ਟੀਮ ਤੁਰੰਤ ਮੌਕੇ ਉੱਤੇ ਰਵਾਨਾ ਹੋਈ। ਅਧਿਕਾਰੀਆਂ ਨੇ ਦੇਖਿਆ ਕਿ ਮੈਟਰੋ ਸਟਾਫ ਜ਼ਖ਼ਮੀ ਵਿਅਕਤੀ ਪਹਿਲਾਂ ਹੀ ਹਿੰਦੂ ਰਾਓ ਹਸਪਤਾਲ ਲੈ ਗਿਆ ਸੀ। ਇੱਕ ਪੁਲੀਸ ਅਧਿਕਾਰੀ ਨੇ ਦੱਸਿਆ ਕਿ ਜ਼ਖ਼ਮੀ ਦੀ ਪਛਾਣ ਕਰਾਵਲ ਨਗਰ ਦੇ ਵਸਨੀਕ ਅਨਿਲ ਕੁਮਾਰ ਵਜੋਂ ਹੋਈ ਹੈ। ਹਸਪਤਾਲ ਵਿੱਚ ਅਨਿਲ ਕੁਮਾਰ ਨੇ ਪੁਲੀਸ ਅੱਗੇ ਬਿਆਨ ਦਰਜ ਕਰਵਾਇਆ ਕਿ ਪਲੇਟਫਾਰਮ ਦੇ ਕਿਨਾਰੇ ਖੜ੍ਹੇ ਸਮੇਂ ਉਸ ਦਾ ਸੰਤੁਲਨ ਵਿਗੜ ਗਿਆ ਸੀ। ਡਿੱਗਣ ਕਾਰਨ ਉਸ ਦੇ ਸਿਰ ਉੱਤੇ ਸੱਟ ਲੱਗੀ। ਹਸਪਤਾਲ ਦਾਖ਼ਲ ਕਰਵਾਉਣ ਸਮੇਂ ਉਹ ਹੋਸ਼ ਵਿੱਚ ਸੀ ਅਤੇ ਹੁਣ ਉਸ ਦੀ ਹਾਲਤ ਸਥਿਰ ਦੱਸੀ ਜਾ ਰਹੀ ਹੈ। ਅਧਿਕਾਰੀਆਂ ਨੇ ਸਪੱਸ਼ਟ ਕੀਤਾ ਕਿ ਇਸ ਘਟਨਾ ਪਿੱਛੇ ਕੋਈ ਸਾਜ਼ਿਸ਼ ਨਜ਼ਰ ਨਹੀਂ ਆਉਂਦੀ।

# ਮੁਖਰਜੀ ਨਗਰ 'ਚ ਇਮਾਰਤ ਨੂੰ ਅੱਗ, ਛੇ ਸੁਰੱਖਿਅਤ ਕੱਢੇ

ਨਵੀਂ ਦਿੱਲੀ, 31 ਮਾਰਚ (ਪੱਤਰ ਪ੍ਰੇਰਕ)- ਉੱਤਰੀ-ਪੱਛਮੀ ਦਿੱਲੀ ਦੇ ਮੁਖਰਜੀ ਨਗਰ ਵਿਚਲੀ ਬਹੁ-ਮੰਜ਼ਿਲਾ ਰਿਹਾਇਸ਼ੀ ਇਮਾਰਤ ਵਿੱਚ ਅੱਗ ਲੱਗਣ ਮਗਰੋਂ ਛੇ ਵਿਅਕਤੀਆਂ ਦੀ ਜਾਨ ਬਚਾਈ ਗਈ ਹੈ। ਦਿੱਲੀ ਫਾਇਰ ਸਰਵਿਸਿਜ਼ (ਡੀ ਐੱਫ ਐੱਸ) ਦੇ ਅਧਿਕਾਰੀਆਂ ਨੇ ਅੱਜ ਦੱਸਿਆ ਕਿ ਇਹ ਹਾਦਸਾ ਰਾਣਾ ਨਗਰ ਵਿੱਚ ਬੱਤਰਾ ਸਿਨੇਮਾ ਪਿੱਛੇ ਬੀਤੀ ਰਾਤ ਵਾਪਰਿਆ। ਜਾਣਕਾਰੀ ਅਨੁਸਾਰ ਸਭ ਤੋਂ ਪਹਿਲਾਂ ਘਰੇਲੂ ਸਾਮਾਨ ਨੂੰ ਅੱਗ ਲੱਗੀ। ਦੇਖਦਿਆਂ ਹੀ ਦੇਖਦਿਆਂ ਇਹ ਅੱਗ ਪਾਰਕਿੰਗ ਅਤੇ ਉੱਪਰਲੀਆਂ ਤਿੰਨ ਮੰਜ਼ਿਲਾਂ ਤੱਕ ਫੈਲ ਗਈ।

ਰਾਤ 9.43 ਵਜੇ ਹਾਦਸੇ ਦੀ ਸੂਚਨਾ ਮਿਲਣ ਮਗਰੋਂ ਅੱਗ ਬੁਝਾਊ ਗੱਡੀਆਂ ਮੌਕੇ ਉੱਤੇ ਪੁੱਜੀਆਂ। ਅਮਲੇ ਨੇ ਇਮਾਰਤ ਦੀ ਤੀਜੀ ਮੰਜ਼ਿਲ ਉੱਤੇ ਫਸੇ ਛੇ ਲੋਕਾਂ ਨੂੰ ਸੁਰੱਖਿਅਤ ਕੱਢਿਆ। ਇਨ੍ਹਾਂ 'ਚੋਂ 32 ਸਾਲਾ ਪਵਨ ਕੁਮਾਰ 25 ਤੋਂ 30 ਫ਼ੀਸਦੀ ਝੁਲਸਣ ਕਾਰਨ ਬਾਬੂ ਜਗਜੀਵਨ ਰਾਮ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਹੈ।

# ਹਰਿਆਣਾ ਦੇ ਸਾਬਕਾ ਡੀਜੀਪੀ ਦਾ ਫ਼ੋਨ ਹੈਕ ਕਰਕੇ ਗੰਨਮੈਨ ਤੋਂ 40,000 ਠੱਗੇ, ਗ੍ਰਿਫ਼ਤਾਰ

## ਨਾਲੰਦਾ ਦੇ ਵਿਅਕਤੀ ਰਾਜੇਸ਼ ਕੁਮਾਰ ਨੂੰ ਮਹੀਨਾ ਭਰ ਚੱਲੀ ਭਾਲ ਤੋਂ ਬਾਅਦ ਦਬੋਚਿਆ

ਪੰਚਕੂਲਾ, 31 ਮਾਰਚ (ਪੱਤਰ ਪ੍ਰੇਰਕ)- ਪੰਚਕੂਲਾ ਸਾਈਬਰ ਪੁਲੀਸ ਨੇ ਹਰਿਆਣਾ ਦੇ ਸਾਬਕਾ ਡੀਜੀਪੀ ਕੰਵਰ ਨਿਰਮਲ ਸਿੰਘ ਦਾ ਵਟਸਐਪ ਅਕਾਊਂਟ ਹੈਕ ਕਰਨ ਅਤੇ ਉਨ੍ਹਾਂ ਦੇ ਇੱਕ ਸਮੇਂ ਦੇ ਗੰਨਮੈਨ ਤੋਂ 40,000 ਰੁਪਏ ਦੀ ਠੱਗੀ ਮਾਰਨ ਦੇ ਦੋਸ਼ ਵਿੱਚ ਬਿਹਾਰ ਦੇ ਇੱਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਹੈ। ਬਿਹਾਰ ਦੇ ਨਾਲੰਦਾ ਜ਼ਿਲ੍ਹੇ ਦੇ ਰਹਿਣ ਵਾਲੇ ਕਥਿਤ ਦੋਸ਼ੀ ਰਾਜੇਸ਼ ਕੁਮਾਰ ਨੇ ਨਾ ਸਿਰਫ਼ ਸਾਬਕਾ ਉੱਚ ਪੁਲੀਸ ਅਧਿਕਾਰੀ ਦਾ ਵਟਸਐਪ ਅਕਾਊਂਟ ਹੈਕ ਕੀਤਾ, ਸਗੋਂ ਉਨ੍ਹਾਂ ਦੇ ਸੰਪਰਕਾਂ ਤੋਂ ਪੈਸੇ ਵਸੂਲਣ ਲਈ ਉਨ੍ਹਾਂ ਦੇ ਅਹੁਦੇ ਅਤੇ ਵੱਕਾਰ ਦਾ ਵੀ ਫਾਇਦਾ ਉਠਾਇਆ। ਪੁਲੀਸ ਨੇ ਇੱਕ ਮਹੀਨੇ ਦੀ ਜੱਦੋ ਜਹਿਦ ਤੋਂ ਬਾਅਦ ਤਕਨੀਕੀ ਸਬੂਤਾਂ ਦੇ ਆਧਾਰ 'ਤੇ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਉਸ ਦੇ ਹੋਰ ਸਾਥੀ ਫਰਾਰ ਹਨ। ਸ਼ਿਕਾਇਤ ਅਨੁਸਾਰ 9 ਮਾਰਚ ਨੂੰ ਸਾਬਕਾ ਡੀਜੀਪੀ ਕੰਵਰ ਨਿਰਮਲ ਸਿੰਘ ਨੂੰ ਇੱਕ ਅਣਪਛਾਤੇ ਨੰਬਰ ਤੋਂ ਫ਼ੋਨ ਆਇਆ ਸੀ। ਫ਼ੋਨ ਕਰਨ ਵਾਲੇ ਨੇ ਦਾਅਵਾ ਕੀਤਾ ਕਿ ਇੱਕ ਪਾਰਸਲ ਆਇਆ ਹੈ ਅਤੇ ਉਸ ਨੂੰ ਪ੍ਰਾਪਤ ਕਰਨ ਲਈ ਉਸਨੂੰ ਆਪਣੇ ਫੋਨ ਤੋਂ ਇੱਕ ਕੋਡ ਡਾਇਲ ਕਰਨ ਦੀ ਲੋੜ ਹੈ। ਜਿਵੇਂ ਹੀ ਉਨ੍ਹਾਂ ਨੇ ਇਹ ਪ੍ਰਕਿਰਿਆ ਦੁਹਰਾਈ, ਠੱਗ ਨੇ ਉਨ੍ਹਾਂ ਦੇ ਵਟਸਐਪ ਤੱਕ ਪਹੁੰਚ ਪ੍ਰਾਪਤ ਕਰ ਲਈ ਅਤੇ ਉਨ੍ਹਾਂ ਦਾ ਨੰਬਰ ਆਪਣੇ ਡਿਵਾਈਸ ਵਿੱਚ ਲੋਗ-ਇਨ ਕਰ ਲਿਆ। ਇਸ ਤੋਂ ਬਾਅਦ ਮੁਲਜ਼ਮ ਨੇ ਐਮਰਜੈਂਸੀ ਦਾ ਹਵਾਲਾ ਦਿੰਦੇ ਹੋਏ ਅਤੇ ਪੈਸਿਆਂ ਦੀ ਮੰਗ ਕਰਦੇ ਹੋਏ ਉਨ੍ਹਾਂ ਦੇ ਵਟਸਐਪ ਸੰਪਰਕਾਂ ਨੂੰ ਮੈਸੇਜ ਭੇਜੇ। ਇਸ ਧੋਖਾਧੜੀ ਦਾ ਸ਼ਿਕਾਰ ਹੁੰਦਿਆਂ, ਪੁਲੀਸ ਅਧਿਕਾਰੀ ਗੁਲਸ਼ਨ ਕੁਮਾਰ, ਜਿਸ ਨੇ ਪਹਿਲਾਂ ਸਾਬਕਾ ਡੀਜੀਪੀ ਦੇ ਗੰਨਮੈਨ ਵਜੋਂ ਸੇਵਾ ਨਿਭਾਈ ਸੀ, ਨੇ ਧੋਖੇਬਾਜ਼ਾਂ ਦੁਆਰਾ ਦਿੱਤੇ ਗਏ ਬੈਂਕ ਖਾਤੇ ਵਿੱਚ 40,000 ਰੁਪਏ ਟ੍ਰਾਂਸਫਰ ਕਰ ਦਿੱਤੇ। ਡੀਸੀਪੀ ਅਪਰਾਧ ਅਤੇ ਟ੍ਰੈਫਿਕ ਅਮਰਿੰਦਰ ਸਿੰਘ ਨੇ ਦੱਸਿਆ ਕਿ ਸਾਈਬਰ ਕ੍ਰਾਈਮ ਪੁਲੀਸ ਸਟੇਸ਼ਨ ਪੰਚਕੂਲਾ ਵਿੱਚ ਧੋਖਾਧੜੀ ਦਾ ਮਾਮਲਾ ਦਰਜ ਕੀਤਾ ਗਿਆ ਸੀ। ਉਨ੍ਹਾਂ ਕਿਹਾ, "ਪੈਸੇ ਬਿਹਾਰ ਦੇ ਨਾਲੰਦਾ ਦੇ ਰਹਿਣ ਵਾਲੇ ਰਾਜੇਸ਼ ਕੁਮਾਰ ਦੇ ਬੈਂਕ ਖਾਤੇ ਵਿੱਚ ਜਮ੍ਹਾਂ ਕਰਵਾਏ ਗਏ ਸਨ। ਸਾਡੀ ਟੀਮ ਨੇ 29 ਮਾਰਚ ਨੂੰ ਮੁਲਜ਼ਮ ਨੂੰ ਗ੍ਰਿਫ਼ਤਾਰ ਕੀਤਾ ਸੀ। ਉਸ ਕੋਲੋਂ 40,000 ਰੁਪਏ ਬਰਾਮਦ ਕੀਤੇ ਗਏ ਹਨ। ਮੁਲਜ਼ਮ ਨੂੰ ਅੱਜ ਨਿਆਂਇਕ ਹਿਰਾਸਤ ਵਿੱਚ ਭੇਜ ਦਿੱਤਾ ਗਿਆ ਹੈ। ਉਸ ਨੇ ਆਪਣਾ ਖਾਤਾ ਅਪਰਾਧੀਆਂ ਨੂੰ ਕਿਰਾਏ 'ਤੇ ਦਿੱਤਾ ਹੋਇਆ ਸੀ।" ਡੀਜੀਪੀ ਕੰਵਰ ਨਿਰਮਲ ਸਿੰਘ ਨੇ 1 ਜੁਲਾਈ, 2005 ਨੂੰ ਹਰਿਆਣਾ ਦੇ ਡੀਜੀਪੀ ਵਜੋਂ ਅਹੁਦਾ ਸੰਭਾਲਿਆ ਸੀ, ਉਹ ਆਪਣੀ ਪਿਛਲੀ ਭੂਮਿਕਾ ਡੀਜੀਪੀ (ਜੇਲ੍ਹਾਂ) ਤੋਂ ਇੱਥੇ ਆਏ ਸਨ। ਉਹ 2006 ਵਿੱਚ ਸੇਵਾਮੁਕਤ ਹੋਏ ਸਨ।



# ਉਪ ਰਾਜਪਾਲ ਨੇ ਭਲਸਵਾ ਕੂੜਾ ਡੰਪ ਦਾ ਜਾਇਜ਼ਾ ਲਿਆ

## ਕੌਮਾਂਤਰੀ ਤਕਨੀਕਾਂ ਅਤੇ ਮਾਹਿਰਾਂ ਦੀ ਸਲਾਹ ਲੈਣ 'ਤੇ ਜ਼ੋਰ



ਨਵੀਂ ਦਿੱਲੀ, 31 ਮਾਰਚ (ਪੱਤਰ ਪ੍ਰੇਰਕ)- ਦਿੱਲੀ ਦੇ ਉਪ ਰਾਜਪਾਲ ਤਰਨਜੀਤ ਸਿੰਘ ਸੰਧੂ ਨੇ ਅੱਜ ਭਲਸਵਾ ਕੂੜਾ ਡੰਪ ਪੁੱਜ ਕੇ ਕੂੜਾ ਦੇ ਨਿਬੜੇ ਦੇ ਚੱਲ ਰਹੇ ਕੰਮਾਂ ਦੀ ਜਾਇਜ਼ਾ ਲਿਆ। ਮੌਕੇ ਉੱਤੇ ਮੌਜੂਦ ਅਧਿਕਾਰੀਆਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਸਪਸ਼ਟ ਕੀਤਾ ਕਿ ਪਿਛਲੇ ਸਾਲਾਂ ਵਿੱਚ ਕੰਮ ਦੀ ਰਫ਼ਤਾਰ ਵਧੀ ਜ਼ਰੂਰ ਹੈ, ਪਰ ਹਾਲੇ ਹੋਰ ਬਹੁਤ ਕੁਝ ਕਰਨ ਦੀ ਲੋੜ ਹੈ। ਉਨ੍ਹਾਂ ਸ਼ਹਿਰ ਅੰਦਰ ਸਾਫ਼-ਸਫ਼ਾਈ ਦਾ ਮਿਆਰ ਉੱਚਾ ਚੁੱਕਣ ਲਈ ਨਿਰੰਤਰ ਯਤਨ ਜਾਰੀ ਰੱਖਣ ਦੀ ਗੱਲ ਆਖੀ। ਉਪ ਰਾਜਪਾਲ ਦੇ ਅਧਿਕਾਰਤ ਐਕਸ ਹੈਂਡਲ ਉੱਤੇ ਪਾਈ ਇੱਕ ਪੋਸਟ ਅਨੁਸਾਰ ਇਹ ਦੌਰਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪਿਛਲੀ ਟਿੱਪਣੀ ਦੇ ਮੱਦੇਨਜ਼ਰ ਹੋਇਆ। ਪ੍ਰਧਾਨ ਮੰਤਰੀ ਨੇ ਪਿਛਲੇ ਸਮੇਂ ਦਿੱਲੀ ਦੇ ਤਿੰਨ ਵੱਡੇ ਕੂੜਾ ਡੰਪਾਂ (ਭਲਸਵਾ, ਗਾਜ਼ੀਪੁਰ ਅਤੇ ਓਖਲਾ) ਬਾਰੇ ਚਿੰਤਾ ਪ੍ਰਗਟਾਉਂਦਿਆਂ ਇਨ੍ਹਾਂ 'ਕੂੜੇ ਦੇ ਪਹਾੜਾਂ' ਦਾ ਸਫ਼ਾਇਆ ਕਰਨ ਦਾ ਸੱਦਾ ਦਿੱਤਾ ਸੀ। ਪ੍ਰਧਾਨ ਮੰਤਰੀ ਦੇ ਇਨ੍ਹਾਂ ਆਦੇਸ਼ਾਂ ਮਗਰੋਂ ਸਾਲ 2022 ਵਿੱਚ ਕੂੜਾ ਹਟਾਉਣ ਦਾ ਕੰਮ ਸ਼ੁਰੂ ਹੋਇਆ। ਉਪ ਰਾਜਪਾਲ ਨੇ ਆਪਣੇ ਬਿਆਨ ਵਿੱਚ ਕਿਹਾ, 'ਪਿਛਲੇ ਸਾਲ ਦੌਰਾਨ ਕਾਫ਼ੀ ਤੇਜ਼ੀ ਆਈ ਹੈ, ਫਿਰ ਵੀ ਅਜੇ ਕਾਫ਼ੀ ਕੰਮ ਬਾਕੀ ਹੈ।' ਕੰਮ ਵਿੱਚ ਤੇਜ਼ੀ ਲਿਆਉਣ ਖ਼ਾਤਰ ਉਨ੍ਹਾਂ ਅਧਿਕਾਰੀਆਂ ਅੱਗੇ ਕੂੜਾ ਪ੍ਰਬੰਧਨ ਖੇਤਰ ਦੀਆਂ ਨਵੀਆਂ ਆਲਮੀ ਤਕਨੀਕਾਂ ਅਪਨਾਉਣ, ਕੌਮਾਂਤਰੀ ਪੱਧਰ ਦੇ ਮਾਪਦੰਡ ਲਾਗੂ ਕਰਨ ਅਤੇ ਮਾਹਿਰਾਂ ਦੀ ਸਲਾਹ ਲੈਣ ਦੀ ਤਜਵੀਜ਼ ਰੱਖੀ। ਐਕਸ 'ਤੇ ਪਾਈ ਪੋਸਟ ਮੁਤਾਬਕ ਉਪ ਰਾਜਪਾਲ ਨੇ ਦਿੱਲੀ ਨਗਰ ਨਿਗਮ (ਐੱਮ ਸੀ ਡੀ) ਅਧਿਕਾਰੀਆਂ ਨਾਲ ਵੀ ਅਹਿਮ ਚਰਚਾ ਕੀਤੀ। ਉਨ੍ਹਾਂ ਅਧਿਕਾਰੀਆਂ ਸਾਹਮਣੇ ਡੰਪ ਵਾਲੀ ਥਾਂ ਉੱਤੇ ਪਏ ਪੁਰਾਣੇ ਕੂੜੇ ਦੇ ਨਾਲ-ਨਾਲ ਰੋਜ਼ਾਨਾ ਆ ਰਹੇ ਨਵੇਂ ਕੂੜੇ ਦੇ ਢੁਕਵੇਂ ਨਿਪਟਾਰੇ ਦਾ ਮੁੱਦਾ ਚੁੱਕਿਆ। ਗਰਮੀਆਂ ਦਾ ਮੌਸਮ ਸ਼ੁਰੂ ਹੋਣ ਕਾਰਨ ਉਨ੍ਹਾਂ ਡੰਪ ਵਾਲੀਆਂ ਥਾਵਾਂ 'ਤੇ ਅੱਗ ਲੱਗਣ ਦੀਆਂ ਘਟਨਾਵਾਂ ਰੋਕਣ ਲਈ ਪਹਿਲਾਂ ਹੀ ਪੁਖਤਾ ਇੰਤਜ਼ਾਮ ਕਰਨ ਉੱਤੇ ਜ਼ੋਰ ਦਿੱਤਾ। ਬਚਾਅ ਪ੍ਰਬੰਧਾਂ ਵਿੱਚ ਕਿਸੇ ਕਿਸਮ ਦੀ ਢਿੱਲ ਬਰਦਾਸ਼ਤ ਨਾ ਕਰਨ ਦੀ ਚਿਤਾਵਨੀ ਦਿੱਤੀ ਗਈ। ਪ੍ਰਕਿਰਿਆ ਸੌਖੀ ਕਰਨ ਲਈ ਉਨ੍ਹਾਂ ਸੁੱਕਾ ਅਤੇ ਗਿੱਲਾ ਕੂੜਾ ਮੁੱਢਲੇ ਪੱਧਰ 'ਤੇ ਹੀ ਵੱਖ-ਵੱਖ ਕਰਨ ਦੀ ਅਪੀਲ ਵੀ ਕੀਤੀ। ਇਸ ਕੰਮ ਖ਼ਾਤਰ ਸ਼ਹਿਰ ਦੀਆਂ ਰੈਜ਼ੀਡੈਂਟ ਵੈੱਲਫੇਅਰ ਐਸੋਸੀਏਸ਼ਨਾਂ (ਆਰ ਡਬਲਿਊ ਏ) ਅਤੇ ਮਾਰਕੀਟ ਟਰੇਡਰ ਐਸੋਸੀਏਸ਼ਨਾਂ (ਐੱਮ ਟੀ ਏ) ਦਾ ਵੱਧ ਤੋਂ ਵੱਧ ਸਹਿਯੋਗ ਲੈਣ ਦੀ ਗੱਲ ਕਹੀ ਗਈ ਹੈ ਤਾਂ ਜੋ ਕੂੜਾ ਪ੍ਰਬੰਧਨ ਸੁਚਾਰੂ ਢੰਗ ਨਾਲ ਚੱਲ ਸਕੇ।

# ਸਿਲੰਡਰ ਮਾਰ ਕੇ ਪਤਨੀ ਦੀ ਹੱਤਿਆ

ਨਵੀਂ ਦਿੱਲੀ, 31 ਮਾਰਚ (ਪੱਤਰ ਪ੍ਰੇਰਕ)- ਦੱਖਣੀ-ਪੂਰਬੀ ਦਿੱਲੀ ਦੇ ਪੁਲ ਪ੍ਰਹਿਲਾਦਪੁਰ ਇਲਾਕੇ ਦੇ ਡੀ ਡੀ ਏ ਜਨਤਾ ਫਲੈਟਸ ਵਿੱਚ ਇੱਕ ਵਿਅਕਤੀ ਨੇ ਘਰੇਲੂ ਝਗੜੇ ਦੌਰਾਨ ਆਪਣੀ 32 ਸਾਲਾ ਪਤਨੀ ਪੂਨਮ ਦੇ ਸਿਰ 'ਤੇ ਸਿਲੰਡਰ ਮਾਰ ਕੇ ਹੱਤਿਆ ਕਰ ਦਿੱਤੀ। ਪੁਲੀਸ ਨੇ ਮੁਲਜ਼ਮ ਪਤੀ ਸੁਰੇਸ਼ ਕੁਮਾਰ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਇਹ ਜੋੜਾ ਮੂਲ ਰੂਪ ਵਿੱਚ ਰਾਜਸਥਾਨ ਦੇ ਚੁਰੂ ਜ਼ਿਲ੍ਹੇ ਦਾ ਰਹਿਣ ਵਾਲਾ ਸੀ ਅਤੇ ਕਰੀਬ ਮਹੀਨਾ ਪਹਿਲਾਂ ਹੀ ਦਿੱਲੀ ਰਹਿਣ ਆਇਆ ਸੀ। ਇਨ੍ਹਾਂ ਦਾ ਵਿਆਹ ਸਾਲ 2020 ਵਿੱਚ ਹੋਇਆ ਸੀ। ਪੁਲੀਸ ਅਨੁਸਾਰ ਸੋਮਵਾਰ ਨੂੰ ਗੁਆਂਢੀਆਂ ਨੇ ਘਰ ਵਿੱਚੋਂ ਚੀਕਾਂ ਸੁਣ ਕੇ ਅਧਿਕਾਰੀਆਂ ਨੂੰ ਸੂਚਿਤ ਕੀਤਾ। ਮੌਕੇ 'ਤੇ ਪਹੁੰਚੀ ਪੁਲੀਸ ਟੀਮ ਨੂੰ ਪੂਨਮ ਗੰਭੀਰ ਜ਼ਖ਼ਮੀ ਹਾਲਤ ਵਿੱਚ ਮਿਲੀ। ਉਸ ਨੂੰ ਤੁਰੰਤ ਨਜ਼ਦੀਕੀ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਡਿਪਟੀ ਕਮਿਸ਼ਨਰ ਪੁਲੀਸ (ਦੱਖਣੀ-ਪੂਰਬੀ) ਹੇਮੰਤ ਤਿਵਾੜੀ ਨੇ ਦੱਸਿਆ ਕਿ ਸ਼ੁਰੂਆਤੀ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਪਤੀ ਆਪਣੇ ਭਰਾ ਦੀ ਆਰਥਿਕ ਮਦਦ ਕਰਨਾ ਚਾਹੁੰਦਾ ਸੀ। ਇਸ ਗੱਲ ਨੂੰ ਲੈ ਕੇ ਦੋਵਾਂ ਵਿਚਾਲੇ ਤਕਰਾਰ ਹੋ ਗਈ, ਜੋ ਹਿੰਸਕ ਰੂਪ ਧਾਰਨ ਕਰ ਗਈ। ਝਗੜੇ ਦੌਰਾਨ ਗੁੱਸੇ ਵਿੱਚ ਆਏ ਸੁਰੇਸ਼ ਨੇ ਘਰ ਵਿੱਚ ਪਿਆ ਛੋਟਾ ਐੱਲ ਪੀ ਜੀ ਸਿਲੰਡਰ ਚੁੱਕ ਕੇ ਪੂਨਮ ਦੇ ਸਿਰ 'ਤੇ ਕਈ ਵਾਰ ਕੀਤੇ, ਜੋ ਜਾਨਲੇਵਾ ਸਾਬਤ ਹੋਏ।

# ਈ.ਡੀ. ਨੇ 15,000 ਕਰੋੜ ਰੁਪਏ ਤੋਂ ਵੱਧ ਦੀਆਂ ਜਾਇਦਾਦਾਂ ਕਮੇਟੀ ਨੂੰ ਸੌਂਪੀਆਂ




ਨਵੀਂ ਦਿੱਲੀ 31 ਮਾਰਚ (ਪੱਤਰ ਪ੍ਰੇਰਕ)- ਇਨਫੋਰਸਮੈਂਟ ਡਾਇਰੈਕਟੋਰੇਟ ਨੇ ਸੋਮਵਾਰ ਨੂੰ ਕਿਹਾ ਕਿ ਉਸ ਨੇ ਸੁਪਰੀਮ ਕੋਰਟ ਵੱਲੋਂ ਨਿਯੁਕਤ ਵਿਸ਼ੇਸ਼ ਕਮੇਟੀ ਨੂੰ 15,000 ਕਰੋੜ ਰੁਪਏ ਤੋਂ ਵੱਧ ਦੀ ਜਾਇਦਾਦ ਬਹਾਲ ਕਰ ਦਿੱਤੀ ਹੈ ਤਾਂ ਜੋ ਚੰਡੀਗੜ੍ਹ ਸਥਿਤ (ਪਰਲਜ਼ ਗਰੁੱਪ) ਵੱਲੋਂ ਪੋਂਜ਼ੀ ਘੁਟਾਲੇ ਵਿੱਚ ਕਥਿਤ ਤੌਰ 'ਤੇ ਧੋਖਾਧੜੀ ਕੀਤੇ ਗਏ ਨਿਵੇਸ਼ਕਾਂ ਨੂੰ ਉਨ੍ਹਾਂ ਦੇ ਬਕਾਏ ਵਾਪਸ ਮਿਲ ਸਕਣ। ਕਥਿਤ ਧੋਖਾਧੜੀ ਦੀ ਕੀਮਤ 48,000 ਕਰੋੜ ਰੁਪਏ ਹੋਣ ਦਾ ਅਨੁਮਾਨ ਹੈ। ਸੰਘੀ ਏਜੰਸੀ ਨੇ ਇਕ ਬਿਆਨ 'ਚ ਕਿਹਾ ਕਿ ਮਨੀ ਲਾਂਡਰਿੰਗ ਰੋਕੂ ਐਕਟ (13:) ਦੀ ਇਕ ਵਿਸ਼ੇਸ਼ ਅਦਾਲਤ ਨੇ 455 ਅਚੱਲ ਜਾਇਦਾਦਾਂ ਨੂੰ ਜਸਟਿਸ ਲੋਢਾ ਕਮੇਟੀ ਨੂੰ ਵਾਪਸ ਕਰਨ ਦੇ ਹੁਕਮ ਦਿੱਤੇ ਹਨ। ਹੁਣ ਕਮੇਟੀ ਇਨ੍ਹਾਂ ਜਾਇਦਾਦਾਂ ਨੂੰ ਵੇਚ ਕੇ ਨਿਵੇਸ਼ਕਾਂ ਨੂੰ ਉਨ੍ਹਾਂ ਦਾ ਪੈਸਾ ਵਾਪਸ ਕਰੇਗੀ। ਪ੍ਰਭਾਵਿਤ ਸੰਸਥਾਵਾਂ ਜਾਂ ਧੋਖਾਧੜੀ ਦੇ ਪੀੜਤਾਂ, ਜਿਵੇਂ ਕਿ ਧੋਖਾਧੜੀ ਵਾਲੇ ਬੈਂਕਾਂ, ਜਮ੍ਹਾਂਕਰਤਾਵਾਂ ਅਤੇ ਘਰ ਖਰੀਦਦਾਰਾਂ ਨੂੰ ਸੰਪਤੀਆਂ ਦੀ ਬਹਾਲੀ ਜਾਂ ਬਹਾਲੀ ਪੀ.ਐਮ.ਐਲ.ਏ. ਦੇ ਅਧੀਨ ਉਪਲਬਧ ਇੱਕ ਉਪਾਅ ਹੈ। ਜੁਲਾਈ 2016 ਤੋਂ ਈ.ਡੀ. ਦੀ ਜਾਂਚ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਵੱਲੋਂ ਪੀ.ਏ.ਸੀ.ਐਲ. ਲਿਮਟਿਡ, ਇਸ ਦੇ ਮਰਹੂਮ ਪ੍ਰਮੋਟਰ ਨਿਰਮਲ ਸਿੰਘ ਭੰਗੂ ਅਤੇ ਕੁਝ ਹੋਰਾਂ ਵਿਰੁੱਧ 2014 ਵਿੱਚ ਦਰਜ ਕੀਤੇ ਗਏ ਕੇਸ ਤੋਂ ਸ਼ੁਰੂ ਹੋਈ ਹੈ। ਸੀ.ਬੀ.ਆਈ. ਐਫ.ਆਈ.ਆਰ. ਸੁਪਰੀਮ ਕੋਰਟ ਦੇ ਨਿਰਦੇਸ਼ਾਂ 'ਤੇ ਆਈ ਹੈ।ਅਗਸਤ 2024 ਵਿੱਚ ਭੰਗੂ ਦੀ ਮੌਤ ਹੋ ਗਈ ਸੀ। ਫਰਵਰੀ 2016 'ਚ ਸੁਪਰੀਮ ਕੋਰਟ ਨੇ ਬਾਜ਼ਾਰ ਰੈਗੂਲੇਟਰ ਸੇਬੀ ਨੂੰ ਨਿਰਦੇਸ਼ ਦਿੱਤਾ ਸੀ ਕਿ ਉਹ ਭਾਰਤ ਦੇ ਸਾਬਕਾ ਚੀਫ਼ ਜਸਟਿਸ ਆਰ.ਐਮ. ਲੋਢਾ ਦੀ ਪ੍ਰਧਾਨਗੀ 'ਚ ਇਕ ਕਮੇਟੀ ਦਾ ਗਠਨ ਕਰੇ। ਇਸ ਜਾਂਚ ਦੇ ਤਹਿਤ ਈਡੀ ਨੇ 27,030 ਕਰੋੜ ਰੁਪਏ ਦੀ ਜਾਇਦਾਦ ਜ਼ਬਤ ਕੀਤੀ ਹੈ। ਇਹ ਜਾਇਦਾਦ ਪੀ.ਏ.ਸੀ.ਐਲ. ਲਿਮਟਿਡ, ਇਸ ਦੇ ਸਮੂਹ/ਸਹਿਯੋਗੀ ਸੰਸਥਾਵਾਂ ਅਤੇ ਭੰਗੂ ਦੇ ਪਰਿਵਾਰਕ ਮੈਂਬਰਾਂ/ਸਹਿਯੋਗੀਆਂ ਦੇ ਨਾਮ 'ਤੇ ਰੱਖੀਆਂ ਗਈਆਂ ਹਨ, ਜਿਨ੍ਹਾਂ ਵਿੱਚ ਉਸ ਦੀ ਪਤਨੀ ਪ੍ਰੇਮ ਕੌਰ, ਬੇਟੀਆਂ ਬਰਿੰਦਰ ਕੌਰ ਅਤੇ ਸੁਖਵਿੰਦਰ ਕੌਰ ਅਤੇ ਜਵਾਈ ਹਰਸਤਿੰਦਰਪਾਲ ਸਿੰਘ ਹੇਅਰ ਅਤੇ ਗੁਰਪ੍ਰਤਾਪ ਸਿੰਘ ਸ਼ਾਮਲ ਹਨ। ਏਜੰਸੀ ਨੇ ਕਿਹਾ ਕਿ ਪੀ.ਐੱਮ.ਐੱਲ.ਏ. ਦੀ ਵਿਸ਼ੇਸ਼ ਅਦਾਲਤ ਵੱਲੋਂ 455 ਜਾਇਦਾਦਾਂ ਦੀ ਵਾਪਸੀ ਪੀ.ਏ.ਸੀ.ਐਲ. ਸਕੀਮ ਤਹਿਤ ਧੋਖਾਧੜੀ ਦਾ ਸ਼ਿਕਾਰ ਹੋਏ ਲੱਖਾਂ ਨਿਵੇਸ਼ਕਾਂ ਨੂੰ ਅਪਰਾਧ ਦੀ ਵਸੂਲੀ ਅਤੇ ਵਾਪਸੀ ਵੱਲ ਇਕ ਮਹੱਤਵਪੂਰਣ ਕਦਮ ਹੈ। ਈ.ਡੀ. ਕਾਨੂੰਨ ਅਨੁਸਾਰ ਅਪਰਾਧ ਦੀ ਸਾਰੀ ਕਮਾਈ ਦੀ ਪਛਾਣ ਕਰਨ, ਨਥਤ ਕਰਨ ਅਤੇ ਮੁੜ ਪ੍ਰਾਪਤ ਕਰਨ ਲਈ ਵਚਨਬੱਧ ਹੈ। ਈ.ਡੀ. ਮੁਤਾਬਕ ਮੁਲਜ਼ਮ ਇਕਾਈਆਂ ਅਤੇ ਪੀ.ਏ.ਸੀ.ਐਲ. ਦੇ ਵਿਅਕਤੀਆਂ ਨੇ ਖੇਤੀਬਾੜੀ ਜ਼ਮੀਨ ਦੀ ਵਿਕਰੀ ਅਤੇ ਵਿਕਾਸ ਦੀ ਆੜ ਵਿੱਚ ਦੇਸ਼ ਭਰ ਦੇ ਲੱਖਾਂ ਨਿਵੇਸ਼ਕਾਂ ਤੋਂ ਧੋਖਾਧੜੀ ਨਾਲ 60,000 ਕਰੋੜ ਰੁਪਏ ਤੋਂ ਵੱਧ ਦੀ ਧੋਖਾਧੜੀ ਨਾਲ ਜੁਟਾਏ ਸਨ। ਇਸ ਵਿਚ ਕਿਹਾ ਗਿਆ ਹੈ ਕਿ ਨਿਵੇਸ਼ਕਾਂ ਨੂੰ ਨਕਦ ਡਾਊਨ ਪੇਮੈਂਟ ਅਤੇ ਕਿਸ਼ਤ ਭੁਗਤਾਨ ਯੋਜਨਾਵਾਂ ਦੁਆਰਾ ਨਿਵੇਸ਼ ਕਰਨ ਲਈ ਪ੍ਰੇਰਿਤ ਕੀਤਾ ਗਿਆ ਸੀ ਅਤੇ ਸਮਝੌਤੇ, ਪਾਵਰ ਆਫ਼ ਅਟਾਰਨੀ ਅਤੇ ਹੋਰ ਸਾਧਨਾਂ ਸਮੇਤ "ਗੁੰਮਰਾਹਕੁੰਨ" ਦਸਤਾਵੇਜ਼ਾਂ 'ਤੇ ਦਸਤਖਤ ਕਰਨ ਲਈ ਮਜਬੂਰ ਕੀਤਾ ਗਿਆ ਸੀ।

# ਸੁਚੇਤਕ ਰੰਗਮੰਚ ਨੇ ਰੰਗਮੰਚ ਦਿਵਸ ਮਨਾਇਆ



ਐੱਸਏਐੱਸ ਨਗਰ (ਮੁਹਾਲੀ), 31 ਮਾਰਚ (ਪੱਤਰ ਪ੍ਰੇਰਕ)-ਸੁਚੇਤਕ ਸਕੂਲ ਆਫ਼ ਐਕਟਿੰਗ, ਸੈਕਟਰ 70 ਮੁਹਾਲੀ ਵਿੱਚ ਸੁਚੇਤਕ ਰੰਗਮੰਚ ਵੱਲੋਂ ਵਿਸ਼ਵ ਰੰਗਮੰਚ ਦਿਵਸ ਮਨਾਇਆ ਗਿਆ। ਇਸ ਮੌਕੇ ਪੰਜਾਬੀ ਨਾਟਕ ਤੇ ਰੰਗਮੰਚ ਦੇ ਇਤਿਹਾਸ ਦੀਆਂ ਪਰਤਾਂ ਫਰੋਲਦੀ ਦਸਤਾਵੇਜ਼ੀ ਫਿਲਮ 'ਪਰਦਾ ਉੱਠਣ 'ਤੇ' ਦਿਖਾਈ ਗਈ। ਇਸ ਵਿੱਚ ਮੁੱਢਲੇ ਪੰਜਾਬੀ ਨਾਟਕ ਤੋਂ ਲੈ ਕੇ ਹੁਣ ਤੱਕ ਦੇ ਸੀਨੀਅਰ ਨਾਟਕਕਾਰਾਂ ਤੇ ਰੰਗਕਰਮੀਆਂ ਦਾ ਸੰਖੇਪ ਵੇਰਵਾ ਦਰਜ ਹੈ।ਇਸ ਦਸਤਾਵੇਜ਼ੀ ਫ਼ਿਲਮ ਦੇ ਨਿਰਦੇਸ਼ਕ ਜਗਦੀਸ਼ ਤਿਵਾੜੀ ਨੇ ਇਸ ਮੌਕੇ ਸ਼ਿਰਕਤ ਕਰਦਿਆਂ ਦੱਸਿਆ ਕਿ ਉਹ ਇਸ ਵਡੇਰੇ ਕਾਜ ਦੀ ਪਹਿਲੀ ਕੜੀ ਹੀ ਪੇਸ਼ ਕਰ ਸਕੇ ਹਨ। ਇਸ ਤੋਂ ਅਗਲੀ ਕੜੀ ਵਿੱਚ ਅਗਲੇਰੀ ਪੀੜ੍ਹੀ ਦਾ ਜ਼ਿਕਰ ਛੇੜਿਆ ਜਾਵੇਗਾ।ਇਸ ਮੌਕੇ ਪ੍ਰਾਜੈਕਟ ਦੇ ਸਹਿਯੋਗੀ ਰਹੇ ਸਿਨੇ ਜਗਤ ਨਾਲ ਜੁੜੇ ਰਾਜੀਵ ਸ਼ਰਮਾ ਨੇ ਜਗਦੀਸ਼ ਤਿਵਾੜੀ ਦੀ ਸ਼ਲਾਘਾ ਕੀਤੀ। ਪ੍ਰੋ. ਅਤੈ ਸਿੰਘ ਨੇ ਦਸਤਾਵੇਜ਼ੀ ਫ਼ਿਲਮ ਦੀ ਸ਼ਲਾਘਾ ਕੀਤੀ ਅਤੇ ਅਗਲੀਆਂ ਕੜੀਆਂ ਲਈ ਮਸ਼ਵਰੇ ਵੀ ਦਿੱਤੇ। ਇਸੇ ਤਰ੍ਹਾਂ ਅਮਰਜੀਤ ਸਿੰਘ ਅਰਪਣ ਤੇ ਸ਼ਬਦੀਸ਼ ਨੇ ਵੀ ਸੁਝਾਅ ਦਿੱਤੇ।

# ਦਸੌਂਦਾ ਸਿੰਘ ਵਾਲਾ 'ਚ ਪਲੇਅ ਗਰਾਊਂਡ ਦੇ ਨਿਰਮਾਣ ਆਰੰਭ



ਮਾਲੇਰਕੋਟਲਾ , 31 ਮਾਰਚ (ਪੱਤਰ ਪ੍ਰੇਰਕ)- ਚੇਅਰਮੈਨ ਬਲਾਕ ਸੰਮਤੀ ਮਾਲੇਰਕੋਟਲਾ ਸੰਤੋਖ ਸਿੰਘ ਦਸੌਂਦਾ ਸਿੰਘ ਵਾਲਾ ਵੱਲੋਂ ਪਿੰਡ ਦਸੌਂਦਾ ਸਿੰਘ ਵਾਲਾ ਵਿਖੇ ਸੰਮਤੀ ਮੈਂਬਰਾਂ ਦੇ ਸਹਿਯੋਗ ਨਾਲ ਮਾਡਲ ਪਲੇਅ ਗਰਾਊਂਡ ਦੇ ਨਿਰਮਾਣ ਕਾਰਜਾਂ ਦੀ ਸੁਰੂਆਤ ਕਰਵਾਈ ਗਈ। ਚੇਅਰਮੈਨ ਸੰਤੋਖ ਸਿੰਘ ਪੰਜਾਬ ਸਰਕਾਰ ਵੱਲੋਂ ਪਿੰਡ ਪੱਧਰ 'ਤੇ ਖੇਡ ਢਾਂਚੇ ਨੂੰ ਮਜਬੂਤ ਕਰਨ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਸਰਾਹਨਾ ਕਰਦਿਆ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਲਈ ਵੱਡੇ ਪੱਧਰ 'ਤੇ ਮਹੱਤਵਪੂਰਨ ਕਦਮ ਚੁੱਕੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਜਿਲ੍ਹਾ ਮਾਲੇਰਕੋਟਲਾ 'ਚ ਕਰੀਬ 16 ਕਰੋੜ 02 ਲੱਖ 51 ਹਜਾਰ ਰੁਪਏ ਦੀ ਲਾਗਤ ਨਾਲ 57 ਮਾਡਲ ਪਲੇਅ ਗਰਾਊਂਡ ਤਿਆਰ ਕੀਤੇ ਜਾ ਰਹੇ ਹਨ। ਇਨ੍ਹਾਂ 'ਚੋਂ ਵਿਧਾਨ ਸਭਾ ਹਲਕਾ ਮਾਲੇਰਕੋਟਲਾ ਵਿੱਚ ਲੱਗਭੱਗ 30 ਮੈਦਾਨ 6 ਕਰੋੜ 89 ਲੱਖ 29 ਹਜਾਰ ਰੁਪਏ ਦੀ ਲਾਗਤ ਨਾਲ ਅਤੇ ਬਾਕੀ ਹਲਕਾ ਅਮਰਗੜ੍ਹ ਵਿੱਚ 27 ਮੈਦਾਨ ਕਰੀਬ 9 ਕਰੋੜ 13 ਲੱਖ 22 ਹਜਾਰ ਰੁਪਏ ਦੀ ਲਾਗਤ ਨਾਲ ਬਣਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਮਾਡਲ ਪਲੇਅ ਗਰਾਊਂਡਾਂ ਵਿੱਚ ਕ੍ਰਿਕਟ ਪਿੱਚ, ਵਾਲੀਬਾਲ ਕੋਰਟ, ਰਨਿੰਗ ਟਰੈਕ, ਓਪਨ ਜਿੰਮ ਅਤੇ ਦਰਸਕਾਂ ਲਈ ਬੈਠਣ ਦੀਆਂ ਆਧੁਨਿਕ ਸਹੂਲਤਾਂ ਮੁਹੱਈਆ ਕਰਵਾਈਆਂ ਜਾਣਗੀਆਂ, ਜਿਸ ਨਾਲ ਪਿੰਡਾਂ ਦੇ ਬੱਚਿਆਂ ਅਤੇ ਨੌਜਵਾਨਾਂ ਨੂੰ ਆਪਣੀ ਖੇਡ ਪ੍ਰਤਿਭਾ ਨਿਖਾਰਨ ਲਈ ਵਧੀਆ ਮੌਕਾ ਮਿਲੇਗਾ। ਚੇਅਰਮੈਨ ਸੰਤੋਖ ਸਿੰਘ ਨੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਅਤੇ ਵਿਧਾਇਕ ਮਾਲੇਰਕੋਟਲਾ ਡਾ. ਜਮੀਲ-ਉਰ-ਰਹਿਮਾਨ ਦਾ ਦਿਲੋਂ ਧੰਨਵਾਦ ਕਰਦੇ ਹੋਏ ਕਿਹਾ ਕਿ ਇਹ ਉਪਰਾਲਾ ਪਿੰਡਾਂ ਦੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖ ਕੇ ਖੇਡਾਂ ਵੱਲ ਪ੍ਰੇਰਿਤ ਕਰਨ ਵਿੱਚ ਮਦਦਗਾਰ ਸਾਬਤ ਹੋਵੇਗਾ। ਉਨ੍ਹਾਂ ਕਿਹਾ ਕਿ ਉਹ ਅਤੇ ਉਨ੍ਹਾਂ ਦੀ ਬਲਾਕ ਸੰਮਤੀ ਦੀ ਟੀਮ ਲਗਾਤਾਰ ਆਮ ਲੋਕਾਂ ਦੀ ਭਲਾਈ ਅਤੇ ਪੰਜਾਬ ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਨੂੰ ਹਰ ਲੋੜਵੰਦ ਤੱਕ ਪਹੁੰਚਾਉਣ ਲਈ ਤਤਪਰ ਰਹੇਗੀ। ਇਸ ਮੌਕੇ ਜੂਨੀਅਰ ਇੰਜੀਨੀਅਰ ਪੰਚਾਇਤੀ ਰਾਜ ਇੰਜ.ਸਤਨਾਮ ਸਿੰਘ, ਪੰਚ ਚਮਕੌਰ ਸਿੰਘ, ਜੋਗਾ ਸਿੰਘ ਬਲਦੀਪ ਸਿੰਘ,ਬਲਜੀਤ ਸਿੰਘ, ਹਰਫੂਲ ਸਿੰਘ, ਸੁਰਜੀਤ ਸਿੰਘ, ਰਾਜਦੀਪ ਸਿੰਘ, ਦਰਸ਼ਨ ਸਿੰਘ ਅਤੇ ਨੰਬਰਦਾਰ ਚਰਨਜੀਤ ਸਿੰਘ ਮੌਜੂਦ ਸਨ।

# ਵਿਸ਼ਾਲ ਭਗਵਤੀ ਜਾਗਰਣ ਕਰਵਾਇਆ



ਅਮਲੋਹ, 31 ਮਾਰਚ (ਪੱਤਰ ਪ੍ਰੇਰਕ)- ਸ੍ਰੋਮਣੀ ਅਕਾਲੀ ਦਲ ਦੇ ਕੋਰ ਕਮੇਟੀ ਮੈਂਬਰ ਅਤੇ ਹਲਕਾ ਅਮਲੋਹ ਦੇ ਮੁੱਖ ਸੇਵਾਦਾਰ ਗੁਰਪ੍ਰੀਤ ਸਿੰਘ ਰਾਜੂ ਖੰਨਾ ਨੇ ਮਹਾਂਮਾਈ ਕਲੱਬ ਨੌਜਵਾਨ ਸਭਾ ਏਕਤਾ ਕਲੋਨੀ ਬਾਜ਼ੀਗਰ ਬਸਤੀ ਅਮਲੋਹ ਵੱਲੋਂ ਕਰਵਾਏ ਤੀਸਰੇ ਵਿਸ਼ਾਲ ਭਗਵਤੀ ਜਾਗਰਣ ਦੀ ਜੋਤੀ ਪ੍ਰਚੰਡ ਕੀਤੀ। ਉਨ੍ਹਾਂ ਕਿਹਾ ਕਿ ਅੱਜ ਸਮੇਂ ਦੀ ਲੋੜ ਹੈ ਕਿ ਸਮਾਜਿਕ ਬੁਰਾਈਆਂ ਖਿਲਾਫ਼ ਡਟ ਕੇ ਜੰਗ ਲੜੀ ਜਾਵੇ ਤਾਂ ਜੋ ਇਨ੍ਹਾਂ ਨੂੰ ਜੜ੍ਹੋਂ ਪੁੱਟਿਆ ਜਾ ਸਕੇ। ਉਨ੍ਹਾਂ ਕਲੱਬਾਂ, ਪੰਚਾਇਤਾਂ, ਰਾਜਸੀ ਪਾਰਟੀਆਂ ਅਤੇ ਧਾਰਮਿਕ ਸੰਸਥਾਵਾਂ ਨੂੰ ਨਸ਼ਿਆਂ ਖਿਲਾਫ਼ ਲੋਕ ਲਹਿਰ ਖੜ੍ਹੀ ਕਰਨ ਦੀ ਅਪੀਲ ਕੀਤੀ ਤਾਂ ਜੋ ਨੌਜਵਾਨ ਪੀੜ੍ਹੀ ਨੂੰ ਇਸ ਤੋਂ ਬਚਾਇਆ ਜਾ ਸਕੇ। ਇਸ ਮੌਕੇ ਕਲੱਬ ਦੇ ਆਗੂ ਬਿੱਟੂ ਰਾਮ ਨੇ ਮੈਂਬਰਾਂ ਸਮੇਤ ਮੁੱਖ ਮਹਿਮਾਨ ਗੁਰਪ੍ਰੀਤ ਸਿੰਘ ਰਾਜੂ ਖੰਨਾ ਦਾ ਸਨਮਾਨ ਕੀਤਾ ਅਤੇ ਧੰਨਵਾਦ ਕੀਤਾ।

ਜਾਗਰਣ ਵਿੱਚ ਉੱਘੇ ਗਾਇਕ ਮਿੰਨੀ ਕਨਵਰ ਅਤੇ ਅਜੇ ਖੰਨਾ ਨੇ ਸਾਰੀ ਰਾਤ ਮਾਤਾ ਦੀਆਂ ਭੇਟਾਂ ਦਾ ਗੁਣਗਾਨ ਕੀਤਾ। ਇਸ ਮੌਕੇ ਯੂਥ ਆਗੂ ਪ੍ਰਗਟ ਸਿੰਘ, ਸੱਜਣ ਸਿੰਘ, ਲਵਪ੍ਰੀਤ ਸਿੰਘ, ਬਹਾਦਰ ਸਿੰਘ ਪ੍ਰਧਾਨ, ਕਰਮਜੋਤ ਸਿੰਘ, ਬਲਦੇਵ ਸਿੰਘ, ਸੁਰਜੀਤ ਰਾਮ ਅਤੇ ਮੋਹਨ ਸਿੰਘ ਹਾਜ਼ਰ ਸਨ।

# ਸਰਕਾਰ ਵਿਦਿਆਰਥੀਆਂ ਦੀ ਮਿਹਨਤ ਦੀ ਕਮਾਈ ਦਾ ਹਿਸਾਬ ਦੇਵੇ: ਪੀਰਮੁਹੰਮਦ

ਸ੍ਰੀ ਚਮਕੌਰ ਸਾਹਿਬ, 31 ਮਾਰਚ (ਪੱਤਰ ਪ੍ਰੇਰਕ)-ਸ਼੍ਰੋਮਣੀ ਅਕਾਲੀ ਦਲ (ਪੁਨਰਸੁਰਜੀਤ) ਦੇ ਸੀਨੀਅਰ ਮੀਤ ਪ੍ਰਧਾਨ ਕਰਨੈਲ ਸਿੰਘ ਪੀਰਮੁਹੰਮਦ ਨੇ ਦੇਸ਼ ਅਤੇ ਸੂਬੇ ਦੇ ਬੇਰੁਜਗਾਰ ਨੌਜਵਾਨਾਂ ਨਾਲ ਜੁੜਿਆ ਗੰਭੀਰ ਮੁੱਦਾ ਚੁੱਕਦਿਆਂ ਸਰਕਾਰਾਂ ਦੀਆਂ ਨੀਤੀਆਂ 'ਤੇ ਸਵਾਲ ਖੜ੍ਹੇ ਕੀਤੇ ਹਨ। ਉਨ੍ਹਾਂ ਕਿਹਾ ਕਿ ਹਰ ਸਾਲ ਲੱਖਾਂ-ਕਰੋੜਾਂ ਨੌਜਵਾਨ ਸਰਕਾਰੀ ਨੌਕਰੀਆਂ ਦੀ ਆਸ ਵਿੱਚ ਵੱਖ-ਵੱਖ ਭਰਤੀ ਪ੍ਰੀਖਿਆਵਾਂ ਦੇ ਫਾਰਮ ਭਰਦੇ ਹਨ ਅਤੇ ਭਾਰੀ ਫੀਸਾਂ ਅਦਾ ਕਰਦੇ ਹਨ ਪਰ ਅਖੀਰ ਵਿੱਚ ਨੌਕਰੀ ਮਹਿਜ ਕੁੱਝ ਗਿਣਤੀ ਦੇ ਲੋਕਾਂ ਨੂੰ ਹੀ ਨਸੀਬ ਹੁੰਦੀ ਹੈ। ਉਨ੍ਹਾਂ ਕਿਹਾ ਕਿ ਜਦੋਂ ਸਰਕਾਰਾਂ ਕੋਲ ਸੀਮਤ ਅਸਾਮੀਆਂ ਹੁੰਦੀਆਂ ਹਨ ਤਾਂ ਫਿਰ ਬਾਕੀ ਰਹਿੰਦੇ ਲੱਖਾਂ ਨੌਜਵਾਨਾਂ ਤੋਂ ਇਕੱਠੀ ਕੀਤੀ ਗਈ ਕਰੋੜਾਂ ਰੁਪਏ ਦੀ ਰਾਸ਼ੀ ਕਿੱਥੇ ਜਾਂਦੀ ਹੈ? ਉਨ੍ਹਾਂ ਕਿਹਾ ਕਿ ਗਰੀਬ ਅਤੇ ਮੱਧਵਰਗੀ ਪਰਿਵਾਰਾਂ ਦੇ ਬੱਚੇ ਮਿਹਨਤ ਦੀ ਕਮਾਈ ਜੋੜ ਕੇ ਇਹ ਫੀਸਾਂ ਭਰਦੇ ਹਨ ਪਰ ਸਰਕਾਰਾਂ ਲਈ ਇਹ ਰੁਜਗਾਰ ਦੇਣ ਦੀ ਬਜਾਇ ਖਜਾਨਾ ਭਰਨ ਦਾ ਇੱਕ ਜਰੀਆ ਬਣ ਗਿਆ ਹੈ। ਉਨ੍ਹਾਂ ਮੰਗ ਕੀਤੀ ਕਿ ਜੇਕਰ ਸਰਕਾਰ ਸਾਰੇ ਯੋਗ ਉਮੀਦਵਾਰਾਂ ਨੂੰ ਰੁਜਗਾਰ ਦੇਣ ਵਿੱਚ ਅਸਮਰੱਥ ਹੈ ਤਾਂ ਫਿਰ ਉਨ੍ਹਾਂ ਨੌਜਵਾਨਾਂ ਦੀਆਂ ਪ੍ਰੀਖਿਆ ਫੀਸਾਂ ਵਾਪਸ ਕਰਨ ਬਾਰੇ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ ਜੋ ਚੁਣੇ ਨਹੀਂ ਜਾਂਦੇ।

# 5 ਪੈਸੇ ਲਈ 40 ਸਾਲ ਚੱਲਿਆ ਅਦਾਲਤ 'ਚ ਕੇਸ ਕੇਸ

ਨਵੀਂ ਦਿੱਲੀ 31 ਮਾਰਚ (ਪੱਤਰ ਪ੍ਰੇਰਕ)- ਦਿੱਲੀ ਤੋਂ ਇੱਕ ਹੈਰਾਨ ਕਰਨ ਵਾਲੀ ਖ਼ਬਰ ਸਾਹਮਣੇ ਆਈ ਹੈ ਅਤੇ ਇਹ ਕਹਾਣੀ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਹੈ । ਇਹ ਇੱਕ ਬੱਸ ਕੰਡਕਟਰ ਦੀ ਕਹਾਣੀ ਹੈ ਜਿਸ ਨੂੰ ਸਿਰਫ਼ 5 ਪੈਸੇ ਦੇ ਦੋਸ਼ ਵਿੱਚ ਲਗਭਗ 40 ਸਾਲਾਂ ਤੱਕ ਅਦਾਲਤਾਂ ਦੇ ਚੱਕਰ ਲਗਾਉਣ ਲਈ ਮਜਬੂਰ ਕੀਤਾ ਗਿਆ ਸੀ। ਇਸ ਘਟਨਾ ਨੇ ਨਾ ਸਿਰਫ਼ ਲੋਕਾਂ ਨੂੰ ਭਾਵੁਕ ਤੌਰ 'ਤੇ ਪ੍ਰਭਾਵਿਤ ਕੀਤਾ ਹੈ ਬਲਕਿ ਨਿਆਂ ਪ੍ਰਣਾਲੀ 'ਤੇ ਵੀ ਗੰਭੀਰ ਸਵਾਲ ਖੜ੍ਹੇ ਕੀਤੇ ਹਨ । ਇਹ ਮਾਮਲਾ 1973 ਦਾ ਹੈ ਜਦੋਂ ਰਣਵੀਰ ਸਿੰਘ ਯਾਦਵ ਦਿੱਲੀ ਟਰਾਂਸਪੋਰਟ ਕਾਰਪੋਰੇਸ਼ਨ 'ਚ ਬੱਸ ਕੰਡਕਟਰ ਵਜੋਂ ਕੰਮ ਕਰ ਰਿਹਾ ਸੀ। ਉਸ 'ਤੇ ਇੱਕ ਔਰਤ ਯਾਤਰੀ ਤੋਂ 10 ਪੈਸੇ ਦੀ ਟਿਕਟ ਲਈ 15 ਪੈਸੇ ਵਸੂਲਣ ਅਤੇ 5 ਪੈਸੇ ਦੇ ਫਰਕ ਨੂੰ ਜੇਬ ਵਿੱਚ ਪਾਉਣ ਦਾ ਇਲਜ਼ਾਮ ਸੀ। ਇਸ ਇਲਜ਼ਾਮ ਤੋਂ ਬਾਅਦ ਉਸ ਵਿਰੁੱਧ ਜਾਂਚ ਸ਼ੁਰੂ ਕੀਤੀ ਗਈ ਸੀ ਅਤੇ ਕੁਝ ਸਾਲਾਂ ਬਾਅਦ, ਉਸ ਨੂੰ ਨੌਕਰੀ ਤੋਂ ਬਰਖਾਸਤ ਕਰ ਦਿੱਤਾ ਗਿਆ ਸੀ। ਨੌਕਰੀ ਗੁਆਉਣ ਤੋਂ ਬਾਅਦ ਰਣਵੀਰ ਨੇ ਇਨਸਾਫ਼ ਦੀ ਮੰਗ ਲਈ ਕਾਨੂੰਨੀ ਲੜਾਈ ਸ਼ੁਰੂ ਕੀਤੀ। ਇਹ ਸੰਘਰਸ਼ ਇੰਨਾ ਲੰਮਾ ਚੱਲਿਆ ਕਿ ਉਸਨੇ ਆਪਣੀ ਜ਼ਿੰਦਗੀ ਦਾ ਇੱਕ ਮਹੱਤਵਪੂਰਨ ਹਿੱਸਾ ਅਦਾਲਤਾਂ ਦੇ ਵਿਚਕਾਰ ਘੁੰਮਦੇ ਹੋਏ ਬਿਤਾਇਆ। 1990 ਵਿੱਚ ਉਸ ਨੂੰ ਲੇਬਰ ਕੋਰਟ ਤੋਂ ਰਾਹਤ ਮਿਲੀ, ਜਿਸਨੇ ਫੈਸਲਾ ਸੁਣਾਇਆ ਕਿ ਉਸਦੀ ਬਰਖਾਸਤਗੀ ਗਲਤ ਸੀ। ਹਾਲਾਂਕਿ, ਮਾਮਲਾ ਇੱਥੇ ਹੀ ਖਤਮ ਨਹੀਂ ਹੋਇਆ। ਡੀਟੀਸੀ ਨੇ ਇਸ ਫੈਸਲੇ ਨੂੰ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ, ਜਿਸ ਨਾਲ ਕੇਸ ਹੋਰ ਵੀ ਲੰਮਾ ਹੋ ਗਿਆ। ਇਸ ਸਮੇਂ ਦੌਰਾਨ, ਇੱਕ ਸੱਚਮੁੱਚ ਹੈਰਾਨ ਕਰਨ ਵਾਲਾ ਤੱਥ ਸਾਹਮਣੇ ਆਇਆ ਕਿ 5 ਪੈਸੇ ਦੀ ਵਸੂਲੀ ਲਈ ਜਿਸ ਉੱਤੇ ਇਹ ਪੂਰੀ ਗਾਥਾ ਸ਼ੁਰੂ ਹੋਈ ਸੀ, ਡੀਟੀਸੀ ਨੇ ਲਗਭਗ 47,000 ਰੁਪਏ ਦੇ ਕਾਨੂੰਨੀ ਖਰਚੇ ਕੀਤੇ ਸਨ। ਇਸ ਦੌਰਾਨ, ਰਣਵੀਰ ਨੇ ਵੀ ਇਹ ਲੜਾਈ ਲੜਦਿਆਂ ਲਗਭਗ 4 ਲੱਖ ਰੁਪਏ ਖਰਚ ਕੀਤੇ। ਰਣਵੀਰ ਲਈ ਇਹ ਸਿਰਫ਼ ਇੱਕ ਵਿੱਤੀ ਵਿਵਾਦ ਨਹੀਂ ਸੀ ਇਹ ਉਸਦੇ ਸਨਮਾਨ ਅਤੇ ਸੱਚਾਈ ਲਈ ਲੜਾਈ ਸੀ। ਉਸ ਨੇ ਕਈ ਮੌਕਿਆਂ 'ਤੇ ਦੱਸਿਆ ਕਿ ਉਸ ਦੇ ਆਪਣੇ ਬੱਚੇ ਵੀ ਉਸ ਨੂੰ ਪੁੱਛਦੇ ਸਨ ਕਿ ਕੀ ਉਸ ਨੇ ਸੱਚਮੁੱਚ ਕਿਸੇ ਦੇ ਪੈਸੇ ਦੀ ਦੁਰਵਰਤੋਂ ਕੀਤੀ ਹੈ। ਸਵਾਲਾਂ ਦੀ ਇਹ ਲੜੀ ਉਸ ਦੇ ਲਈ ਬਹੁਤ ਦੁਖਦਾਈ ਸੀ। ਅੰਤ ਇੱਕ ਲੰਬੀ ਕਾਨੂੰਨੀ ਲੜਾਈ ਤੋਂ ਬਾਅਦ ਉਸ ਨੂੰ ਨਿਆਂ ਮਿਲਿਆ। ਅਦਾਲਤ ਨੇ ਡੀਟੀਸੀ ਨੂੰ ਰਣਵੀਰ ਨੂੰ 30,000 ਦਾ ਮੁਆਵਜ਼ਾ ਦੇਣ ਦਾ ਹੁਕਮ ਦਿੱਤਾ। ਇਸ ਤੋਂ ਇਲਾਵਾ ਕਾਰਪੋਰੇਸ਼ਨ ਨੂੰ ਉਸ ਦੀ ਗ੍ਰੈਚੁਟੀ ਅਤੇ ਹੋਰ ਸਾਰੇ ਬਕਾਏ ਜਾਰੀ ਕਰਨ ਦਾ ਹੁਕਮ ਦਿੱਤਾ ਗਿਆ।



# ਆਸ਼ਾ ਵਰਕਰਾਂ ਨੇ ਸੰਘਰਸ਼ ਦਾ ਮੁੜ ਵਿਗਲ ਵਜਾਇਆ



ਸੇਰਪੁਰ , 31 ਮਾਰਚ (ਪੱਤਰ ਪ੍ਰੇਰਕ)- ਆਸਾ ਵਰਕਰਾਂ ਅਤੇ ਫੈਸਿਲੀਟੇਟਰ ਸਾਂਝਾ ਮੋਰਚਾ ਪੰਜਾਬ ਜਥੇਬੰਦੀ ਵੱਲੋਂ ਸਰਕਾਰ ਵਿਰੁੱਧ ਮੁੜ ਸੰਘਰਸ ਵਿੱਢਣ ਦਾ ਐਲਾਨ ਕਰ ਦਿੱਤਾ ਹੈ। ਜਥੇਬੰਦੀ ਦੀ ਬਲਾਕ ਪ੍ਰਧਾਨ ਛਿੰਦਰਪਾਲ ਕੌਰ ਕਾਤਰੋਂ ਅਤੇ ਕਿਰਨਪਾਲ ਕੌਰ ਖੇੜੀ ਨੇ ਦੱਸਿਆ ਕਿ ਆਸਾ ਵਰਕਰਾਂ ਅਤੇ ਫੈਸੀਲੀਟੇਟਰਾਂ ਵੱਲੋਂ ਆਪਣੀਆਂ ਹੱਕੀ ਮੰਗਾਂ ਨੂੰ ਲੈ ਕੇ ਪਿਛਲੇ ਚਾਰ ਸਾਲਾਂ ਤੋਂ ਪੰਜਾਬ ਸਰਕਾਰ ਨਾਲ ਅਨੇਕਾਂ ਮੀਟਿੰਗਾਂ ਹੋ ਚੁੱਕੀਆਂ ਹਨ ਪਰੰਤੂ ਹਰ ਵਾਰ ਇਹ ਮੀਟਿੰਗਾਂ ਬੇਸਿੱਟਾ ਸਾਬਤ ਹੋ ਕੇ ਰਹਿ ਜਾਂਦੀਆਂ ਹਨ। ਉਨ੍ਹਾਂ ਆਪਣੀਆਂ ਮੰਗਾਂ ਦੁਹਰਾਉਂਦਿਆਂ ਕਿਹਾ ਕਿ ਆਸਾ ਵਰਕਰਾਂ ਅਤੇ ਫੈਸੀਲੀਟੇਟਰਾਂ ਜਿਨ੍ਹਾਂ ਨੇ 10 ਸਾਲ ਦੀ ਸੇਵਾ ਪੂਰੀ ਕਰ ਲਈ ਹੈ, ਨੂੰ ਰੈਗੂਲਰ ਕੀਤਾ ਜਾਵੇ, ਨਿਯਮਤ ਹੋਣ ਤੱਕ, ਸਾਰਿਆਂ ਲਈ ਡੀਸੀ ਰੇਟ ਲਾਗੂ ਕੀਤਾ ਜਾਵੇ, ਛੇਵੇਂ ਤਨਖਾਹ ਕਮਿਸਨ ਦੇ ਆਧਾਰ ਤੇ ਘੱਟੋ-ਘੱਟ 26,000 ਰੁਪਏ ਦੀ ਮਾਸਿਕ ਤਨਖਾਹ ਦਿੱਤੀ ਜਾਵੇ, ਕੱਟੇ ਹੋਏ ਭੱਤਿਆਂ ਦੀ ਬਹਾਲੀ ਅਤੇ ਭੱਤਿਆਂ ਵਿੱਚ ਢੁਕਵਾਂ ਵਾਧਾ ਕੀਤਾ ਜਾਵੇ ਅਤੇ ਫੈਸੀਲੀਟੇਟਰਾਂ ਲਈ ਟੂਰ ਦੀ ਰਕਮ ਦੁੱਗਣੀ ਕੀਤੀ ਜਾਵੇ। ਇਸਦੇ ਨਾਲ ਹੀ ਹਰਿਆਣਾ ਮਾਡਲ ਦੀ ਪਾਲਣਾ ਕਰਦੇ ਹੋਏ, ਸੇਵਾਮੁਕਤੀ 'ਤੇ 5 ਰੁਪਏ ਲੱਖ ਦਾ ਸਹਾਇਤਾ ਫੰਡ ਦਿੱਤਾ ਜਾਵੇ। ਪ੍ਰੰਤੂ 25 ਮਾਰਚ ਨੂੰ ਸਰਕਾਰ ਦੇ ਨੁਮਾਇੰਦਿਆਂ ਨਾਲ ਜਥੇਬੰਦੀ ਦੀ ਹੋਈ ਮੀਟਿੰਗ ਵਿੱਚ ਕੋਈ ਸਾਰਥਿਕ ਸਿੱਟਾ ਨਾ ਨਿਕਲਣ ਕਾਰਨ ਸਮੁੱਚੀ ਜਥੇਬੰਦੀ ਨੇ ਮੁੜ ਤੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸੰਗਰੂਰ ਰਿਹਾਇਸ ਅੱਗੇ ਪੱਕੇ ਮੋਰਚੇ ਲਾਉਣ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਜਿੰਨੀ ਦੇਰ ਤੱਕ ਸਰਕਾਰ ਜਥੇਬੰਦੀ ਦੀਆਂ ਹੱਕੀ ਮੰਗਾਂ ਨੂੰ ਪ੍ਰਵਾਹ ਨਹੀਂ ਕਰਦੀ ਉਨੀ ਦੇਰ ਤੱਕ ਇਹ ਸੰਘਰਸ ਨੂੰ ਜਾਰੀ ਰੱਖਿਆ ਜਾਵੇਗਾ। ਇਸ ਮੌਕੇ ਬਲਵਿੰਦਰ ਕੌਰ ਕਾਲਾਬੂਲਾ ਸੁਪਰਵਾਈਜਰ,ਬਲਜੀਤ ਕੌਰ ਖੇੜੀ ਕਲਾ, ਕਿਰਪਾਲ ਕੌਰ ਈਨਾ ਬਾਜਵਾ, ਗੁਰਮੀਤ ਕੌਰ, ਅਮਨਦੀਪ ਕੌਰ ਪੱਤੀ ਖਲੀਲ, ਸੁਖਵਿੰਦਰ ਕੌਰ ਬੜੀ, ਅਮਰਜੀਤ ਕੌਰ, ਜਸਵੀਰ ਕੌਰ ਅਤੇ ਕਮਲੇਸ ਰਾਣੀ ਸੇਰਪੁਰ, ਪਰਮਜੀਤ ਕੌਰ ਸੇਰਪੁਰ, ਹਰਪ੍ਰੀਤ ਕੌਰ, ਹਰਜੀਤ ਕੌਰ ਬਾਜਵਾ ਹਾਜਰ ਸਨ।

# ਊਠਾਂ ਵਾਲਾ ਸ਼ਰਾਬ ਤਸਕਰ ਪੁਲੀਸ ਦੇ ਕਾਬੂ ਆਇਆ

## ਸੜਕਾਂ 'ਤੇ ਪੁਲੀਸ ਦੇ ਨਾਕਿਆਂ ਤੋਂ ਬਚਣ ਲਈ ਜੰਗਲ ਦੇ ਰਸਤੇ ਊਠਾਂ 'ਤੇ ਲੱਦ ਕੇ ਲਿਆਉਂਦਾ ਸੀ ਨਾਜਾਇਜ਼ ਸ਼ਰਾਬ



ਨਵੀਂ ਦਿੱਲੀ, 31 ਮਾਰਚ (ਪੱਤਰ ਪ੍ਰੇਰਕ)- ਪੁਲੀਸ ਨਾਕਿਆਂ ਤੋਂ ਬਚਣ ਲਈ ਇਕ ਆਦਮੀ ਨੇ ਹਰਿਆਣਾ ਤੋਂ ਦੱਖਣੀ ਦਿੱਲੀ ਵਿੱਚ ਜੰਗਲ ਦੇ ਰਸਤੇ ਨਾਜਾਇਜ਼ ਸ਼ਰਾਬ ਲਿਆਉਣ ਲਈ ਊਠਾਂ ਦਾ ਇਸਤੇਮਾਲ ਕੀਤਾ ਪਰ ਆਖਰ ਲੰਘੀ ਰਾਤੀਂ ਇਕ ਅਪਰੇਸ਼ਨ ਦੌਰਾਨ ਉਹ ਪੁਲੀਸ ਦੇ ਹੱਥ ਆ ਗਿਆ। ਇਕ ਪੁਲੀਸ ਅਫ਼ਸਰ ਨੇ ਉਸ ਦੀ ਪਛਾਣ ਵਿਨੋਦ ਭਡਾਨਾ 48 ਵਜੋਂ ਕਰਵਾਈ ਜੋ ਕਿ ਹਰਿਆਣਾ ਦੇ ਫਰੀਦਾਬਾਦ ਦਾ ਰਹਿਣ ਵਾਲਾ ਹੈ। ਪੁਲੀਸ ਅਫ਼ਸਰ ਨੇ ਦੱਸਿਆ ਕਿ ਪੁਲੀਸ ਨੂੰ ਪੱਕੀ ਸੂਹ ਮਿਲੀ ਸੀ ਕਿ ਦਿੱਲੀ ਅਤੇ ਫਰੀਦਾਬਾਦ ਨੂੰ ਜੋੜਦੀਆਂ ਸੜਕਾਂ ਉਪਰ ਨਾਕਿਆਂ ਨੂੰ ਝਕਾਨੀ ਦੇ ਕੇ ਸ਼ਰਾਬ ਲਿਆਂਦੀ ਜਾਂਦੀ ਹੈ ਜਿਸ ਤੋਂ ਬਾਅਦ ਉਸ ਨੂੰ ਸੰਗਮ ਵਿਹਾਰ ਦੇ ਜੰਗਲੀ ਇਲਾਕੇ ਵਿੱਚ ਕਾਬੂ ਕਰ ਲਿਆ ਗਿਆ। ਅਫ਼ਸਰ ਨੇ ਦੱਸਿਆ " ਸੂਹ ਮਿਲਣ 'ਤੇ ਕਾਰਵਾਈ ਕਰਦਿਆਂ ਟੀਮ ਨੇ ਸੋਮਵਾਰ ਤੜਕਸਾਰ ਇਕ ਰਣਨੀਤਕ ਜਾਲ ਵਿਛਾਇਆ। ਮੁਲਜ਼ਮ ਦੋ ਊਠਾਂ 'ਤੇ ਸ਼ਰਾਬ ਲੈ ਕੇ ਆ ਰਿਹਾ ਸੀ ਜਦੋਂ ਉਸ ਨੂੰ ਘੇਰਿਆ ਗਿਆ। " ਤਲਾਸ਼ੀ ਲੈਣ 'ਤੇ ਉਸ ਦੇ ਕਬਜ਼ੇ 'ਚੋਂ ਨਾਜਾਇਜ਼ ਸ਼ਰਾਬ ਦੇ 39 ਕੈਨ ਬਰਾਮਦ ਕੀਤੇ ਗਏ। ਊਠਾਂ ਨੂੰ ਵੀ ਕਬਜ਼ੇ ਵਿੱਚ ਲੈ ਕੇ ਸਬੰਧਤ ਅਧਿਕਾਰੀਆਂ ਦੇ ਸਪੁਰਦ ਕਰ ਦਿੱਤਾ ਗਿਆ ਹੈ। ਮੁਢਲੀ ਪੁੱਛਗਿੱਛ ਦੌਰਾਨ ਭਡਾਨਾ ਨੇ ਖੁਲਾਸਾ ਕੀਤਾ ਕਿ ਰਾਜਮਾਰਗਾਂ ਅਤੇ ਸਰਹੱਦੀ ਲਾਂਘਿਆਂ ਉਪਰ ਬਹੁਤ ਜ਼ਿਆਦਾ ਰੋਕਾਂ ਹੋਣ ਕਰ ਕੇ ਉਸ ਨੇ ਇਹ ਤਰੀਕਾ ਅਪਣਾਇਆ ਕਿਉਂਕਿ ਤਸਕਰੀ ਦੇ ਰਵਾਇਤੀ ਰੂਟ ਬਹੁਤ ਜ਼ਿਆਦਾ ਜੋਖ਼ਮ ਭਰੇ ਹੋ ਗਏ ਸਨ। ਮੁਲਜ਼ਮ ਨੈਬ ਸਰਾਏ ਪੁਲੀਸ ਸਟੇਸ਼ਨ ਵਿੱਚ ਦਿੱਲੀ ਆਬਕਾਰੀ ਐਕਟ ਅਤੇ ਜਾਨਵਰਾਂ ਖਿਲਾਫ਼ ਅੱਤਿਆਚਾਰ ਰੋਕੂ ਐਕਟ ਤਹਿਤ ਦਰਜ ਕੀਤੇ ਗਏ ਇਕ ਕੇਸ ਵਿੱਚ ਵੀ ਸ਼ਾਮਲ ਸੀ।

# ਖਾਲਸਾ ਸਾਜਨਾ ਦਿਵਸ ਦੇ ਸਬੰਧ 'ਚ ਗੁਰਮਤਿ ਸਮਾਗਮ ਕਰਵਾਇਆ



ਰਾਜਪੁਰਾ, 31 ਮਾਰਚ (ਪੱਤਰ ਪ੍ਰੇਰਕ)- ਇੱਥੋਂ ਦੇ ਗੁਰਦੁਆਰਾ ਸੰਗਤਸਰ ਸਾਹਿਬ ਗੁਰੂ ਨਾਨਕ ਨਗਰ ਨਲਾਸ ਰੋਡ ਵਿਖੇ ਖਾਲਸਾ ਪੰਥ ਜੀ ਦੇ ਸਾਜਣਾ ਦਿਵਸ ਦੇ ਸਬੰਧ 'ਚ ਨੌਜਵਾਨ ਸਭਾ ਗੁਰਪਾਲ ਸਿੰਘ, ਇਸਲਾਮ ਅਲੀ, ਗੁਰਮੁਖ ਸਿੰਘ ਸਰਪੰਚ, ਸੁਖਜੀਤ ਸਿੰਘ, ਸਿਮਰਨਜੀਤ ਸਿੰਘ, ਸੁਖਵੀਰ ਸਿੰਘ ਮੋਨੂੰ ਦੇ ਦੇਖਰੇਖ ਹੇਠ ਸਮੂਹ ਸੰਗਤਾਂ ਦੇ ਸਹਿਯੋਗ ਨਾਲ 2 ਰੋਜ਼ਾ ਸਾਲਾਨਾ ਗੁਰਮਤਿ ਸਮਾਗਮ ਕਰਵਾਇਆ ਗਿਆ, ਜਿਸ 'ਚ ਸੰਤ ਬਾਬਾ ਲਖਵੀਰ ਸਿੰਘ ਜੀ ਰਤਵਾੜਾ ਸਾਹਿਬ ਵਾਲਿਆਂ ਤੇ ਮੌਲਾਨਾ ਮੁਹੰਮਦ ਉਸਮਾਨ ਲੁਧਿਆਣਵੀ (ਸ਼ਾਹੀ ਇਮਾਮ ਪੰਜਾਬ ਵਲੋਂ ਪਹੁੰਚ ਕੇ ਦੇ ਦੀਵਾਨ ਸਜਾਏ ਗਏ ਸੰਗਤ ਨੂੰ ਗੁਰੂ ਚਰਨਾਂ ਨਾਲ ਜੋੜਿਆ ਗਿਆ। ਉਨ੍ਹਾਂ ਵੱਲੋਂ ਸੰਗਤਾਂ ਨੂੰ ਦਸਾਂ ਨਹੁੰਆਂ ਦੀ ਕਿਰਤ ਕਰਨ ਨਾਮ ਜਪਣ ਅਤੇ ਵੰਡ ਕੇ ਛਕਣ ਦਾ ਸੁਨੇਹਾ ਦਿੱਤਾ। ਅਖੀਰ ਪ੍ਰਬੰਧਕਾਂ ਵੱਲੋਂ ਆਏ ਹੋਏ ਸੰਤਾਂ ਮਹਾਂਪੁਰਸਾਂ ਦਾ ਸਿਰੋਪਾਓ ਪਾ ਕੇ ਸਨਮਾਨ ਕੀਤਾ ਗਿਆ। ਅਖੀਰ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

# ਅੰਮ੍ਰਿਤਸਰ 'ਚ ਜ਼ੋਮੈਟੋ ਡਿਲੀਵਰੀ ਬੁਆਏ ਦਾ ਕਤਲ

ਅੰਮ੍ਰਿਤਸਰ , 31 ਮਾਰਚ (ਪੱਤਰ ਪ੍ਰੇਰਕ)- ਰਣਜੀਤ ਐਵੀਨਿਊ ਪੁਲਿਸ ਥਾਣੇ ਦੇ ਅਧਿਕਾਰ ਖੇਤਰ ਅਧੀਨ ਡੀ ਬਲਾਕ ਵਿਚ ਹੌਪਰ ਰੈਸਟੋਰੈਂਟ ਦੇ ਨਾਲ ਲੱਗਦੀ ਉਸਾਰੀ ਅਧੀਨ ਇਮਾਰਤ ਦੇ ਨੇੜੇ ਜ਼ੋਮੈਟੋ ਡਿਲੀਵਰੀ ਬੁਆਏ ਦੀ ਲਾਸ਼ ਮਿਲਣ ਨਾਲ ਸਨਸਨੀ ਫੈਲ ਗਈ। ਮ੍ਰਿਤਕ ਦੀ ਪਛਾਣ ਅਰਵਿੰਦਰ ਸਿੰਘ (30) ਵਜੋਂ ਹੋਈ ਹੈ। ਉਸ ਦੇ ਸਿਰ 'ਤੇ ਸੱਟਾਂ ਮਾਰੀਆਂ ਗਈਆਂ ਸਨ। ਇਹ ਘਟਨਾ ਸ਼ੁੱਕਰਵਾਰ ਦੇਰ ਰਾਤ ਵਾਪਰੀ ਪੁਲਿਸ ਨੂੰ ਸ਼ਨੀਵਾਰ ਦੁਪਹਿਰ ਨੂੰ ਘਟਨਾ ਦੀ ਸੂਚਨਾ ਦਿੱਤੀ ਗਈ ਅਤੇ ਲਾਸ਼ ਕਬਜੇ ਵਿਚ ਲੈ ਕੇ ਪੋਸਟਮਾਰਟਮ ਕਰਵਾਇਆ ਗਿਆ। ਮ੍ਰਿਤਕ ਦੀ ਪਛਾਣ ਕਰਨ ਤੋਂ ਬਾਅਦ ਪੁਲਿਸ ਨੇ ਛੇਹਰਟਾ ਦੇ ਨਾਰਾਇਣਗੜ੍ਹ ਵਿਚ ਉਸ ਦੇ ਪਰਿਵਾਰਕ ਮੈਂਬਰਾਂ ਨੂੰ ਸੂਚਿਤ ਕੀਤਾ। ਇੰਸਪੈਕਟਰ ਰੌਬਿਨ ਹੰਸ ਨੇ ਦੱਸਿਆ ਕਿ ਅਣਪਛਾਤੇ ਸ਼ੱਕੀਆਂ ਵਿਰੁੱਧ ਕਤਲ ਦਾ ਮਾਮਲਾ ਦਰਜ ਕਰ ਲਿਆ ਗਿਆ ਹੈ। ਇਲਾਕੇ ਦੇ ਸੀਸੀਟੀਵੀ ਫੁਟੇਜ ਦੀ ਜਾਂਚ ਕੀਤੀ ਜਾ ਰਹੀ ਹੈ। ਪੁਲਿਸ ਦਾ ਦਾਅਵਾ ਹੈ ਕਿ ਕਾਤਲਾਂ ਦੀ ਪਛਾਣ ਕਰ ਕੇ ਜਲਦੀ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ।ਨਾਰਾਇਣਗੜ੍ਹ ਦੇ ਗ੍ਰੀਨ ਸਿਟੀ ਦੇ ਰਹਿਣ ਵਾਲੇ ਬਲਵਿੰਦਰ ਸਿੰਘ ਨੇ ਪੁਲਿਸ ਨੂੰ ਆਪਣੀ ਸ਼ਿਕਾਇਤ ਵਿਚ ਦੱਸਿਆ ਕਿ ਉਸ ਦਾ ਪੁੱਤਰ ਅਰਵਿੰਦਰ ਸਿੰਘ ਉਰਫ਼ ਬਬਲੂ ਪਿਛਲੇ ਕਈ ਸਾਲਾਂ ਤੋਂ ਜ਼ੋਮੈਟੋ ਡਿਲੀਵਰੀ ਬੁਆਏ ਵਜੋਂ ਕੰਮ ਕਰ ਰਿਹਾ ਸੀ। ਉਹ ਰੋਜ਼ਾਨਾ ਆਪਣੇ ਮੋਟਰਸਾਈਕਲ 'ਤੇ ਘਰੋਂ ਨਿਕਲਦਾ ਹੈ ਅਤੇ ਆਪਣਾ ਕੰਮ ਪੂਰਾ ਕਰ ਕੇ ਦੇਰ ਰਾਤ ਵਾਪਸ ਆ ਜਾਂਦਾ ਸੀ।

# ਦਿੱਲੀ ਫ਼ਤਹਿ ਦਿਵਸ ਨੂੰ ਸਮਰਪਿਤ ਸਮਾਗਮ ਸ਼ੁਰੂ

## ਦਿੱਲੀ ਸਿੱਖ ਪ੍ਰਬੰਧਕ ਕਮੇਟੀ ਵੱਲੋਂ ਉਪ ਰਾਜਪਾਲ ਤਰਨਜੀਤ ਸਿੰਘ ਸੰਧੂ ਦਾ ਸਨਮਾਨ



ਨਵੀਂ ਦਿੱਲੀ, 31 ਮਾਰਚ (ਪੱਤਰ ਪ੍ਰੇਰਕ)- ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਦੱਸਿਆ ਕਿ ਕਮੇਟੀ ਸੰਗਤ ਦੇ ਸਹਿਯੋਗ ਨਾਲ 243ਵਾਂ ਦਿੱਲੀ ਫਤਿਹ ਦਿਵਸ ਮਨਾ ਰਹੀ ਹੈ। ਇਸ ਪਵਿੱਤਰ ਮੌਕੇ ਲਾਲ ਕਿਲ੍ਹੇ ਦੇ ਮੈਦਾਨ ਵਿੱਚ ਗੁਰਮਤਿ ਸਮਾਗਮ ਆਰੰਭ ਹੋਏ। ਪਹਿਲੇ ਦਿਨ ਦਿੱਲੀ ਦੇ ਨਵੇਂ ਉਪ ਰਾਜਪਾਲ ਤਰਨਜੀਤ ਸਿੰਘ ਸੰਧੂ ਸਮੇਤ ਵੱਖ-ਵੱਖ ਮਹਾਂਪੁਰਖਾਂ ਅਤੇ ਜਥੇਬੰਦੀਆਂ ਦੇ ਆਗੂਆਂ ਦਾ ਸਨਮਾਨ ਕੀਤਾ ਗਿਆ। ਸਿੱਖ ਜਥੇਬੰਦੀਆਂ, ਨਿਹੰਗ ਸਿੰਘ ਦਲਾਂ ਅਤੇ ਵੱਖ-ਵੱਖ ਖੇਤਰਾਂ ਦੀਆਂ ਸਤਿਕਾਰਯੋਗ ਸ਼ਖ਼ਸੀਅਤਾਂ ਦੇ ਵਡਮੁੱਲੇ ਯੋਗਦਾਨ ਦੀ ਭਰਪੂਰ ਸ਼ਲਾਘਾ ਹੋਈ। ਸ੍ਰੀ ਕਾਲਕਾ ਨੇ ਸਪੱਸ਼ਟ ਕੀਤਾ ਕਿ ਦਿੱਲੀ ਫਤਿਹ ਦਿਵਸ ਸਿੱਖ ਕੌਮ ਦੀ ਬਹਾਦਰੀ, ਰੂਹਾਨੀਅਤ ਅਤੇ ਕੁਰਬਾਨੀ ਵਾਲੀ ਮਹਾਨ ਵਿਰਾਸਤ ਦਾ ਪ੍ਰਤੀਕ ਹੈ। ਇਸ ਦਿਹਾੜੇ ਨੂੰ ਮਨਾਉਣਾ ਹਰ ਸਿੱਖ ਵਾਸਤੇ ਮਾਣ ਅਤੇ ਪ੍ਰੇਰਨਾ ਦਾ ਵੱਡਾ ਸਰੋਤ ਹੈ। ਸਮਾਗਮ ਦੌਰਾਨ ਰਾਗੀ ਜਥਿਆਂ ਨੇ ਗੁਰਬਾਨੀ ਦੇ ਰਸ ਭਿੰਨੇ ਕੀਰਤਨ ਰਾਹੀਂ ਸੰਗਤ ਨਿਹਾਲ ਕੀਤੀ। ਕਮੇਟੀ ਆਗੂਆਂ ਮੁਤਾਬਕ ਅਜਿਹੇ ਸਮਾਗਮ ਆਉਣ ਵਾਲੀਆਂ ਪੀੜ੍ਹੀਆਂ ਅੰਦਰ ਆਪਣੇ ਗੌਰਵਮਈ ਇਤਿਹਾਸ ਪ੍ਰਤੀ ਸੂਝ ਪੈਦਾ ਕਰਨ ਦਾ ਅਹਿਮ ਜ਼ਰੀਆ ਹਨ। ਦਿੱਲੀ ਫ਼ਤਹਿ ਦਿਵਸ ਸਿੱਖ ਇਤਿਹਾਸ ਦੇ ਉਨ੍ਹਾਂ ਪੰਨਿਆਂ ਦੀ ਯਾਦ ਦਿਵਾਉਂਦਾ ਹੈ ਜਦੋਂ ਖਾਲਸਾ ਫੌਜਾਂ ਨੇ ਦਿੱਲੀ ਉੱਤੇ ਕੇਸਰੀ ਨਿਸ਼ਾਨ ਸਾਹਿਬ ਝੁਲਾਏ ਸਨ। ਕਮੇਟੀ ਨੇ ਦੇਸ਼ ਅਤੇ ਕੌਮ ਦੀ ਸੇਵਾ ਕਰਨ ਵਾਲੀਆਂ ਪ੍ਰਮੁੱਖ ਸ਼ਖ਼ਸੀਅਤਾਂ ਪ੍ਰਤੀ ਆਦਰ ਸਤਿਕਾਰ ਪ੍ਰਗਟਾਇਆ ਹੈ। ਅੰਤ ਵਿੱਚ ਸੰਗਤ ਨੇ ਦੇਰ ਰਾਤ ਤੱਕ ਰੂਹਾਨੀ ਰੰਗ ਮਾਣਿਆ।


# ਬਦਲਿਆ ਮੌਸਮ ਦਾ ਮਿਜਾਜ: ਹਲਕੀ ਬਰਸਾਤ ਨਾਲ ਤਾਪਮਾਨ 'ਚ ਗਿਰਾਵਟ

ਪਟਿਆਲਾ, 31 ਮਾਰਚ (ਪੱਤਰ ਪ੍ਰੇਰਕ)- ਐਤਵਾਰ ਨੂੰ ਮੌਸਮ ਦਾ ਮਿਜਾਜ ਅਚਾਨਕ ਬਦਲ ਜਾਣ ਨਾਲ ਤਾਪਮਾਨ 'ਚ 2.3 ਡਿਗਰੀ ਸੈਲਸੀਅਸ ਦੀ ਗਿਰਾਵਟ ਦਰਜ ਕੀਤੀ ਗਈ, ਜਿਸ ਨਾਲ ਮੁੜ ਤੋਂ ਠੰਡਕ ਦਾ ਅਹਿਸਾਸ ਹੋਣਾ ਸ਼ੁਰੂ ਹੋ ਗਿਆ। ਸਵੇਰੇ ਵੇਲੇ ਪਈ ਹਲਕੀ ਬਰਸਾਤ ਨਾਲ ਵਾਤਾਵਰਣ 'ਚ ਨਮੀ ਦਰਜ ਕੀਤੀ ਗਈ ਤੇ ਬੱਦਲਵਾਈ ਵਾਲਾ ਮੌਸਮ ਰਿਹਾ। ਦੁਪਹਿਰ ਨੂੰ ਤੇਜ ਧੁੱਪ ਵੀ ਨਿਕਲੀ ਪਰ ਸ਼ਾਮ ਹੁੰਦੇ ਹੁੰਦੇ ਮੁੜ ਤੋਂ ਬੱਦਲਵਾਈ ਵਾਲਾ ਮੌਸ਼ਮ ਬਣ ਗਿਆ ਤੇ ਤੇਜ ਹਵਾਵਾਂ ਨਾਲ ਠੰਡਕ ਮਹਿਸੂਸ ਹੋਈ। ਅਚਾਨਕ ਮੌਸਮ 'ਚ ਆਏ ਬਦਲਾਅ ਨਾਲ ਕਿਸਾਨਾਂ ਦੇ ਚਿਹਰਿਆਂ ਤੇ ਚਿੰਤਾਵਾਂ ਦੀਆ ਲਕੀਰਾਂ ਗੂੜੀਆਂ ਕਰ ਦਿੱਤੀਆਂ ਗਈਆਂ ਕਿਉਂਕਿ ਹੁਣ ਹਾੜੀ ਦੀ ਮੁੱਖ ਫਸਲ ਕਣਕ ਲਗਪਗ ਪੱਕਣ ਕਿਨਾਰੇ ਪਹੁੰਚੀ ਹੋਈ ਹੈ, ਜਿਸ ਕਾਰਨ ਬਰਸਾਤ ਨਾਲ ਕਣਕ ਦੇ ਝਾੜ ਤੇ ਅਸਰ ਪੈ ਸਕਦਾ ਹੈ। ਜਿਲ੍ਹੇ ਦੇ ਕਈ ਇਕਾਲਿਆ 'ਚ ਬਰਸਾਤ ਤੇਜ ਹੋਣ ਦੀ ਸੂਚਨਾ ਵੀ ਹੈ। ਮੌਸਮ ਵਿਭਾਗ ਦੇ ਅਨੁਸਾਰ ਐਤਵਾਰ ਨੂੰ ਹਲਕੀ ਵਰਖਾ ਨਾਲ ਤਾਪਮਾਨ ਵਿਚ 2.3 ਡਿਗਰੀ ਸੈਲਸੀਅਸ ਦੀ ਗਿਰਾਵਟ ਦਰਜ ਕੀਤੀ ਗਈ। ਸਹਿਰ ਦਾ ਵੱਧ ਤੋਂ ਵੱਧ ਤਾਪਮਾਨ 31.0 ਡਿਗਰੀ ਸੈਲਸੀਅਸ ਅਤੇ ਘੱਟੋਂ ਘੱਟ 20.9 ਡਿਗਰੀ ਸੈਲਸੀਅਸ ਰਿਕਾਰਡ ਕੀਤਾ ਗਿਆ। ਤਾਪਮਾਨ ਵਿੱਚ ਆਈ ਇਸ ਕਮੀ ਨਾਲ ਲੋਕਾਂ ਨੂੰ ਹਲਕੀ ਰਾਹਤ ਜਰੂਰ ਮਹਿਸੂਸ ਹੋਈ। ਮੌਸਮ ਵਿਭਾਗ ਨੇ ਅਨੁਮਾਨ ਜਤਾਇਆ ਹੈ ਕਿ ਮੰਗਲਵਾਰ ਤੱਕ ਮੌਸਮ ਦਾ ਅਜਿਹਾ ਹੀ ਮਿਜਾਜ ਬਣਾ ਸਕਦਾ ਹੈ ਤੇ ਬੱਦਲ ਛਾਏ ਰਹਿਣ ਅਤੇ ਹਲਕੀ ਬਾਰਿਸ ਦੀ ਸੰਭਾਵਨਾ ਬਣੀ ਹੋਈ ਹੈ। ਮੌਸਮ ਦੇ ਇਸ ਬਦਲਾਅ ਦਾ ਫਿਲਹਾਲ ਕਣਕ ਦੀ ਫਸਲ 'ਤੇ ਕੋਈ ਪ੍ਰਭਾਵ ਨਹੀਂ ਹੋਇਆ ਪਰ ਕਿਸਾਨਾਂ ਨੂੰ ਡਰ ਜਰੂਰ ਸਤਾ ਰਿਹਾ ਹੈ। ਹਾਲਾਂਕਿ ਖੇਤੀਬਾੜੀ ਵਿਭਾਗ ਦਾ ਮੰਨਣਾ ਹੈ ਕਿ ਜੇਕਰ ਆਉਣ ਵਾਲੇ ਸਮੇਂ ਵਿਚ ਬਰਸਾਤ ਦੀ ਮਾਤਰਾ ਵਧਦੀ ਹੈ, ਤਾਂ ਇਹ ਕਿਸਾਨਾਂ ਦੀ ਚਿੰਤਾ ਦਾ ਕਾਰਨ ਬਣ ਸਕਦੀ ਹੈ ਕਿਉਂਕਿ ਆਉਣ ਵਾਲੇ ਦਿਨਾਂ 'ਚ ਕਣਕ ਦੀ ਕਟਾਈ ਦਾ ਸੀਜਨ ਸੁਰੂ ਹੋਣ ਵਾਲਾ ਹੈ। ਕਿਸਾਨਾਂ ਦੇ ਕਹਿਣਾ ਹੈ ਕਿ ਜੇਕਰ ਇਨ੍ਹਾਂ ਦਿਨਾਂ 'ਚ ਬਰਸਾਤ ਹੋਈ ਤਾਂ ਕਣਕ ਦੇ ਝਾੜ ਤੇ ਕਾਫੀ ਅਸਰ ਪਵੇਗਾ, ਜਿਸ ਨਾਲ ਆਰਥਿਕ ਨੁਕਸਾਨ ਹੋਵੇਗਾ।

# 8 ਭਾਰਤੀਆਂ ਦੀ ਮੌਤ; ਲਗਪਗ 5.5 ਲੱਖ ਭਾਰਤ ਪਰਤੇ

ਨਵੀਂ ਦਿੱਲੀ, 31 ਮਾਰਚ (ਪੱਤਰ ਪ੍ਰੇਰਕ)- ਪੱਛਮੀ ਏਸ਼ੀਆ ਸੰਘਰਸ਼ ਦੇ ਵਿਚਕਾਰ ਵਿਦੇਸ਼ ਮੰਤਰਾਲੇ ਨੇ ਸੋਮਵਾਰ ਨੂੰ ਕਿਹਾ ਕਿ ਖੇਤਰ ਵਿੱਚ "ਵੱਖ-ਵੱਖ ਘਟਨਾਵਾਂ" ਵਿੱਚ ਅੱਠ ਭਾਰਤੀ ਨਾਗਰਿਕਾਂ ਦੀ ਜਾਨ ਚਲੀ ਗਈ ਹੈ ਜਦੋਂ ਕਿ ਇੱਕ ਲਾਪਤਾ ਹੈ। ਪੱਛਮੀ ਏਸ਼ੀਆ ਦੀ ਸਥਿਤੀ 'ਤੇ ਇੱਥੇ ਇੱਕ ਅੰਤਰ-ਮੰਤਰਾਲਾ ਬ੍ਰੀਫਿੰਗ ਵਿੱਚ ਵਿਦੇਸ਼ ਮੰਤਰਾਲੇ ਦੇ ਵਧੀਕ ਸਕੱਤਰ (ਖਾੜੀ), ਅਸੀਮ ਆਰ ਮਹਾਜਨ ਨੇ ਇਹ ਵੀ ਕਿਹਾ, "ਕੱਲ੍ਹ, ਕੁਵੈਤ ਵਿੱਚ ਇੱਕ ਹਮਲੇ ਵਿੱਚ ਇੱਕ ਭਾਰਤੀ ਨਾਗਰਿਕ ਦੀ ਮੰਦਭਾਗੀ ਮੌਤ ਹੋ ਗਈ ਸੀ।" ਹਾਲਾਂਕਿ ਉਨ੍ਹਾਂ ਨੇ ਇਸ ਮੌਤ ਦੇ ਹਾਲਾਤਾਂ ਬਾਰੇ ਵਿਸਥਾਰ ਵਿੱਚ ਨਹੀਂ ਦੱਸਿਆ। ਉਨ੍ਹਾਂ ਕਿਹਾ, "ਅਸੀਂ ਮ੍ਰਿਤਕ ਦੇ ਪਰਿਵਾਰ ਨਾਲ ਡੂੰਘੀ ਹਮਦਰਦੀ ਪ੍ਰਗਟ ਕਰਦੇ ਹਾਂ। ਕੁਵੈਤ ਵਿੱਚ ਸਾਡਾ ਮਿਸ਼ਨ ਮ੍ਰਿਤਕ ਦੇ ਪਰਿਵਾਰ ਦੇ ਸੰਪਰਕ ਵਿੱਚ ਹੈ ਅਤੇ ਹਰ ਤਰ੍ਹਾਂ ਦੀ ਸਹਾਇਤਾ ਪ੍ਰਦਾਨ ਕਰਨ ਅਤੇ ਉਸਦੀ ਮ੍ਰਿਤਕ ਦੇਹ ਨੂੰ ਜਲਦੀ ਭਾਰਤ ਵਾਪਸ ਭੇਜਣ ਲਈ ਸਥਾਨਕ ਅਧਿਕਾਰੀਆਂ ਨਾਲ ਨਜ਼ਦੀਕੀ ਤਾਲਮੇਲ ਕਰ ਰਿਹਾ ਹੈ।" 20 ਮਾਰਚ ਨੂੰ ਪੱਛਮੀ ਏਸ਼ੀਆ ਦੀ ਸਥਿਤੀ 'ਤੇ ਅੰਤਰ-ਮੰਤਰਾਲਾ ਬ੍ਰੀਫਿੰਗ ਦੌਰਾਨ ਮਹਾਜਨ ਨੇ ਪੱਤਰਕਾਰਾਂ ਨੂੰ ਦੱਸਿਆ ਸੀ ਕਿ "ਵੱਖ-ਵੱਖ ਘਟਨਾਵਾਂ" ਵਿੱਚ ਛੇ ਭਾਰਤੀ ਨਾਗਰਿਕਾਂ ਦੀ ਜਾਨ ਗਈ ਸੀ ਜਦੋਂ ਕਿ ਇੱਕ ਲਾਪਤਾ ਸੀ। ਸੋਮਵਾਰ ਨੂੰ ਉਨ੍ਹਾਂ ਨੇ ਤਾਜ਼ਾ ਜਾਣਕਾਰੀ ਸਾਂਝੀ ਕਰਦਿਆਂ ਕਿਹਾ, "ਮੰਦਭਾਗੀ ਗੱਲ ਹੈ ਕਿ ਅੱਠ ਭਾਰਤੀ ਨਾਗਰਿਕਾਂ ਦੀ ਮੌਤ ਹੋ ਗਈ ਹੈ ਅਤੇ ਵੱਖ-ਵੱਖ ਘਟਨਾਵਾਂ ਵਿੱਚ ਇੱਕ ਭਾਰਤੀ ਨਾਗਰਿਕ ਲਾਪਤਾ ਹੈ।" ਸਊਦੀ ਅਰਬ ਸਥਿਤ ਭਾਰਤੀ ਦੂਤਾਵਾਸ ਨੇ ਹਾਲ ਹੀ ਵਿੱਚ ਕਿਹਾ ਸੀ ਕਿ 18 ਮਾਰਚ ਦੀਆਂ ਤਾਜ਼ਾ ਘਟਨਾਵਾਂ ਕਾਰਨ ਰਿਆਦ ਵਿੱਚ ਇੱਕ ਭਾਰਤੀ ਨਾਗਰਿਕ ਮਾਰਿਆ ਗਿਆ ਸੀ। ਮੰਤਰਾਲੇ ਨੇ ਇਹ ਵੀ ਸਾਂਝਾ ਕੀਤਾ ਕਿ 28 ਫਰਵਰੀ ਤੋਂ ਹੁਣ ਤੱਕ ਖੇਤਰ ਤੋਂ ਲਗਪਗ 5.5 ਲੱਖ ਯਾਤਰੀ ਭਾਰਤ ਵਾਪਸ ਆਏ ਹਨ। ਵਿਦੇਸ਼ ਮੰਤਰਾਲੇ ਨੇ ਸੋਮਵਾਰ ਨੂੰ ਦੁਹਰਾਇਆ ਕਿ ਉਹ ਖਾੜੀ ਅਤੇ ਪੱਛਮੀ ਏਸ਼ੀਆ ਖੇਤਰ ਵਿੱਚ ਬਦਲਦੀ ਸਥਿਤੀ ਦੀ ਨੇੜਿਓਂ ਨਿਗਰਾਨੀ ਕਰਨਾ ਜਾਰੀ ਰੱਖ ਰਿਹਾ ਹੈ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਕਿਹਾ, "ਅਸੀਂ ਸੰਜਮ ਵਰਤਣ ਅਤੇ ਤਣਾਅ ਘਟਾਉਣ ਦੀ ਅਪੀਲ ਜਾਰੀ ਰੱਖਦੇ ਹਾਂ,ਅਤੇ ਨਾਲ ਹੀ ਸੰਘਰਸ਼ ਨੂੰ ਜਲਦੀ ਖਤਮ ਕਰਨ ਦੇ ਸਾਧਨ ਵਜੋਂ ਗੱਲਬਾਤ ਅਤੇ ਕੂਟਨੀਤੀ 'ਤੇ ਜ਼ੋਰ ਦਿੰਦੇ ਹਾਂ।"

# ਵਿਧਾਇਕ ਪਠਾਣਮਾਜਰਾ ਦਾ ਪੁਲਿਸ ਰਿਮਾਂਡ ਸੱਤ ਦਿਨ ਹੋਰ ਵਧਿਆ




ਪਟਿਆਲਾ , 31 ਮਾਰਚ (ਪੱਤਰ ਪ੍ਰੇਰਕ)-ਜਬਰ ਜਨਾਹ ਕੇਸ 'ਚ ਗ੍ਰਿਫ਼ਤਾਰ ਸਨੌਰ ਤੋਂ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਦਾ ਮੁੜ ਤੋਂ 7 ਦਿਨਾਂ ਦਾ ਪੁਲਿਸ ਰਿਮਾਂਡ ਹਾਸਲ ਹੋਇਆ ਹੈ। ਪਟਿਆਲਾ ਪੁਲਿਸ ਵੱਲੋਂ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਦਾ 4 ਦਿਨਾਂ ਦਾ ਪੁਲਿਸ ਰਿਮਾਂਡ ਖਤਮ ਹੋਣ ਉਪਰੰਤ ਐਤਵਾਰ ਨੂੰ ਮੁੜ ਜ਼ਿਲ੍ਹਾ ਅਦਾਲਤ 'ਚ ਪੇਸ ਕੀਤਾ ਗਿਆ ਅਤੇ ਵਿਧਾਇਕ ਪਠਾਣਮਾਜਰਾ ਦਾ ਮੁੜ 10 ਦਿਨਾਂ ਦਾ ਪੁਲਿਸ ਰਿਮਾਂਡ ਮੰਗਿਆ ਗਿਆ, ਜਿਸ 'ਤੇ ਮਾਣਯੋਗ ਜ਼ਿਲ੍ਹਾ ਅਦਾਲਤ ਵੱਲੋਂ ਵਿਧਾਇਕ ਪਠਾਣਮਾਜਰਾ ਦਾ 7 ਦਿਨਾਂ ਦਾ ਪੁਲਿਸ ਰਿਮਾਂਡ ਦਿੱਤਾ ਗਿਆ।

# ਸਰਬਸੰਮਤੀ ਨਾਲ ਚੁਣੀਆਂ 13 ਪੰਚਾਇਤਾਂ ਨੂੰ ਪੰਜ-ਪੰਜ ਲੱਖ ਦੀਆਂ ਗਰਾਂਟਾਂ ਵੰਡੀਆਂ



ਐੱਸਏਐੱਸ ਨਗਰ (ਮੁਹਾਲੀ), 31 ਮਾਰਚ (ਪੱਤਰ ਪ੍ਰੇਰਕ)-ਵਿਧਾਇਕ ਕੁਲਵੰਤ ਸਿੰਘ ਨੇ ਮੁਹਾਲੀ ਹਲਕੇ ਦੀਆਂ ਸਰਬਸੰਮਤੀ ਨਾਲ ਚੁਣੀਆਂ ਗਈਆਂ 13 ਪੰਚਾਇਤਾਂ ਨੂੰ ਅੱਜ 5-5 ਲੱਖ ਦੀ ਗਰਾਂਟ ਦੇ ਚੈੱਕ ਤਕਸੀਮ ਕੀਤੇ। ਸੈਕਟਰ 79 ਵਿੱਚ ਆਪਣੇ ਦਫ਼ਤਰ 'ਚ ਉਨ੍ਹਾਂ ਕਈ ਪਿੰਡਾਂ ਦੀਆਂ ਪੰਚਾਇਤਾਂ ਨੂੰ ਚੈੱਕ ਭੇਟ ਕੀਤੇ ਜਿਨ੍ਹਾਂ ਵਿੱਚ ਪਿੰਡ ਧੀਰਪੁਰ, ਰਾਏਪੁਰ ਖੁਰਦ, ਗਿੱਦੜਪੁਰ, ਮਿੱਢੇਮਾਜਰਾ, ਸਫ਼ੀਪੁਰ, ਮਟਰਾਂ, ਪ੍ਰੇਮਗੜ੍ਹ (ਸੈਣੀਮਾਜਰਾ), ਕੈਲੋਂ, ਦੈੜੀ, ਜਗਤਪੁਰਾ ਅਤੇ ਨਿਊ ਲਾਂਡਰਾਂ ਸ਼ਾਮਲ ਸਨ।ਇਸ ਮੌਕੇ ਉਨ੍ਹਾਂ ਕਿਹਾ ਸਰਬਸੰਮਤੀ ਨਾਲ ਚੁਣੀਆਂ ਜਾਣ ਵਾਲੀਆਂ ਪੰਚਾਇਤਾਂ ਲਈ ਪੰਜਾਬ ਸਰਕਾਰ ਵੱਲੋਂ ਪੰਜ ਲੱਖ ਦੀ ਗਰਾਂਟ ਦੇਣ ਦਾ ਐਲਾਨ ਕੀਤਾ ਸੀ। ਉਨ੍ਹਾਂ ਕਿਹਾ ਕਿ ਸਰਕਾਰ ਨੇ ਆਪਣਾ ਵਾਅਦਾ ਪੁਗਾਇਆ ਹੈ, ਜਦੋਂਕਿ ਪਿਛਲੀਆਂ ਸਰਕਾਰਾਂ ਸਮੇਂ ਅਜਿਹੇ ਐਲਾਨ ਸਿਰਫ਼ ਐਲਾਨਾਂ ਤੱਕ ਹੀ ਸੀਮਤ ਰਹਿ ਜਾਂਦੇ ਸਨ। ਇਸ ਮੌਕੇ ਉਨ੍ਹਾਂ ਸਰਕਾਰ ਦੀਆਂ ਚਾਰ ਸਾਲਾਂ ਪ੍ਰਾਪਤੀਆਂ ਗਿਣਾਈਆਂ ਅਤੇ ਪੰਚਾਇਤਾਂ ਨੂੰ ਸਰਕਾਰੀ ਸਕੀਮਾਂ ਦਾ ਲਾਭ ਹਰ ਘਰ ਤੱਕ ਪਹੁੰਚਾਣ ਲਈ ਲੋਕਾਂ ਨੂੰ ਜਾਗਰੂਕ ਕਰਨ ਦੀ ਅਪੀਲ ਕੀਤੀ। ਵਿਧਾਇਕ ਨੇ ਕਿਹਾ ਕਿ ਹਲਕੇ ਦੀਆਂ ਸਾਰੀਆਂ ਸੜਕਾਂ ਨਵਿਆਈਆਂ ਜਾ ਰਹੀਆਂ ਹਨ, ਸਕੂਲਾਂ ਵਿੱਚ ਆਧੁਨਿਕ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ ਤੇ ਖੇਡ ਸਟੇਡੀਅਮਾਂ ਦੀ ਉਸਾਰੀ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਕਲੀਨਿਕ ਖੋਲ੍ਹੇ ਜਾ ਰਹੇ ਹਨ ਅਤੇ ਨੌਜਵਾਨਾਂ ਨੂੰ ਬਿਨਾਂ ਕਿਸੇ ਸਿਫ਼ਾਰਿਸ਼ ਤੋਂ ਮੈਰਿਟ ਦੇ ਆਧਾਰ 'ਤੇ ਨੌਕਰੀਆਂ ਦਿੱਤੀਆਂ ਜਾ ਰਹੀਆਂ ਹਨ। ਉਨ੍ਹਾਂ ਦਸ ਲੱਖ ਦਾ ਮੁਫ਼ਤ ਇਲਾਜ ਅਤੇ ਮਹਿਲਾਵਾਂ ਨੂੰ ਦਿੱਤੀ ਜਾਣ ਵਾਲੀ 1500 ਅਤੇ 1000 ਦੀ ਰਾਸ਼ੀ ਦੇਣ ਲਈ ਆਰੰਭ ਹੋਣ ਵਾਲੀ ਰਜਿਸ਼ਟ੍ਰੇਸ਼ਨ ਲਈ ਵੀ ਪੰਚਾਇਤਾਂ ਨੂੰ ਸਹਿਯੋਗ ਦੇਣ ਦੀ ਅਪੀਲ ਕੀਤੀ।ਇਸ ਮੌਕੇ ਕੁਲਦੀਪ ਸਿੰਘ ਸਮਾਣਾ, ਅਵਤਾਰ ਸਿੰਘ ਮੌਲੀ, ਗੁਰਪ੍ਰੀਤ ਸਿੰਘ ਬਲਿਆਲੀ, ਹਰਜਿੰਦਰ ਸਿੰਘ ਸਰਪੰਚ, ਮੋਨਿਕਾ ਸਰਪੰਚ, ਹਰਜਿੰਦਰ ਕੌਰ, ਨਰਿੰਦਰ ਸਿੰਘ, ਬਲਜਿੰਦਰ ਸਿੰਘ, ਤਰਲੋਚਨ ਸਿੰਘ ਤੋਚੀ ਸਰਪੰਚ, ਮੰਦੀਪ ਸਿੰਘ ਸਰਪੰਚ, ਬਲਜੀਤ ਸਿੰਘ ਦੈੜੀ ਸਰਪੰਚ ਅਤੇ ਸਤਨਾਮ ਸਿੰਘ ਗੀਗੇਮਾਜਰਾ ਵੀ ਮੌਜੂਦ ਸਨ।

# ਲੰਬੇ ਸਮੇਂ ਤੱਕ ਚੱਲੀ ਨਕਸਲੀ ਹਿੰਸਾ ਲਈ ਕਾਂਗਰਸ ਜ਼ਿੰਮੇਵਾਰ : ਅਮਿਤ ਸ਼ਾਹ



ਨਵੀਂ ਦਿੱਲੀ, 31 ਮਾਰਚ (ਪੱਤਰ ਪ੍ਰੇਰਕ)- ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਅੱਜ ਲੋਕ ਸਭਾ ਵਿੱਚ ਕਾਂਗਰਸ 'ਤੇ ਨਿਸ਼ਾਨਾ ਸੇਧਦਿਆਂ ਦੋਸ਼ ਲਾਇਆ ਕਿ ਦੇਸ਼ ਵਿੱਚ ਲੰਬੇ ਸਮੇਂ ਤੱਕ ਚੱਲੀ ਨਕਸਲੀ ਹਿੰਸਾ ਲਈ ਕਾਂਗਰਸ ਜ਼ਿੰਮੇਵਾਰ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਨੇ ਆਪਣੇ ਰਾਜ ਦੌਰਾਨ ਸਮੱਸਿਆ ਦੀ ਗੰਭੀਰਤਾ ਨੂੰ ਮੰਨਣ ਦੇ ਬਾਵਜੂਦ ਇਸ ਨੂੰ ਖ਼ਤਮ ਕਰਨ ਲਈ ਕੋਈ ਠੋਸ ਕਦਮ ਨਹੀਂ ਚੁੱਕਿਆ। ਦੇਸ਼ ਨੂੰ ਖੱਬੇ-ਪੱਖੀ ਕੱਟੜਵਾਦ ਤੋਂ ਮੁਕਤ ਕਰਨ ਦੀਆਂ ਕੋਸ਼ਿਸ਼ਾਂ 'ਤੇ ਹੋਈ ਬਹਿਸ ਦਾ ਜਵਾਬ ਦਿੰਦਿਆਂ ਸ਼ਾਹ ਨੇ ਐਲਾਨ ਕੀਤਾ ਕਿ ਹੁਣ ਛੱਤੀਸਗੜ੍ਹ ਦੇ ਬਸਤਰ ਇਲਾਕੇ ਵਿੱਚੋਂ ਮਾਓਵਾਦੀਆਂ ਦਾ ਲਗਪਗ ਸਫਾਇਆ ਹੋ ਚੁੱਕਾ ਹੈ। ਉਨ੍ਹਾਂ ਦੱਸਿਆ ਕਿ ਪਹਿਲਾਂ 12 ਸੂਬੇ ਰੈੱਡ ਕੋਰੀਡੋਰ ਵਿੱਚ ਬਦਲ ਚੁੱਕੇ ਸਨ, ਜਿੱਥੇ ਕਾਨੂੰਨ ਦਾ ਕੋਈ ਰਾਜ ਨਹੀਂ ਸੀ ਅਤੇ ਨਕਸਲੀ ਹਿੰਸਾ ਕਾਰਨ 5,000 ਸੁਰੱਖਿਆ ਕਰਮੀਆਂ ਸਮੇਤ 20,000 ਲੋਕ ਮਾਰੇ ਗਏ ਸਨ। ਗ੍ਰਹਿ ਮੰਤਰੀ ਨੇ ਸਵਾਲ ਚੁੱਕਿਆ ਕਿ 75 ਸਾਲਾਂ ਵਿੱਚੋਂ 60 ਸਾਲ ਰਾਜ ਕਰਨ ਵਾਲੀ ਕਾਂਗਰਸ ਨੇ ਆਦਿਵਾਸੀਆਂ ਨੂੰ ਵਿਕਾਸ ਤੋਂ ਵਾਂਝਾ ਕਿਉਂ ਰੱਖਿਆ। ਉਨ੍ਹਾਂ ਦੋਸ਼ ਲਾਇਆ ਕਿ ਕਾਂਗਰਸ ਨੇ 60 ਸਾਲਾਂ ਵਿੱਚ ਆਦਿਵਾਸੀਆਂ ਨੂੰ ਨਾ ਘਰ ਦਿੱਤੇ, ਨਾ ਪਾਣੀ, ਨਾ ਸਕੂਲ ਅਤੇ ਨਾ ਹੀ ਬੈਂਕਿੰਗ ਸਹੂਲਤਾਂ ਪਹੁੰਚਾਈਆਂ। ਵਿਰੋਧੀ ਮੈਂਬਰਾਂ ਦੇ ਸਵਾਲਾਂ ਦਾ ਜਵਾਬ ਦਿੰਦਿਆਂ ਸ਼ਾਹ ਨੇ ਕਿਹਾ ਕਿ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਖੁਦ ਮੰਨਿਆ ਸੀ ਕਿ ਨਕਸਲਵਾਦ ਦੇਸ਼ ਲਈ ਕਸ਼ਮੀਰ ਅਤੇ ਉੱਤਰ-ਪੂਰਬ ਦੀਆਂ ਸਮੱਸਿਆਵਾਂ ਨਾਲੋਂ ਵੱਡੀ ਚੁਣੌਤੀ ਹੈ ਪਰ ਕਾਂਗਰਸ ਨੇ ਇਸ ਬਾਰੇ ਕੁਝ ਨਹੀਂ ਕੀਤਾ। ਉਨ੍ਹਾਂ ਸਪਸ਼ਟ ਕੀਤਾ ਕਿ ਮੋਦੀ ਸਰਕਾਰ ਨਕਸਲ ਪ੍ਰਭਾਵਿਤ ਇਲਾਕਿਆਂ ਜੰਮੂ-ਕਸ਼ਮੀਰ ਜਾਂ ਉੱਤਰ-ਪੂਰਬ ਵਿੱਚ ਕਿਸੇ ਵੀ ਤਰ੍ਹਾਂ ਦੀ ਹਿੰਸਾ ਨੂੰ ਬਰਦਾਸ਼ਤ ਨਹੀਂ ਕਰੇਗੀ ਅਤੇ ਹਥਿਆਰ ਚੁੱਕਣ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਅਮਿਤ ਸ਼ਾਹ ਨੇ ਕਿਹਾ ਕਿ ਬਸਤਰ ਵਿੱਚ ਵਿਕਾਸ ਇਸ ਲਈ ਰੁਕਿਆ ਹੋਇਆ ਸੀ ਕਿਉਂਕਿ ਉੱਥੇ ਲਾਲ ਦਹਿਸ਼ਤ ਦਾ ਪਰਛਾਵਾਂ ਸੀ ਜੋ ਹੁਣ ਖਤਮ ਹੋ ਰਿਹਾ ਹੈ। ਉਨ੍ਹਾਂ ਮੋਦੀ ਸਰਕਾਰ ਦੀ ਸਭ ਤੋਂ ਵੱਡੀ ਪ੍ਰਾਪਤੀ ਨਕਸਲ ਮੁਕਤ ਭਾਰਤ ਨੂੰ ਦੱਸਿਆ। ਉਨ੍ਹਾਂ ਅੱਗੇ ਕਿਹਾ ਕਿ ਨਕਸਲਵਾਦ ਦੀ ਵਕਾਲਤ ਕਰਨ ਵਾਲਿਆਂ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਹਥਿਆਰ ਚੁੱਕਣਾ ਕਿਸੇ ਅਨਿਆਂ ਦਾ ਹੱਲ ਨਹੀਂ ਹੈ ਸਗੋਂ ਇਸ ਦਾ ਹੱਲ ਸੰਵਿਧਾਨ ਵਿੱਚ ਮੌਜੂਦ ਹੈ। ਬਸਤਰ ਦੇ ਹਰ ਪਿੰਡ ਵਿੱਚ ਸਕੂਲ ਅਤੇ ਰਾਸ਼ਨ ਦੀਆਂ ਦੁਕਾਨਾਂ ਖੋਲ੍ਹਣ ਲਈ ਵਿਸ਼ੇਸ਼ ਮੁਹਿੰਮ ਚਲਾਈ ਗਈ ਹੈ। ਉਨ੍ਹਾਂ ਇਸ ਸਫ਼ਲਤਾ ਦਾ ਸਿਹਰਾ ਕੇਂਦਰੀ ਹਥਿਆਰਬੰਦ ਪੁਲੀਸ ਬਲਾਂ, ਖ਼ਾਸ ਕਰਕੇ ਕੋਬਰਾ ਅਤੇ ਸੀ.ਆਰ.ਪੀ.ਐੱਫ. ਦੇ ਬਹਾਦਰ ਜਵਾਨਾਂ, ਸੁਰੱਖਿਆ ਏਜੰਸੀਆਂ, ਛੱਤੀਸਗੜ੍ਹ ਪੁਲੀਸ ਅਤੇ ਉੱਥੋਂ ਦੇ ਆਦਿਵਾਸੀ ਨਿਵਾਸੀਆਂ ਨੂੰ ਦਿੱਤਾ।

# ਮਮਤਾ ਬਨਾਮ ਸੁਵੇਂਦੂ: ਸਭ ਦੀਆਂ ਨਜ਼ਰਾਂ ਭਵਾਨੀਪੁਰ ਸੀਟ 'ਤੇ

## ਟੀ ਐੱਮ ਸੀ ਵੱਲੋਂ ਦਬਦਬਾ ਕਾਇਮ ਰੱਖਣ ਲਈ ਜ਼ੋਰ ਅਜ਼ਮਾਈ; ਭਾਜਪਾ ਦੀ ਸਮਾਜਿਕ ਗਿਣਤੀਆਂ ਮਿਣਤੀਆਂ 'ਤੇ ਟੇਕ



ਕੋਲਕਾਤਾ, 31 ਮਾਰਚ (ਪੱਤਰ ਪ੍ਰੇਰਕ)- ਪੱਛਮੀ ਬੰਗਾਲ ਚੋਣਾਂ ਵਿੱਚ ਇਸ ਵੇਲੇ ਸਭ ਦੀਆਂ ਨਜ਼ਰਾਂ ਭਵਾਨੀਪੁਰ ਹਲਕੇ 'ਤੇ ਹਨ। ਇਸ ਸੀਟ ਤੋਂ ਮੁੱਖ ਮੁਕਾਬਲਾ ਮੁੱਖ ਮੁਕਾਬਲਾ ਮਮਤਾ ਬੈਨਰਜੀ ਤੇ ਭਾਜਪਾ ਦੇ ਸੁਵੇਂਦੂ ਅਧਿਕਾਰੀ ਵਿਚਾਲੇ ਹੈ। ਸੱਤਾਧਾਰੀ ਤ੍ਰਿਣਮੂਲ ਕਾਂਗਰਸ ਜਿੱਥੇ ਇਹ ਸੀਟ ਜਿੱਤ ਕੇ ਦੱਖਣੀ ਕੋਲਕਾਤਾ ਵਿੱਚ ਆਪਣਾ ਦਬਦਬਾ ਕਾਇਮ ਰੱਖਣਾ ਚਾਹੁੰਦੀ ਹੈ, ਉਥੇ ਭਾਜਪਾ ਸਮਾਜਿਕ ਗਣਿਤ ਤੇ ਪ੍ਰਤੀਕਵਾਦ 'ਤੇ ਟੇਕ ਰੱਖਦਿਆਂ ਟੀ ਐੱਮ ਸੀ ਦੇ ਗੜ੍ਹ 'ਚ ਸੰਨ੍ਹ ਲਾਉਣ ਦੀ ਫਿਰਾਕ ਵਿੱਚ ਹੈ। ਪੰਜ ਸਾਲ ਪਹਿਲਾਂ ਵੀ ਬੈਨਰਜੀ ਤੇ ਅਧਿਕਾਰੀ ਆਹਮੋ-ਸਾਹਮਣੇ ਸੀ, ਪਰ ਉਦੋਂ ਮੁਕਾਬਲਾ ਨੰਦੀਗ੍ਰਾਮ ਸੀਟ 'ਤੇ ਸੀ। ਬੈਨਰਜੀ ਹਾਲਾਂਕਿ ਇਸ ਸੀਟ ਤੋਂ ਚੋਣ ਹਾਰ ਗਈ ਸੀ। ਮੁੱਖ ਮੰਤਰੀ ਨੇ ਮਗਰੋਂ ਭਵਾਨੀਪੁਰ ਅਸੈਂਬਲੀ ਹਲਕੇ ਤੋਂ ਜਿੱਤ ਦਰਜ ਕੀਤੀ। ਹੁਣ ਚੋਣ ਮੈਦਾਨ ਬਦਲ ਗਿਆ ਹੈ ਤੇ ਇਹ ਦੇਖਣਾ ਦਿਲਚਸਪ ਹੋਵੇਗਾ ਕਿ ਕੀ ਨਤੀਜਾ ਵੀ ਬਦਲਦਾ ਹੈ। ਮਮਤਾ ਬੈਨਰਜੀ ਦੀ ਪਾਰਟੀ ਦੀ ਟੇਕ 'ਘਰ ਮੇਂ' (ਗਰਲ ਨੈਕਸਟ ਡੋਰ) ਉੱਤੇ ਹੈ ਤੇ ਪਾਰਟੀ ਜਥੇਬੰਦਕ ਤਾਕਤ ਤੇ ਭਾਵੁਕ ਅਪੀਲ ਨਾਲ ਪੂਰਾ ਜ਼ੋਰ ਲਾਏਗੀ। ਭਾਜਪਾ ਮੁੱਖ ਮੰਤਰੀ ਲਈ ਸਭ ਤੋਂ 'ਸੁਰੱਖਿਅਤ' ਮੰਨੀ ਜਾਂਦੀ ਸੀਟ ਜਾਤ ਅਧਾਰਿਤ ਗਣਨਾ, ਰਾਮਨੌਮੀ ਦਿੱਖ ਤੇ ਬੂਥ ਪੱਧਰ 'ਤੇ ਸਮਾਜਿਕ ਗਿਣਤੀਆਂ ਮਿਣਤੀਆਂ ਨਾਲ ਜਿੱਤਣਾ ਚਾਹੁੰਦੀ ਹੈ। ਟੀ ਐੱਮ ਸੀ ਨੇ ਕੌਂਸਲਰਾਂ ਨੂੰ ਘਰ ਘਰ ਜਾਣ, ਟਕਰਾਅ ਤੋਂ ਬਚਣ ਅਤੇ ਬੈਨਰਜੀ ਵੱਲੋਂ ਕੀਤੇ ਵਿਕਾਸ ਕਾਰਜਾਂ ਨੂੰ ਦਰਸਾਉਂਦੇ ਪਰਚੇ ਵੰਡਣ ਲਈ ਕਿਹਾ ਹੈ। ਪਾਰਟੀ ਨੇ ਹਲਕਿਆਂ ਵਿੱਚ 'ਫੋਟੋ ਕਾਰਨਰ' ਵੀ ਸਥਾਪਿਤ ਕੀਤੇ ਹਨ। ਟੀ ਐੱਮ ਸੀ ਦੇ ਭਰੋਸੇ ਦੇ ਬਾਵਜੂਦ ਭਾਜਪਾ ਦਾ ਮੰਨਣਾ ਹੈ ਕਿ ਜ਼ਮੀਨੀ ਹਕੀਕਤ ਬਦਲ ਚੁੱਕੀ ਹੈ।

# ਨਾਟਕ 'ਅੰਧੇਰ ਨਗਰੀ ਚੌਪਟ ਰਾਜਾ' ਦਾ ਸਫਲ ਮੰਚਨ



ਸੰਗਰੂਰ , 31 ਮਾਰਚ (ਪੱਤਰ ਪ੍ਰੇਰਕ)- ਰੰਗਸਾਲਾ ਥੀਏਟਰ ਗਰੁੱਪ ਅਤੇ ਸੰਗਰੂਰ ਕਲਾ ਕੇਂਦਰ ਵੱਲੋਂ ਰਾਮ ਵਾਟਿਕਾ ਬੱਘੀਖਾਨਾ ਦੇ ਮੰਚ 'ਤੇ ਕਰਵਾਏ ਜਾਣ ਵਾਲੇ ਪਰਮਜੀਤ ਗਾਗਾ ਮੈਮੋਰੀਅਲ ਤਿੰਨ ਰੋਜ਼ਾ ਥੀਏਟਰ ਫੈਸਟੀਵਲ ਦੇ ਦੂਜੇ ਦਿਨ ਪ੍ਰਸਿੱਧ ਵਿਅੰਗ ਨਾਟਕ 'ਅੰਧੇਰ ਨਗਰੀ ਚੌਪਟ ਰਾਜਾ' ਦਾ ਸਫਲ ਮੰਚਨ ਕੀਤਾ ਗਿਆ। ਇਹ ਨਾਟਕ ਮਹਾਨ ਸਾਹਿਤਕਾਰ ਭਾਰਤੇਂਦੂ ਹਰੀਸ਼ ਚੰਦਰ ਵੱਲੋਂ ਲਿਖਿਆ ਗਿਆ ਹੈ, ਜੋ ਸਮਾਜ ਅਤੇ ਸਾਸਨ ਪ੍ਰਣਾਲੀ 'ਤੇ ਤਿੱਖਾ ਵਿਅੰਗ ਪੇਸ ਕਰਦਾ ਹੈ। ਨਾਟਕ ਦਾ ਨਿਰਦੇਸਨ ਰੰਗਸਾਲਾ ਦੇ ਨਿਰਦੇਸਕ ਯਸ ਵੱਲੋਂ ਕੀਤਾ ਗਿਆ। ਨਾਟਕ ਦੀ ਕਹਾਣੀ ਇੱਕ ਅਜਿਹੇ ਰਾਜ ਦੇ ਆਸ-ਪਾਸ ਘੁੰਮਦੀ ਹੈ, ਜਿੱਥੇ ਸਾਰੀਆਂ ਵਸਤਾਂ ਇੱਕੋ ਹੀ ਕੀਮਤ 'ਤੇ ਵਿਕਦੀਆਂ ਹਨ 'ਟੱਕੇ ਸੇਰ ਭਾਜੀ, ਟੱਕੇ ਸੇਰ ਖਾਜਾ'। ਇਹ ਪ੍ਰਣਾਲੀ ਬਾਹਰੋਂ ਆਕਰਸਕ ਲੱਗਦੀ ਹੈ, ਪਰ ਅਸਲ ਵਿੱਚ ਇਹ ਅਵਿਵਸਥਾ ਅਤੇ ਅਰਾਜਕਤਾ ਦਾ ਪ੍ਰਤੀਕ ਹੈ। ਨਾਟਕ ਵਿੱਚ ਇੱਕ ਗੁਰੂ ਆਪਣੇ ਚੇਲੇ ਨੂੰ ਇਸ ਨਗਰੀ ਦੀ ਹਕੀਕਤ ਸਮਝਾਉਂਦਾ ਹੋਇਆ, ਉਸ ਨੂੰ ਉੱਥੋਂ ਜਾਣ ਦੀ ਸਲਾਹ ਦਿੰਦਾ ਹੈ, ਪਰ ਚੇਲਾ ਲਾਲਚ ਵਿੱਚ ਆ ਕੇ ਉੱਥੇ ਹੀ ਰਹਿ ਜਾਂਦਾ ਹੈ।ਰਾਜਾ ਦੇ ਦਰਬਾਰ ਵਿੱਚ ਇੱਕ ਫਰਿਆਦੀ ਆਉਂਦਾ ਹੈ, ਜਿਸ ਦੀ ਬੱਕਰੀ ਮਰ ਗਈ ਹੈ ਅਤੇ ਉਹ ਆਪਣੇ ਨੁਕਸਾਨ ਦੀ ਭਰਪਾਈ ਲਈ ਇਨਸਾਫ ਦੀ ਮੰਗ ਕਰਦਾ ਹੈ। ਇਸ ਘਟਨਾ ਰਾਹੀਂ ਉਸ ਰਾਜ ਦੀ ਨਿਆਂ ਪ੍ਰਣਾਲੀ ਦੀ ਮੂਰਖਤਾ ਸਾਹਮਣੇ ਆਉਂਦੀ ਹੈ, ਜਿੱਥੇ ਬਿਨਾਂ ਤਰਕ ਅਤੇ ਸੋਚ-ਵਿਚਾਰ ਦੇ ਫੈਸਲੇ ਕੀਤੇ ਜਾਂਦੇ ਹਨ।ਇਸ ਘਟਨਾ ਕਾਰਨ ਰਾਜਾ ਹੁਕਮ ਦਿੰਦਾ ਹੈ ਕਿ ਰਾਜ ਦਾ ਨਿਰਧਾਰਿਤ ਫੰਦਾ ਜਿਸਦੇ ਗਲੇ ਵਿੱਚ ਵੀ ਠੀਕ ਆਵੇ, ਉਸਨੂੰ ਫੜ ਕੇ ਲਿਆਂਦਾ ਜਾਵੇ। ਦੋਸੀ ਦੀ ਖੋਜ ਵਿੱਚ ਕੋਤਵਾਲ ਚੇਲੇ ਨੂੰ ਫੜ ਲੈਂਦਾ ਹੈ ਅਤੇ ਚੇਲੇ ਨੂੰ ਫਾਂਸੀ ਚੜ੍ਹਾਉਣ ਦੀ ਨੌਬਤ ਆ ਜਾਂਦੀ ਹੈ।ਅੰਤ ਵਿੱਚ ਸਥਿਤੀ ਇੰਨੀ ਵਿਅੰਗਪੂਰਨ ਅਤੇ ਹਾਸਿਆਸਪਦ ਹੋ ਜਾਂਦੀ ਹੈ ਕਿ ਖੁਦ ਚੌਪਟ ਰਾਜਾ ਆਪਣੇ ਗਲਤ ਫੈਸਲਿਆਂ ਦਾ ਸ਼ਿਕਾਰ ਬਣਨ ਹੀ ਲੱਗਦਾ ਹੈ, ਓਦੋਂ ਹੀ ਉੱਥੇ ਗੁਰੂ ਆ ਜਾਂਦਾ ਹੈ, ਜੋ ਰਾਜੇ ਨੂੰ ਸਮਝਾਉਂਦਾ ਹੈ ਕਿ ਲੋਕਾਂ ਦੀ ਭਲਾਈ ਕਰਨੀ ਅਤੇ ਚੰਗੇ ਕੰਮ ਕਰਨਾ ਹੀ ਇੱਕ ਰਾਜੇ ਦਾ ਅਸਲ ਕਰਤਵ ਹੈ। ਉਹ ਰਾਜੇ ਨੂੰ ਲੋਕਾਂ ਨਾਲ ਸਹੀ ਇਨਸਾਫ ਕਰਨ ਦਾ ਰਾਹ ਦਿਖਾਉਂਦਾ ਹੈ। ਅੰਤ ਵਿੱਚ ਨਾਟਕ ਦਾ ਅੰਤ ਵਿਅੰਗਪੂਰਨ, ਹਾਸਿਆਪੂਰਨ ਪਰ ਸੁਖਦ ਹੁੰਦਾ ਹੈ।ਇਸ ਨਾਟਕ ਦੇ ਮੁੱਖ ਕਲਾਕਾਰ ਯਸ, ਹਿੰਦ ਕੁਮਾਰ, ਰਿਸ਼ੀ ਸਰਮਾ, ਮਨਜੀਤ ਗਰਗ, ਆਰਯਨ ਵਲਜੋਤ, ਆਸੀਸ ਕੁਮਾਰ, ਨਿਤਿਨ ਕੁਮਾਰ, ਅਲੀ ਅਕਬਰ, ਸਨੀ ਕੁਮਾਰ, ਅਨੀਸ ਭਾਰਦਵਾਜ, ਅਧੀਸ ਭਾਰਦਵਾਜ, ਪਰਮਜੀਤ ਕੌਰ ਅਤੇ ਮੋਹਰੂਪ ਸਿੰਘ ਸਨ। ਇਸ ਤੋਂ ਇਲਾਵਾ ਬਾਲ ਕਲਾਕਾਰਾਂ ਵਿੱਚ ਆਯੁਸ ਬਾਂਸਲ, ਕਾਰਵਿਕਾ, ਕਸ਼ਿਕ ਜਿੰਦਲ, ਵਿਹਾਨ ਗਰਗ, ਮੋਲਿਸਾ ਗਰਗ, ਅੰਸ਼ਿਕਾ ਕਾਂਸਲ, ਆਰਵ ਮਿੱਤਲ, ਮਾਨਸਵੀ, ਗੁਰਬਾਨੀ ਸਿੰਘ ਟਿਵਾਣਾ, ਰਾਧੇਸ ਜੁਨੇਜਾ, ਅਪੂਰਵਾ, ਪਾਨਿਆ, ਆਰਯਨ ਅਤਰੀ, ਅਵੀਰਾਨ, ਅਭਿਰਾਜ ਪਾਠਕ, ਹੇਮਨਿਆ ਅਤੇ ਇਕਨੂਰ ਕੌਰ ਸਾਮਲ ਸਨ। ਕਲਾਕਾਰਾਂ ਦਾ ਮੇਕਅਪ ਜਸਵਿੰਦਰ ਗਿੱਲ ਵੱਲੋਂ ਕੀਤਾ ਗਿਆ।

# ਮਹਾਰਾਜਾ ਰਣਜੀਤ ਸਿੰਘ ਯੂਨੀਵਰਸਿਟੀ ਵਿਖੇ ਆਈਡੀਆ ਫਿਊਜ਼ਨ 2026 ਕਰਵਾਇਆ



ਬਠਿੰਡਾ, 31 ਮਾਰਚ (ਪੱਤਰ ਪ੍ਰੇਰਕ)-ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਦੇ ਯੂਨੀਵਰਸਿਟੀ ਬਿਜ਼ਨਸ ਸਕੂਲ ਦੇ ਉੱਦਮਤਾ ਸੈੱਲ "ਸਪਾਰਕ ਟੈਂਕ" ਨੇ "ਆਈਡੀਆ ਫਿਊਜ਼ਨ 2026" ਕਰਵਾਇਆ ਜੋ ਕਿ ਇੱਕ ਅੰਤਰ-ਵਿਭਾਗੀ ਨਵੀਨਤਾ ਚੁਣੌਤੀ ਹੈ। ਇਸ ਪ੍ਰੋਗਰਾਮ ਵਿਚ ਯੂਨੀਵਰਸਿਟੀ ਦੇ ਵੱਖ-ਵੱਖ ਵਿਭਾਗਾਂ ਦੇ 60 ਤੋਂ ਵੱਧ ਵਿਦਿਆਰਥੀ ਭਾਗੀਦਾਰਾਂ ਨੇ ਭਾਗ ਲਿਆ, ਜਿਨ੍ਹਾਂ ਨੇ ਫੈਕਲਟੀ ਮੈਂਬਰਾਂ ਅਤੇ ਉਦਯੋਗ ਮਾਹਰਾਂ ਦੇ ਇੱਕ ਪੈਨਲ ਦੇ ਸਾਹਮਣੇ ਨਵੀਨਤਾਕਾਰੀ ਵਪਾਰਕ ਵਿਚਾਰਾਂ ਅਤੇ ਉੱਦਮੀ ਹੱਲਾਂ ਦੀ ਇੱਕ ਵਿਭਿੰਨ ਸ਼੍ਰੇਣੀ ਪੇਸ਼ ਕੀਤੀ। ਪ੍ਰੋਗਰਾਮ ਦਾ ਉਦੇਸ਼ ਵਿਦਿਆਰਥੀਆਂ ਵਿੱਚ ਰਚਨਾਤਮਕਤਾ, ਨਵੀਨਤਾ ਅਤੇ ਉੱਦਮੀ ਸੋਚ ਨੂੰ ਉਤਸ਼ਾਹਿਤ ਕਰਨਾ ਸੀ। ਇਹ ਪ੍ਰੋਗਰਾਮ ਵਿਭਾਗ ਮੁਖੀ ਡਾ. ਪ੍ਰਿਤਪਾਲ ਸਿੰਘ ਭੁੱਲਰ ਦੀ ਅਗਵਾਈ ਹੇਠ, ਡਾ. ਵੀਰਪਾਲ ਕੌਰ ਮਾਨ, ਪ੍ਰੋ. ਪੁਨੀਤ ਬਾਂਸਲ ਅਤੇ ਸਹਾਇਕ ਪ੍ਰੋਫੈਸਰ ਅੰਮ੍ਰਿਤਪਾਲ ਸਿੰਘ ਦੇ ਸਰਗਰਮ ਤਾਲਮੇਲ ਨਾਲ ਕਰਵਾਇਆ ਗਿਆ ਸੀ। ਫੈਕਲਟੀ ਮੈਂਬਰਾਂ ਨੇ ਪੂਰੇ ਮੁਕਾਬਲੇ ਦੌਰਾਨ ਭਾਗੀਦਾਰਾਂ ਨੂੰ ਸਲਾਹ ਦੇਣ ਅਤੇ ਉਤਸ਼ਾਹਿਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਇਨ੍ਹਾਂ ਨਵੀਨਤਾਕਾਰੀ ਵਿਚਾਰਾਂ ਦਾ ਮੁਲਾਂਕਣ ਸ਼੍ਰੀ ਜਸਦੀਪ ਸਿੰਘ, ਥਾਪਰ ਵੈਂਚਰ ਲੈਬ, ਥਾਪਰ ਇੰਸਟੀਚਿਊਟ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ (ਡੀਮਡ ਟੂ ਬੀ ਯੂਨੀਵਰਸਿਟੀ) ਦੇ ਇਨਕਿਊਬੇਸ਼ਨ ਮੈਨੇਜਰ ਅਤੇ ਡਾ. ਆਸ਼ੀਸ਼ ਬਾਲਦੀ, ਡਾਇਰੈਕਟਰ ਆਈ.ਕਿਊ.ਏ.ਸੀ. ਅਤੇ ਚੀਫ ਮੈਂਟਰ, ਬੀ.ਸੀ.ਐਲ.-ਏ.ਆਈ.ਸੀ.ਟੀ.ਈ. ਆਈਡੀਆ ਲੈਬ, ਐਮ.ਆਰ.ਐਸ.ਪੀ.ਟੀ.ਯੂ. ਦੁਆਰਾ ਕੀਤਾ ਗਿਆ। ਇਸ ਸਮਾਗਮ ਦਾ ਇੱਕ ਮੁੱਖ ਆਕਰਸ਼ਣ ਗੈਸਟ ਆਫ਼ ਆਨਰ, ਪ੍ਰੋ. ਆਸ਼ੀਸ਼ ਬਾਲਦੀ, ਡਾਇਰੈਕਟਰ ਆਈ.ਕਿਊ.ਏ.ਸੀ. ਦਾ ਸੂਝਵਾਨ ਭਾਸ਼ਣ ਸੀ, ਜਿਨ੍ਹਾਂ ਨੇ ਭਾਗੀਦਾਰਾਂ ਨਾਲ ਕੀਮਤੀ ਦ੍ਰਿਸ਼ਟੀਕੋਣ ਸਾਂਝੇ ਕੀਤੇ। ਮੁੱਖ ਮਹਿਮਾਨ, ਸ਼੍ਰੀ ਜਸਦੀਪ ਸਿੰਘ ਨੇ ਉਦਯੋਗ-ਅਧਾਰਿਤ ਸੂਝ ਅਤੇ ਸਟਾਰਟਅੱਪ ਇਨਕਿਊਬੇਸ਼ਨ ਵਿੱਚ ਆਪਣੀ ਮੁਹਾਰਤ ਵੀ ਸਾਂਝੀ ਕੀਤੀ, ਜਿਸ ਨਾਲ ਸਾਰੇ ਹਾਜ਼ਰੀਨ ਲਈ ਸਿੱਖਣ ਦੇ ਅਨੁਭਵ ਨੂੰ ਅਮੀਰ ਬਣਾਇਆ ਗਿਆ। ਆਈਡੀਆ ਫਿਊਜ਼ਨ 2026, ਵਿਦਿਆਰਥੀਆਂ ਨੂੰ ਆਪਣੇ ਵਿਚਾਰ ਪੇਸ਼ ਕਰਨ, ਮਾਹਰ ਫੀਡਬੈਕ ਪ੍ਰਾਪਤ ਕਰਨ ਅਤੇ ਅਸਲ-ਸੰਸਾਰ ਵਪਾਰਕ ਚੁਣੌਤੀਆਂ ਦਾ ਵਿਹਾਰਕ ਸੰਪਰਕ ਪ੍ਰਾਪਤ ਕਰਨ ਲਈ ਇੱਕ ਗਤੀਸ਼ੀਲ ਪਲੇਟਫਾਰਮ ਪ੍ਰਦਾਨ ਕਰਦਾ ਹੈ। ਯੂਨੀਵਰਸਿਟੀ ਬਿਜ਼ਨਸ ਸਕੂਲ ਦੇ ਮੁਖੀ ਡਾ. ਪ੍ਰਿਤਪਾਲ ਸਿੰਘ ਭੁੱਲਰ ਦੁਆਰਾ ਸਮਾਪਤੀ ਟਿੱਪਣੀਆਂ ਦੇ ਨਾਲ ਪ੍ਰੋਗਰਾਮ ਇੱਕ ਸਕਾਰਾਤਮਕ ਨੋਟ 'ਤੇ ਸਮਾਪਤ ਹੋਇਆ, ਜਿਸ ਵਿੱਚ ਭਾਗੀਦਾਰਾਂ ਅਤੇ ਪ੍ਰਬੰਧਕਾਂ ਨੇ ਪਹਿਲਕਦਮੀ ਦੀ ਸ਼ਲਾਘਾ ਕੀਤੀ। ਵਾਈਸ ਚਾਂਸਲਰ, ਪ੍ਰੋ. ਸੰਜੀਵ ਕੁਮਾਰ ਸ਼ਰਮਾ ਨੇ ਵਿਸ਼ਵਾਸ ਪ੍ਰਗਟ ਕੀਤਾ ਕਿ ਅਜਿਹੀਆਂ ਪਹਿਲਕਦਮੀਆਂ ਵਿਦਿਆਰਥੀਆਂ ਵਿੱਚ ਨਵੀਨਤਾ, ਆਲੋਚਨਾਤਮਕ ਸੋਚ ਅਤੇ ਉੱਦਮੀ ਹੁਨਰਾਂ ਨੂੰ ਉਤਸ਼ਾਹਿਤ ਕਰਦੀਆਂ ਰਹਿਣਗੀਆਂ, ਜਿਸ ਨਾਲ ਅਕਾਦਮਿਕ ਸੰਸਥਾਵਾਂ ਦੇ ਅੰਦਰ ਸਟਾਰਟਅੱਪ ਈਕੋਸਿਸਟਮ ਨੂੰ ਮਜ਼ਬੂਤੀ ਮਿਲੇਗੀ।

## ਪੈਲਸ ਦੇ ਨੇੜਿਓਂ ਖੂਨ ਨਾਲ ਲੱਥਪੱਥ ਅਨਪਛਾਤੀ ਲਾਸ਼ ਮਿਲਣ ਕਾਰਨ ਦਹਿਸ਼ਤ ਦਾ ਮਾਹੌਲ ਬਣਿਆ

ਗੁਰਦਾਸਪੁਰ, 31 ਮਾਰਚ (ਪੱਤਰ ਪ੍ਰੇਰਕ)- ਧਾਰੀਵਾਲ ਦੇ ਹੋਲੀਵੁੱਡ ਪੈਲਸ ਦੇ ਨਜ਼ਦੀਕ ਇੱਕ ਅਨਪਛਾਤੇ ਨੌਜਵਾਨ ਦੀ ਲਾਸ਼ ਖੂਨ ਨਾਲ ਲੱਥ ਪੱਥ ਮਿਲੀ ਪੁਲਿਸ ਨੂੰ ਜਾਣਕਾਰੀ ਮਿਲਦਿਆਂ ਹੀ ਡੀਐਸਪੀ ਕੁਲਵੰਤ ਸਿੰਘ ਅਤੇ ਹੋਰ ਪੁਲਿਸ ਅਧਿਕਾਰੀ ਮੌਕੇ ਤੇ ਪਹੁੰਚੇ ਅਤੇ ਬਹੁਤ ਬਰੀਕੀ ਦੇ ਨਾਲ ਜਾਂਚ ਸ਼ੁਰੂ ਕਰ ਦਿੱਤੀ ਹੈ। ਪੁਲਿਸ ਅਧਿਕਾਰੀਆਂ ਦਾ ਦਾਅਵਾ ਹੈ ਕਿ ਮਾਮਲਾ ਐਕਸੀਡੈਂਟ ਦਾ ਲੱਗਦਾ ਹੈ ਪਰ ਇਸਦੀ ਬਹੁਤ ਬਰੀਕੀ ਦੇ ਨਾਲ ਜਾਂਚ ਕੀਤੀ ਜਾਵੇਗੀ ਪੁਲਿਸ ਮੁਲਾਜ਼ਮਾਂ ਨੇ ਲੋਕਾਂ ਦੇ ਕੋਲੋਂ ਲਾਸ਼ ਦੀ ਪਹਿਚਾਣ ਕਰਵਾਈ ਪਰ ਲੋਕਾਂ ਦੇ ਵੱਲੋਂ ਪਹਿਚਾਨ ਨਹੀਂ ਹੋਈ ਇਸ ਵਾਸਤੇ ਲਾਸ਼ ਨੂੰ 72 ਘੰਟਿਆਂ ਲਈ ਗੁਰਦਾਸਪੁਰ ਦੇ ਸਿਵਲ ਹਸਪਤਾਲ ਸਟੇਟ ਮੁਰਦਾਘਰ ਵਿਖੇ ਭੇਜ ਦਿੱਤਾ ਗਿਆ ਹੈ। ਨੌਜਵਾਨ ਦੀ ਲਾਸ਼ ਮਿਲਣ ਦੇ ਨਾਲ ਇਲਾਕੇ ਦੇ ਲੋਕਾਂ ਦੇ ਮਨਾਂ ਦੇ ਵਿੱਚ ਦਹਿਸ਼ਤ ਵਾਲਾ ਮਾਹੌਲ ਬਣਿਆ ਹੋਇਆ ਹੈ।

# ਧਾਰੀਵਾਲ ਬਲਾਕ ਸੰਮਤੀ ਦੀ ਸਰਬਸੰਮਤੀ ਨਾਲ ਚੇਅਰਮੈਨ ਬਣੇ ਬੀਬੀ ਸ਼ਰਨਜੀਤ ਕੌਰ



ਗੁਰਦਾਸਪੁਰ, 31 ਮਾਰਚ (ਪੱਤਰ ਪ੍ਰੇਰਕ)-ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਬਿਹਤਰ ਪ੍ਰਸ਼ਾਸਨਿਕ ਸੇਵਾਵਾਂ ਦੇਣ ਦੇ ਮਕਸਦ ਨਾਲ ਅੱਜ ਧਾਰੀਵਾਲ ਬਲਾਕ ਸੰਮਤੀ ਦੇ ਚੇਅਰਮੈਨ ਦੀ ਚੋਣ ਅਮਲ ਵਿੱਚ ਲਿਆਂਦੀ ਗਈ। ਇਸ ਮੌਕੇ ਸਰਬਸੰਮਤੀ ਨਾਲ ਬੀਬੀ ਸਰਨਜੀਤ ਕੌਰ ਨੂੰ ਬਲਾਕ ਸੰਮਤੀ ਧਾਰੀਵਾਲ ਦੀ ਨਵੀਂ ਚੇਅਰਪਰਸਨ ਚੁਣੀ ਗਈ। ਇਸ ਨਿਯੁਕਤੀ ਨਾਲ ਇਲਾਕੇ ਦੇ ਵਰਕਰਾਂ ਅਤੇ ਆਮ ਲੋਕਾਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ। ਚੋਣ ਪ੍ਰਕਿਰਿਆ ਦੌਰਾਨ ਪਾਰਟੀ ਦੇ ਸੀਨੀਅਰ ਆਗੂਆਂ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਦੀ ਮੌਜੂਦਗੀ ਵਿੱਚ ਬੀਬੀ ਸਰਨਜੀਤ ਕੌਰ ਦੇ ਨਾਂ 'ਤੇ ਮੋਹਰ ਲਗਾਈ ਗਈ।ਆਪਣੀ ਇਸ ਨਿਯੁਕਤੀ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਚੇਅਰਮੈਨ ਬੀਬੀ ਸਰਨਜੀਤ ਕੌਰ ਨੇ ਕਿਹਾ ਕਿ ਉਹ ਪਾਰਟੀ ਹਾਈਕਮਾਂਡ ਅਤੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੇ ਤਹਿ ਦਿਲੋਂ ਧੰਨਵਾਦੀ ਹਨ, ਜਿਨ੍ਹਾਂ ਨੇ ਉਨ੍ਹਾਂ 'ਤੇ ਭਰੋਸਾ ਜਤਾਇਆ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਮੁੱਖ ਮਕਸਦ ਧਾਰੀਵਾਲ ਬਲਾਕ ਦੇ ਪਿੰਡਾਂ ਵਿੱਚ ਅਧੂਰੇ ਪਏ ਵਿਕਾਸ ਕਾਰਜਾਂ ਨੂੰ ਜੰਗੀ ਪੱਧਰ 'ਤੇ ਪੂਰਾ ਕਰਵਾਉਣਾ ਅਤੇ ਸਰਕਾਰੀ ਸਕੀਮਾਂ ਦਾ ਲਾਭ ਹਰ ਲੋੜਵੰਦ ਤੱਕ ਪਹੁੰਚਾਉਣਾ ਹੋਵੇਗਾ।ਉਨ੍ਹਾਂ ਅੱਗੇ ਕਿਹਾ ਕਿ ਬਲਾਕ ਸੰਮਤੀ ਦੇ ਕੰਮਕਾਜ ਵਿੱਚ ਪੂਰੀ ਪਾਰਦਰਸ਼ਤਾ ਲਿਆਂਦੀ ਜਾਵੇਗੀ ਅਤੇ ਭ੍ਰਿਸ਼ਟਾਚਾਰ ਨੂੰ ਬਿਲਕੁਲ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਪਿੰਡਾਂ ਦੀਆਂ ਗਲੀਆਂ, ਨਾਲੀਆਂ, ਸਟਰੀਟ ਲਾਈਟਾਂ ਅਤੇ ਸਾਫ-ਸਫਾਈ ਦੇ ਪ੍ਰਬੰਧਾਂ ਵੱਲ ਖਾਸ ਧਿਆਨ ਦਿੱਤਾ ਜਾਵੇਗਾ ਤਾਂ ਜੋ ਧਾਰੀਵਾਲ ਬਲਾਕ ਨੂੰ ਇੱਕ ਨਮੂਨੇ ਦੇ ਬਲਾਕ ਵਜੋਂ ਵਿਕਸਿਤ ਕੀਤਾ ਜਾ ਸਕੇ। ਇਸ ਮੌਕੇ ਵੱਖ-ਵੱਖ ਪਿੰਡਾਂ ਦੇ ਸਰਪੰਚਾਂ, ਪੰਚਾਂ ਅਤੇ ਆਮ ਆਦਮੀ ਪਾਰਟੀ ਦੇ ਅਹੁਦੇਦਾਰਾਂ ਨੇ ਬੀਬੀ ਸਰਨਜੀਤ ਕੌਰ ਨੂੰ ਫੁੱਲਾਂ ਦੇ ਹਾਰ ਪਾ ਕੇ ਜੀ ਆਇਆਂ ਨੂੰ ਕਿਹਾ ਅਤੇ ਮੂੰਹ ਮਿੱਠਾ ਕਰਵਾ ਕੇ ਵਧਾਈ ਦਿੱਤੀ।

# ਸੁਲਤਾਨਪੁਰ ਲੋਧੀ: ਕਣਕ ਦੀ ਖਰੀਦ ਤੋਂ ਪਹਿਲਾਂ ਦਾਣਾ ਮੰਡੀ 'ਚ ਗੰਦਗੀ ਦੇ ਢੇਰ; ਪ੍ਰਸ਼ਾਸਨਿਕ ਤਿਆਰੀਆਂ 'ਤੇ ਉੱਠੇ ਸਵਾਲ



ਸੁਲਤਾਨਪੁਰ ਲੋਧੀ, 31 ਮਾਰਚ (ਪੱਤਰ ਪ੍ਰੇਰਕ)-ਪੰਜਾਬ ਵਿੱਚ 1 ਅਪ੍ਰੈਲ ਤੋਂ ਕਣਕ ਦੀ ਸਰਕਾਰੀ ਖਰੀਦ ਸ਼ੁਰੂ ਹੋਣ ਜਾ ਰਹੀ ਹੈ, ਪਰ ਸੁਲਤਾਨਪੁਰ ਲੋਧੀ ਦੀ ਦਾਣਾ ਮੰਡੀ ਤੋਂ ਪ੍ਰਸ਼ਾਸਨਿਕ ਲਾਪਰਵਾਹੀ ਦੀ ਇੱਕ ਬੇਹੱਦ ਚਿੰਤਾਜਨਕ ਤਸਵੀਰ ਸਾਹਮਣੇ ਆਈ ਹੈ। ਕਿਸਾਨਾਂ ਦੀ ਫ਼ਸਲ ਨੂੰ ਸੁਰੱਖਿਅਤ ਰੱਖਣ ਲਈ ਬਣਾਏ ਗਏ ਸ਼ੈੱਡਾਂ ਹੇਠ ਗੰਦਗੀ ਦੇ ਅੰਬਾਰ ਲੱਗੇ ਹੋਏ ਹਨ, ਜਿਸ ਕਾਰਨ ਕਿਸਾਨਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਮੰਡੀ ਵਿੱਚ ਹਾਲ ਹੀ 'ਚ ਹੋਏ ਕਿਸੇ ਪ੍ਰੋਗਰਾਮ ਤੋਂ ਬਾਅਦ ਸ਼ੈੱਡਾਂ ਹੇਠ ਡਿਸਪੋਜ਼ੇਬਲ ਪਲੇਟਾਂ, ਗਿਲਾਸ ਅਤੇ ਬਚੀ-ਖੁਚੀ ਖਾਣ ਪੀਣ ਦੀ ਸਮੱਗਰੀ ਦੇ ਢੇਰ ਲੱਗੇ ਹੋਏ ਹਨ। ਇਹ ਗੰਦਗੀ ਹੁਣ ਸੜਨ ਲੱਗੀ ਹੈ ਅਤੇ ਪੂਰੀ ਮੰਡੀ ਵਿੱਚ ਭਿਆਨਕ ਬਦਬੂ ਫੈਲ ਰਹੀ ਹੈ। ਸਵਾਲ ਇਹ ਉੱਠ ਰਿਹਾ ਹੈ ਕਿ ਜੇਕਰ ਮੰਡੀ ਵਿੱਚ ਸਮਾਗਮ ਦੀ ਮਨਜ਼ੂਰੀ ਦਿੱਤੀ ਗਈ ਸੀ, ਤਾਂ ਇਸ ਦੀ ਸਫ਼ਾਈ ਦੀ ਜ਼ਿੰਮੇਵਾਰੀ ਕਿਸ ਦੀ ਸੀ? ਬਾਰਿਸ਼ ਤੋਂ ਬਚਾਉਣ ਲਈ ਕਿਸਾਨ ਆਪਣੀ ਫ਼ਸਲ ਇਨ੍ਹਾਂ ਸ਼ੈੱਡਾਂ ਹੇਠ ਰੱਖਦੇ ਹਨ, ਪਰ ਹੁਣ ਉੱਥੇ ਪਈ ਗੰਦਗੀ ਕਾਰਨ ਫ਼ਸਲ ਖ਼ਰਾਬ ਹੋਣ ਅਤੇ ਬਿਮਾਰੀਆਂ ਫੈਲਣ ਦਾ ਖ਼ਤਰਾ ਬਣ ਗਿਆ ਹੈ। ਮੰਡੀ ਵਿੱਚ ਪੀਣ ਵਾਲੇ ਪਾਣੀ ਅਤੇ ਬਾਥਰੂਮ ਦੀ ਕੋਈ ਢੁਕਵੀਂ ਸਹੂਲਤ ਨਜ਼ਰ ਨਹੀਂ ਆ ਰਹੀ, ਜਿਸ ਕਾਰਨ ਦੂਰ-ਦੁਰਾਡੇ ਤੋਂ ਆਉਣ ਵਾਲੇ ਕਿਸਾਨਾਂ ਨੂੰ ਵੱਡੀ ਪਰੇਸ਼ਾਨੀ ਝੱਲਣੀ ਪਵੇਗੀ। ਮਾਰਕੀਟ ਕਮੇਟੀ ਦੇ ਅਧਿਕਾਰੀਆਂ ਨੂੰ ਕਈ ਵਾਰ ਫੋਨ ਕੀਤੇ ਗਏ ਪਰ ਉਨ੍ਹਾਂ ਵੱਲੋਂ ਕੋਈ ਜਵਾਬ ਨਹੀਂ ਦਿੱਤਾ ਗਿਆ, ਜੋ ਪ੍ਰਸ਼ਾਸਨ ਦੀ ਗੰਭੀਰਤਾ 'ਤੇ ਸਵਾਲ ਖੜ੍ਹੇ ਕਰਦਾ ਹੈ। ਇਲਾਕੇ ਦੇ ਕਿਸਾਨਾਂ ਅਤੇ ਆਮ ਲੋਕਾਂ ਨੇ ਮੰਗ ਕੀਤੀ ਹੈ ਕਿ, ਖਰੀਦ ਸ਼ੁਰੂ ਹੋਣ ਤੋਂ ਪਹਿਲਾਂ ਮੰਡੀ ਦੀ ਤੁਰੰਤ ਸਫ਼ਾਈ ਕਰਵਾਈ ਜਾਵੇ। ਪੀਣ ਵਾਲੇ ਸਾਫ਼ ਪਾਣੀ ਅਤੇ ਬਾਥਰੂਮਾਂ ਦਾ ਪ੍ਰਬੰਧ ਯਕੀਨੀ ਬਣਾਇਆ ਜਾਵੇ। ਲਾਪਰਵਾਹੀ ਵਰਤਣ ਵਾਲੇ ਅਧਿਕਾਰੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ। ਜੇਕਰ ਪ੍ਰਸ਼ਾਸਨ ਸਮੇਂ ਸਿਰ ਨਾ ਜਾਗਿਆ, ਤਾਂ ਆਉਣ ਵਾਲੇ ਦਿਨਾਂ ਵਿੱਚ ਫ਼ਸਲ ਲੈ ਕੇ ਮੰਡੀ ਪਹੁੰਚਣ ਵਾਲੇ ਕਿਸਾਨਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

## ਪੰਜਾਬ ਪੁਲਿਸ ਨੂੰ ਮਿਲੇਗੀ ਨਵੀਂ ਰਫ਼ਤਾਰ; ਸੀਐਮ ਮਾਨ ਅੱਜ ਫੋਰਸ ਲਈ ਨਵੀਆਂ ਗੱਡੀਆਂ ਕਰਨਗੇ ਰਵਾਨਾ

ਚੰਡੀਗੜ੍ਹ, 31 ਮਾਰਚ (ਪੱਤਰ ਪ੍ਰੇਰਕ)-ਪੰਜਾਬ ਪੁਲਿਸ ਦੇ ਬੁਨਿਆਦੀ ਢਾਂਚੇ ਵਿੱਚ ਇੱਕ ਵੱਡਾ ਸੁਧਾਰ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅੱਜ ਪੁਲਿਸ ਫੋਰਸ ਲਈ ਨਵੀਆਂ ਗੱਡੀਆਂ ਦੀ ਸ਼ੁਰੂਆਤ ਕਰਨ ਜਾ ਰਹੇ ਹਨ। ਪੰਜਾਬ ਸਰਕਾਰ ਵੱਲੋਂ ਚੁੱਕਿਆ ਗਿਆ ਇਹ ਕਦਮ ਸੂਬੇ ਵਿੱਚ ਕਾਨੂੰਨ ਵਿਵਸਥਾ ਨੂੰ ਹੋਰ ਬਿਹਤਰ ਬਣਾਉਣ ਦੀ ਦਿਸ਼ਾ ਵਿੱਚ ਬੇਹੱਦ ਅਹਿਮ ਮੰਨਿਆ ਜਾ ਰਿਹਾ ਹੈ। ਪੰਜਾਬ ਸਰਕਾਰ ਨੇ ਪੁਲਿਸ ਫੋਰਸ ਨੂੰ ਅਪਗ੍ਰੇਡ ਕਰਨ ਲਈ ਇਨ੍ਹਾਂ ਗੱਡੀਆਂ ਦੀ ਖ਼ਰੀਦ 'ਤੇ ਮੋਟੀ ਰਕਮ ਖ਼ਰਚ ਕੀਤੀ ਹੈ। ਇਹ ਨਵੀਆਂ ਗੱਡੀਆਂ ਪੁਲਿਸ ਮੁਲਾਜ਼ਮਾਂ ਨੂੰ ਜਨਤਕ ਡਿਊਟੀ ਨਿਭਾਉਣ ਅਤੇ ਕਿਸੇ ਵੀ ਘਟਨਾ ਸਥਾਨ 'ਤੇ ਤੁਰੰਤ ਪਹੁੰਚਣ ਵਿੱਚ ਮਦਦਗਾਰ ਸਾਬਤ ਹੋਣਗੀਆਂ। ਸਰਕਾਰ ਦਾ ਉਦੇਸ਼ ਪੁਲਿਸ ਨੂੰ ਨਵੀਂ ਤਕਨੀਕ ਅਤੇ ਆਧੁਨਿਕ ਸਾਧਨਾਂ ਨਾਲ ਲੈਸ ਕਰਨਾ ਹੈ ਤਾਂ ਜੋ ਅਪਰਾਧੀਆਂ ਵਿਰੁੱਧ ਕਾਰਵਾਈ ਹੋਰ ਤੇਜ਼ੀ ਨਾਲ ਕੀਤੀ ਜਾ ਸਕੇ।

# 9 ਲੱਖ ਖ਼ਰਚ ਕੇ ਉਜਵਲ ਭਵਿੱਖ ਦੀ ਭਾਲ 'ਚ ਵਿਦੇਸ਼ ਗਿਆ ਨੌਜਵਾਨ ਦਵਿੰਦਰ ਸਿੰਘ ਪਿਛਲੇ ਢਾਈ ਮਹੀਨਿਆਂ ਤੋਂ ਲਾਪਤਾ



ਪਟਿਆਲਾ, 31 ਮਾਰਚ (ਪੱਤਰ ਪ੍ਰੇਰਕ)-ਉਜਵਲ ਭਵਿੱਖ ਦੀ ਸੋਚ ਲੈ ਕੇ ਸੱਤ ਮਹੀਨੇ ਪਹਿਲਾਂ ਵਿਦੇਸ਼ ਗਿਆ ਨੌਜਵਾਨ ਢਾਈ ਮਹੀਨਿਆਂ ਤੋਂ ਹੋਇਆ ਲਾਪਤਾ, ਵਿਧਾਨ ਸਭਾ ਹਲਕਾ ਸਮਾਣਾ ਦੇ ਪਿੰਡ ਗਜੇਵਾਸ ਚਤੈਹਰਾ ਦਾ ਨੌਜਵਾਨ ਦਵਿੰਦਰ ਸਿੰਘ (28) ਪੁੱਤਰ ਪਰਵਿੰਦਰ ਸਿੰਘ ਜੋ ਕਿ ਤਕਰੀਬਨ ਦਸੰਬਰ 2025 ਚ ਵਰਕ ਪਰਮਿਟ ਤੇ 9 ਲੱਖ ਰੁਪਆ ਖਰਚ ਕਰਕੇ ਕਲੇਸ਼ੀਆ ਦੇਸ਼ 'ਚ ਆਪਣੇ ਪਰਿਵਾਰ ਅਤੇ ਖੁਦ ਦੇ ਰੰਗੀਨ ਸੁਪਨਿਆ ਅਤੇ ਭਵਿੱਖ ਨੂੰ ਰੁਸ਼ਨਾਉਣ ਲਈ ਰੋਜ਼ਗਾਰ ਦੀ ਭਾਲ ਲੈ ਕੇ ਵਿਦੇਸ਼ ਦੀ ਧਰਤੀ 'ਤੇ ਗਿਆ ਸੀ, ਇਸ ਮਾਮਲੇ ਸਬੰਧੀ ਦਵਿੰਦਰ ਸਿੰਘ ਦੇ ਪਿਤਾ ਪਰਵਿੰਦਰ ਸਿੰਘ ਨੇ ਜਾਣਕਾਰੀ ਸਾਂਝੀ ਕਰਦੇ ਹੋਏ ਦੱਸਿਆ ਕਿ ਦਵਿੰਦਰ ਸਿੰਘ ਸਿਰਫ ਕਲੇਸ਼ੀਆ ਦੀ ਧਰਤੀ ਤੇ ਜਾ ਕੇ ਇੱਕ ਡੇਢ ਹਫਤੇ ਤੱਕ ਉਹਨਾਂ ਦੇ ਸੰਪਰਕ ਚ ਰਿਹਾ ਜਦੋਂ ਉਹਨਾਂ ਨੂੰ ਦਵਿੰਦਰ ਸਿੰਘ ਦੀ ਫੋਨ ਕਾਲ ਆਈ ਕਿ ਮੇਰਾ ਵੀਜ਼ਾ ਕੰਪਨੀ ਵੱਲੋਂ ਕੈਂਸਲ ਕਰ ਦਿੱਤਾ ਗਿਆ ਹੈ ਤਾਂ ਨੌਜਵਾਨ ਦੇ ਪਿਤਾ ਪਰਵਿੰਦਰ ਸਿੰਘ ਨੇ ਕਿਹਾ ਕਿ ਅਸੀਂ ਤੁਰੰਤ ਨਾਭਾ ਦੇ ਰਹਿਣ ਵਾਲੇ ਏਜੈਂਟ ਜਿਸਨੇ ਕਿ ਦਵਿੰਦਰ ਸਿੰਘ ਦਾ 8 ਲੱਖ ਰੁਪਆ ਲੈ ਕੇ ਵੀਜ਼ਾ ਲਗਵਾਇਆ ਸੀ ਨਾਲ ਗੱਲਬਾਤ ਕੀਤੀ ਤਾਂ ਉਹਨਾਂ ਦੱਸਿਆ ਕਿ ਏਜੈਂਟ ਨੇ ਉਹਨਾਂ ਨੂੰ ਇਕ ਲੱਖ ਰੁਪਏ ਦੀ ਹੋਰ ਮੰਗ ਕਰਦਿਆਂ ਕਿਹਾ ਕਿ ਜੇਕਰ ਦਵਿੰਦਰ ਸਿੰਘ ਦਾ ਵੀਜ਼ਾ ਕਿਸੇ ਹੋਰ ਕੰਪਨੀ ਤੋਂ ਬਦਵਾ ਦਿੱਤਾ ਜਾਵੇ ਤਾਂ ਇਕ ਲੱਖ ਰੁਪਆ ਤੁਹਾਨੂੰ ਹੋਰ ਖਰਚ ਕਰਨਾ ਪਵੇਗਾ ਤਾਂ ਉਹਨਾਂ ਕਿਹਾ ਕਿ ਅਸੀਂ ਦੋ ਦਿਨਾਂ ਦੇ ਵਿੱਚ ਵਿੱਚ ਲੱਖ ਰੁਪਏ ਦਾ ਇੰਤਜ਼ਾਮ ਕਰਕੇ ਏਜੈਂਟ ਨੂੰ ਦਿੱਤਾ ਪਰ ਉਸਨੇ ਪੈਸੇ ਲੈ ਕੇ ਵੀ ਸਾਡੇ ਪੁੱਤਰ ਦੇ ਵੀਜੇ ਸਬੰਧੀ ਕੋਈ ਕੰਮ ਨਹੀਂ ਕੀਤਾ ਜਿਸ ਨੂੰ ਲੈ ਕੇ ਦਵਿੰਦਰ ਸਿੰਘ ਡਿਪਰੈਸ਼ਨ ਵਿੱਚ ਰਹਿਣ ਲੱਗ ਪਿਆ ਸੀ ਉਹਨਾਂ ਕਿਹਾ ਕਿ ਉਸਦੇ ਨਾਲ ਰਹਿਣ ਵਾਲੇ ਦੋਸਤ ਮਿੱਤਰਾਂ ਨੇ ਦੱਸਿਆ ਕਿ ਦਵਿੰਦਰ ਸਿੰਘ ਨੇ ਲਾਪਤਾ ਹੋਣ ਤੋਂ ਦੋ ਦਿਨ ਪਹਿਲਾਂ ਰੋਟੀ ਪਾਣੀ ਖਾਣਾ ਵੀ ਘਟਾ ਦਿੱਤਾ ਸੀ, ਦਵਿੰਦਰ ਸਿੰਘ ਦੇ ਪਿਤਾ ਪਰਵਿੰਦਰ ਸਿੰਘ ਨੇ ਦੱਸਿਆ ਕਿ 17 ਮਾਰਚ ਨੂੰ ਉਹਨਾਂ ਦੀ ਆਪਣੇ ਪੁੱਤਰ ਨਾਲ ਅਖੀਰਲੀ ਵਾਰੀ ਗੱਲਬਾਤ ਹੋਈ ਜਿਸ ਤੋਂ ਤਕਰੀਬਨ ਇੱਕ ਘੰਟੇ ਬਾਅਦ ਦਵਿੰਦਰ ਸਿੰਘ ਦਾ ਫੋਨ ਬੰਦ ਹੋ ਗਿਆ ਅਤੇ ਉਸ ਨਾਲ ਸਾਡਾ ਮੁੜ ਕੇ ਅੱਜ ਤੱਕ ਕੋਈ ਵੀ ਸੰਪਰਕ ਨਹੀਂ ਹੋ ਸਕਿਆ। ਸੰਪਰਕ ਟੁੱਟਣ ਤੋਂ ਬਾਅਦ ਉਹ ਲਗਾਤਾਰ ਉਸ ਦੀ ਭਾਲ ਕਰ ਰਹੇ ਹਨ ਪਰ ਅਜੇ ਤੱਕ ਦਵਿੰਦਰ ਸਿੰਘ ਬਾਰੇ ਉਹਨਾਂ ਨੂੰ ਕਿਸੇ ਪਾਸਿਓਂ ਦੀ ਕੋਈ ਸੁਰਾਗ ਨਹੀਂ ਲੱਭਾ ਉਹਨਾਂ ਨੂੰ ਆਪਣੇ ਪੁੱਤਰ ਬਾਰੇ ਕਿਸੇ ਪਾਸਿਓਂ ਵੀ ਕੋਈ ਸੁੱਖ ਦੀ ਖਬਰ ਨਹੀਂ ਪ੍ਰਾਪਤ ਹੋ ਸਕੀ ਪਰਵਿੰਦਰ ਸਿੰਘ ਨੇ ਦੱਸਿਆ ਕਿ ਜਿੱਥੇ ਉਹ ਆਪਣੇ ਪੱਧਰ ਤੇ ਪੁੱਤਰ ਦੀ ਭਾਲ ਕਰਨ ਲਈ ਯਤਨ ਕਰ ਰਹੇ ਹਨ ਉੱਥੇ ਉਹਨਾਂ ਵੱਲੋਂ ਤਕਰੀਬਨ ਡੇਢ ਮਹੀਨਾ ਪਹਿਲਾਂ ਵਿਧਾਨ ਸਭਾ ਹਲਕਾ ਦੇ ਐਮਐਲਏ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਨਾਲ ਵੀ ਇਸ ਮਾਮਲੇ ਨੂੰ ਲੈ ਕੇ ਗੱਲਬਾਤ ਕੀਤੀ ਅਤੇ ਉਹਨਾਂ ਨੂੰ ਅਪੀਲ ਕੀਤੀ ਗਈ ਸੀ ਕਿ ਉਹ ਪੰਜਾਬ ਸਰਕਾਰ ਦੇ ਰਾਹੀਂ ਕੇਂਦਰ ਸਰਕਾਰ ਨਾਲ ਰਾਬਤਾ ਬਣਾ ਕੇ ਪੰਜਾਬ ਦੇ ਵਿਦੇਸ਼ ਮੰਤਰੀ ਦੇ ਜਰੀਏ ਉਹ ਉਪਦੇਸ਼ ਦੀ ਸਰਕਾਰ ਤੇ ਨਾਲ ਸੰਪਰਕ ਕਰਕੇ ਸਾਡੇ ਪੁੱਤਰ ਨੂੰ ਲੱਭਣ 'ਚ ਮਦਦ ਕਰਨ ਉਹਨਾਂ ਦਾ ਕਹਿਣਾ ਹੈ ਪਰ ਇਸ ਮਾਮਲੇ ਤੇ ਹਲਕਾ ਵਿਧਾਇਕ ਵੱਲੋਂ ਕੋਈ ਵੀ ਗੰਭੀਰਤਾ ਨਾਲ ਦਿਲਚਸਪੀ ਨਹੀਂ ਦਿਖਾਈ ਗਈ ਇਸ ਮੌਕੇ ਉਹਨਾਂ ਪ੍ਰੈਸ ਦੇ ਮਾਧਿਅਮ ਰਾਹੀਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਕੇਂਦਰ ਸਰਕਾਰ ਨਾਲ ਰਾਬਤਾ ਕਰਕੇ ਕਲੇਸ਼ੀਆ ਦੀ ਸਰਕਾਰ ਨਾਲ ਸੰਪਰਕ ਕਰਨ ਤਾਂ ਕਿ ਉਹਨਾਂ ਨੂੰ ਆਪਣੇ ਪੁੱਤਰ ਦਵਿੰਦਰ ਸਿੰਘ ਦੀ ਜਾਣਕਾਰੀ ਮਿਲ ਸਕੇ।

# ਪੰਜਾਬ ਸਰਕਾਰ ਵੱਲੋਂ ਅਸ਼ੀਰਵਾਦ ਸਕੀਮ ਤਹਿਤ 4572 ਲਾਭਪਾਤਰੀਆਂ ਲਈ 23.32 ਕਰੋੜ ਰੁਪਏ ਜਾਰੀ: ਡਾ. ਬਲਜੀਤ ਕੌਰ



ਚੰਡੀਗੜ੍ਹ, 31 ਮਾਰਚ (ਪੱਤਰ ਪ੍ਰੇਰਕ)-ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸਮਾਜ ਦੇ ਕਮਜ਼ੋਰ ਵਰਗਾਂ ਦੀ ਭਲਾਈ ਲਈ ਲਗਾਤਾਰ ਯਤਨਸ਼ੀਲ ਹੈ। ਇਸੇ ਕੜੀ ਤਹਿਤ ਅਸ਼ੀਰਵਾਦ ਸਕੀਮ ਹੇਠ ਚਾਲੂ ਵਿੱਤੀ ਸਾਲ 2025-26 ਦੌਰਾਨ ਅਨੁਸੂਚਿਤ ਜਾਤੀਆਂ ਦੇ 4572 ਲਾਭਪਾਤਰੀਆਂ ਨੂੰ 23.32 ਕਰੋੜ ਰੁਪਏ ਦੀ ਵਿੱਤੀ ਸਹਾਇਤਾ ਜਾਰੀ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਇਹ ਵਿੱਤੀ ਸਹਾਇਤਾ ਘੱਟ ਆਮਦਨੀ ਵਾਲੇ ਪਰਿਵਾਰਾਂ ਦੀਆਂ ਲੜਕੀਆਂ ਦੇ ਵਿਆਹ ਸਮੇਂ ਆਰਥਿਕ ਸਹਾਰਾ ਪ੍ਰਦਾਨ ਕਰਦੀ ਹੈ, ਜਿਸ ਨਾਲ ਪਰਿਵਾਰਾਂ 'ਤੇ ਆਰਥਿਕ ਬੋਝ ਘੱਟ ਹੁੰਦਾ ਹੈ ਅਤੇ ਲੜਕੀਆਂ ਦਾ ਵਿਆਹ ਸਨਮਾਨਪੂਰਵਕ ਢੰਗ ਨਾਲ ਕਰਨ ਵਿੱਚ ਮਦਦ ਮਿਲਦੀ ਹੈ। ਉਨ੍ਹਾਂ ਕਿਹਾ ਕਿ ਇਸ ਸਕੀਮ ਨਾਲ ਲੋੜਵੰਦ ਪਰਿਵਾਰਾਂ ਨੂੰ ਧੀਆਂ ਦੇ ਵਿਆਹ ਸਮੇਂ ਵੱਡੀ ਰਾਹਤ ਮਿਲ ਰਹੀ ਹੈ ਅਤੇ ਸਮਾਜਿਕ ਸੁਰੱਖਿਆ ਨੂੰ ਹੋਰ ਮਜ਼ਬੂਤੀ ਮਿਲ ਰਹੀ ਹੈ। ਡਾ. ਬਲਜੀਤ ਕੌਰ ਨੇ ਹੋਰ ਜਾਣਕਾਰੀ ਦਿੰਦਿਆਂ ਕਿਹਾ ਕਿ ਅਸ਼ੀਰਵਾਦ ਸਕੀਮ ਤਹਿਤ ਜ਼ਿਲ੍ਹਾ ਬਰਨਾਲਾ, ਬਠਿੰਡਾ, ਫਰੀਦਕੋਟ, ਫਿਰੋਜ਼ਪੁਰ, ਸ੍ਰੀ ਫਤਹਿਗੜ੍ਹ ਸਾਹਿਬ, ਗੁਰਦਾਸਪੁਰ, ਹੁਸ਼ਿਆਰਪੁਰ, ਲੁਧਿਆਣਾ, ਮਾਨਸਾ, ਮੋਗਾ, ਪਟਿਆਲਾ, ਪਠਾਨਕੋਟ, ਰੂਪਨਗਰ, ਐਸ.ਏ.ਐਸ. ਨਗਰ, ਐਸ.ਬੀ.ਐਸ. ਨਗਰ, ਸੰਗਰੂਰ, ਮਾਲੇਰਕੋਟਲਾ ਅਤੇ ਤਰਨਤਾਰਨ ਦੇ ਕੁੱਲ 4572 ਲਾਭਪਾਤਰੀਆਂ ਨੂੰ ਇਸ ਰਾਸ਼ੀ ਦਾ ਲਾਭ ਦਿੱਤਾ ਗਿਆ ਹੈ। ਸਮਾਜਿਕ ਨਿਆਂ ਮੰਤਰੀ ਨੇ ਹੋਰ ਵੇਰਵਾ ਸਾਂਝਾ ਕਰਦਿਆਂ ਕਿਹਾ ਕਿ ਇਸ ਰਾਸ਼ੀ ਨਾਲ ਜ਼ਿਲ੍ਹਾ ਬਰਨਾਲਾ ਦੇ 125, ਬਠਿੰਡਾ ਦੇ 761, ਫਰੀਦਕੋਟ ਦੇ 87, ਫਿਰੋਜ਼ਪੁਰ ਦੇ 266, ਸ੍ਰੀ ਫਤਹਿਗੜ੍ਹ ਸਾਹਿਬ ਦੇ 155, ਗੁਰਦਾਸਪੁਰ ਦੇ 164, ਹੁਸ਼ਿਆਰਪੁਰ ਦੇ 441, ਲੁਧਿਆਣਾ ਦੇ 332 ਅਤੇ ਮਾਨਸਾ ਦੇ 441 ਲਾਭਪਾਤਰੀਆਂ ਨੂੰ ਵਿੱਤੀ ਸਹਾਇਤਾ ਦਿੱਤੀ ਗਈ ਹੈ। ਇਸੇ ਤਰ੍ਹਾਂ ਜ਼ਿਲ੍ਹਾ ਮੋਗਾ ਦੇ 265, ਪਟਿਆਲਾ ਦੇ 126, ਪਠਾਨਕੋਟ ਦੇ 221, ਰੂਪਨਗਰ ਦੇ 293, ਐਸ.ਏ.ਐਸ. ਨਗਰ ਦੇ 166, ਐਸ.ਬੀ.ਐਸ. ਨਗਰ ਦੇ 83, ਸੰਗਰੂਰ ਦੇ 130, ਮਾਲੇਰਕੋਟਲਾ ਦੇ 105 ਅਤੇ ਤਰਨਤਾਰਨ ਦੇ 411 ਲਾਭਪਾਤਰੀਆਂ ਨੂੰ ਵੀ ਇਸ ਸਕੀਮ ਤਹਿਤ ਲਾਭ ਪ੍ਰਦਾਨ ਕੀਤਾ ਗਿਆ ਹੈ। ਡਾ. ਬਲਜੀਤ ਕੌਰ ਨੇ ਕਿਹਾ ਕਿ ਅਸ਼ੀਰਵਾਦ ਸਕੀਮ ਤਹਿਤ ਸੂਬਾ ਸਰਕਾਰ ਵੱਲੋਂ ਘੱਟ ਆਮਦਨੀ ਵਾਲੇ ਪਰਿਵਾਰਾਂ ਨਾਲ ਸਬੰਧਤ ਲੜਕੀਆਂ ਦੇ ਵਿਆਹ ਲਈ 51,000 ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਇਸ ਸਕੀਮ ਦਾ ਲਾਭ ਲੈਣ ਲਈ ਬਿਨੈਕਾਰ ਪੰਜਾਬ ਰਾਜ ਦਾ ਸਥਾਈ ਨਾਗਰਿਕ ਹੋਵੇ ਅਤੇ ਪਰਿਵਾਰ ਗਰੀਬੀ ਰੇਖਾ ਤੋਂ ਹੇਠਾਂ ਦਾ ਹੋਣਾ ਲਾਜ਼ਮੀ ਹੈ। ਕੈਬਨਿਟ ਮੰਤਰੀ ਨੇ ਅੱਗੇ ਕਿਹਾ ਕਿ ਇਹ ਸਕੀਮ ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਅਤੇ ਹੋਰ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਨਾਲ ਸਬੰਧਤ ਪਰਿਵਾਰਾਂ ਲਈ ਲਾਗੂ ਹੈ। ਉਨ੍ਹਾਂ ਕਿਹਾ ਕਿ ਪਰਿਵਾਰ ਦੀ ਸਾਰੇ ਸਰੋਤਾਂ ਤੋਂ ਸਲਾਨਾ ਆਮਦਨ 32,790 ਰੁਪਏ ਤੋਂ ਘੱਟ ਹੋਣੀ ਚਾਹੀਦੀ ਹੈ ਅਤੇ ਅਜਿਹੇ ਪਰਿਵਾਰਾਂ ਦੀਆਂ ਦੋ ਧੀਆਂ ਤੱਕ ਇਸ ਸਕੀਮ ਦਾ ਲਾਭ ਦਿੱਤਾ ਜਾਂਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਵਿੱਤੀ ਸਹਾਇਤਾ ਦੀ ਅਦਾਇਗੀ ਡੀ.ਬੀ.ਟੀ.ਰਾਹੀਂ ਸਿੱਧੀ ਲਾਭਪਾਤਰੀਆਂ ਦੇ ਬੈਂਕ ਖਾਤਿਆਂ ਵਿੱਚ ਕੀਤੀ ਜਾਂਦੀ ਹੈ, ਜਿਸ ਨਾਲ ਪ੍ਰਕਿਰਿਆ ਵਿੱਚ ਪਾਰਦਰਸ਼ਤਾ ਅਤੇ ਸੁਵਿਧਾ ਯਕੀਨੀ ਬਣਾਈ ਜਾਂਦੀ ਹੈ।

## ਨਵ-ਵਿਆਹੁਤਾ ਨੂੰ ਵਰਗਲਾ ਕੇ ਲਿਜਾਣ ਵਾਲਾ ਨਾਮਜਦ

ਸ੍ਰੀ ਗੋਇੰਦਵਾਲ ਸਾਹਿਬ, 31 ਮਾਰਚ (ਪੱਤਰ ਪ੍ਰੇਰਕ)- ਤਰਨਤਾਰਨ ਦੇ ਪਿੰਡ ਵੇਂਈਪੂੰਈ ਵਾਸੀ ਇਕ ਨਵ ਵਿਆਹੁਤਾ ਸਹੁਰੇ ਪਰਿਵਾਰ ਨੂੰ ਨਸ਼ੀਲੀ ਗੋਲੀਆਂ ਦੇ ਕੇ ਕਿਧਰੇ ਚਲੀ ਗਈ। ਜਦੋਂਕਿ ਜਾਂਦੀ ਹੋਈ ਘਰੋਂ ਲੱਖਾਂ ਰੁਪਏ ਦੇ ਸੋਨੇ ਦੇ ਗਹਿਣੇ ਅਤੇ ਕੁਝ ਨਕਦੀ ਵੀ ਲੈ ਕੇ ਚਲੀ ਗਈ। ਘਟਨਾ ਤੋਂ ਬਾਅਦ ਸਹੁਰੇ ਪਰਿਵਾਰ ਨੂੰ ਪਤਾ ਲੱਗਾ ਕਿ ਉਨ੍ਹਾਂ ਦੀ ਨੂੰਹ ਨਾਲ ਤਰਨਤਾਰਨ ਵਾਸੀ ਵਿਅਕਤੀ ਸ਼ੋਸ਼ਲ ਮੀਡੀਆ 'ਤੇ ਗੱਲਬਾਤ ਕਰਦਾ ਸੀ ਅਤੇ ਉਹਹ ਉਸ ਨੂੰ ਆਫਣੀਆਂ ਗੱਲਾਂ ਵਿਚ ਲਿਆ ਕੇ ਕਿਤੇ ਲੈ ਗਿਆ ਹੈ ਤੇ ਉਸ ਨੂੰ ਲੁਕੋ ਕੇ ਰੱਖਿਆ ਹੈ। ਪਿੰਡ ਵੇਂਈਪੂੰਈ ਵਾਸੀ ਵਿਅਕਤੀ ਨੇ ਪੁਲਿਸ ਨੂੰ ਸ਼ਿਕਾਇਤ ਦਿੱਤੀ ਕਿ ਉਸਦੇ ਲੜਕੇ ਦਾ ਵਿਆਹ 6 ਜੁਲਾਈ 2025 ਨੂੰ ਪਟਿਆਲਾ ਵਾਸੀ ਲੜਕੀ ਨਾਲ ਹੋਇਆ ਸੀ। ਪਰਿਵਾਰ ਵਿਚ ਸਭ ਕੁਝ ਠੀਕ ਚੱਲ ਰਿਹਾ ਸੀ ਕਿ ਇਸੇ ਦੌਰਾਨ 18 ਜਨਵਰੀ 2026 ਨੂੰ ਉਸਦੀ ਨੂੰਹ ਕਿਸੇ ਅਣਪਛਾਤੇ ਵਿਅਕਤੀ ਨਾਲ ਮਿਲ ਕੇ ਪਰਿਵਾਰ ਨੂੰ ਨਸ਼ੀਲੀਆਂ ਗੋਲੀਆਂ ਦੇ ਕੇ ਕਿਤੇ ਚਲੀ ਗਈ। ਜੋ ਜਾਂਦੀ ਹੋਈ ਅਲਮਾਰੀ ਵਿੱਚੋਂ 3 ਤੋਲੇ ਸੋਨੇ ਦੀ ਚੇਨੀ, 4 ਸੋਨੇ ਦੀਆਂ ਚੂੜੀਆਂ, ਇਕ ਤੋਲੇ ਕੰਨਾਂ ਦੇ ਕਾਂਟੇ ਤੇ 2 ਮੁੰਦਰੀਆਂ ਤੋਂ ਇਲਾਵਾ 10 ਹਜਾਰ ਰੁਪਏ ਦੀ ਨਕਦੀ ਵੀ ਲੈ ਗਈ।

# ਬਲਵਿੰਦਰ ਜੰਮੂ ਨੇ ਇੰਡੀਅਨ ਜਰਨਲਿਸਟਸ ਯੂਨੀਅਨ ਦੇ ਕੌਮੀ ਪ੍ਰਧਾਨ ਵਜੋਂ ਅਹੁਦਾ ਸੰਭਾਲਿਆ




ਬਾਬਾ ਬਕਾਲਾ ਸਾਹਿਬ, 31 ਮਾਰਚ (ਪੱਤਰ ਪ੍ਰੇਰਕ)-ਇੰਡੀਅਨ ਜਰਨਲਿਸਟਸ ਯੂਨੀਅਨ (ਆਈ.ਜੇ.ਯੂ) ਦੀ 11ਵੀਂ ਨੈਸ਼ਨਲ ਪਲੈਨਰੀ ਨੇ ਵਿਜੇਵਾੜਾ ਵਿੱਚ ਆਪਣੀ ਨਵੀਂ ਰਾਸ਼ਟਰੀ ਕਾਰਜਕਾਰੀ ਕਮੇਟੀ ਦਾ ਐਲਾਨ ਕੀਤਾ ਹੈ ਅਤੇ ਇਸ ਮੌਕੇ ਪਹਿਲਾਂ ਹੀ ਨਿਰਵਿਰੋਧ ਚੁਣੇ ਗਏ ਪੰਜਾਬ ਦੇ ਬਲਵਿੰਦਰ ਸਿੰਘ ਜੰਮੂ ਨੇ ਕੌਮੀ ਪ੍ਰਧਾਨ ਅਤੇ ਆਂਧਰਾ ਪ੍ਰਦੇਸ਼ ਦੇ ਆਗੂ ਡੀ. ਸੋਮ ਸੁੰਦਰ ਨੇ ਸਕੱਤਰ ਜਨਰਲ ਦਾ ਅਹੁਦਾ ਸੰਭਾਲ ਲਿਆ ਹੈ। ਅਹੁਦਾ ਸੰਭਾਲਣ ਬਾਅਦ ਕੌਮੀ ਪ੍ਰਧਾਨ ਬਲਵਿੰਦਰ ਜੰਮੂ ਨੇ ਸੰਬੋਧਨ ਕਰਦਿਆਂ ਪੱਤਰਕਾਰਾਂ ਦੀਆਂ ਹੱਕੀ ਅਤੇ ਜਾਇਜ਼ ਮੰਗਾਂ ਲਈ ਸੂਬਾ ਪੱਧਰ 'ਤੇ ਸੈਮੀਨਾਰ ਅਤੇ ਕਨਵੈਂਨਸ਼ਨਾਂ ਕਰ ਕੇ ਸੰਘਰਸ਼ ਦੀ ਰੂਪਰੇਖਾ ਤਿਆਰ ਕਰਨ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਮੀਡੀਆ ਉੱਪਰ ਕਾਰਪੋਰੇਟ ਘਰਾਣਿਆਂ ਦੇ ਕਬਜ਼ੇ, ਵਧ ਰਹੇ ਠੇਕੇਦਾਰੀ ਪ੍ਰਬੰਧ, ਪ੍ਰੈੱਸ ਦੀ ਅਜ਼ਾਦੀ ਉੱਪਰ ਵੱਧ ਰਹੇ ਹਮਲਿਆਂ ਕਾਰਨ ਪੱਤਰਕਾਰੀ ਗੰਭੀਰ ਸੰਕਟ ਦਾ ਸ਼ਿਕਾਰ ਹੈ। ਇਸ ਮੌਕੇ ਚੋਣ ਅਧਿਕਾਰੀ ਸੀਨੀਅਰ ਪੱਤਰਕਾਰ ਐੱਮ.ਏ ਮਾਜ਼ਿਦ ਨੇ ਨਤੀਜਿਆਂ ਦਾ ਐਲਾਨ ਕੀਤਾ। ਜਿਸ ਵਿੱਚ ਪੰਜਾਬ ਦੇ ਇਕ ਹੋਰ ਸੀਨੀਅਰ ਆਗੂ ਬਲਬੀਰ ਸਿੰਘ ਜੰਡੂ ਕੌਮੀ ਖ਼ਜ਼ਾਨਚੀ, ਅਮਰ ਮੋਹਨ ਪ੍ਰਸਾਦ (ਬਿਹਾਰ) ਅਤੇ ਵਾਈ. ਨਰਿੰਦਰ ਰੈਡੀ (ਤੇਲੰਗਾਨਾ) ਕੌਮੀ ਮੀਤ ਪ੍ਰਧਾਨ ਅਤੇ ਨਰਿੰਦਰ ਭਾਰਦਵਾਜ (ਉੱਤਰ ਪ੍ਰਦੇਸ਼), ਡੀ.ਐੱਸ.ਆਰ ਸੁਭਾਸ਼ (ਤਾਮਿਲਨਾਡੂ) ਅਤੇ ਪੀ. ਭਾਸਕਰ ਰੈਡੀ (ਕਰਨਾਟਕ) ਨੂੰ ਨਿਰਵਿਰੋਧ ਕੌਮੀ ਸਕੱਤਰ ਚੁਣੇ ਜਾਣ ਦਾ ਐਲਾਨ ਕੀਤਾ ਗਿਆ। ਪੰਜਾਬ ਦੀ ਸੀਨੀਅਰ ਪੱਤਰਕਾਰ ਬਿੰਦੂ ਸਿੰਘ ਸਮੇਤ ਹੋਰ ਰਾਜਾਂ ਦੇ 14 ਮੈਂਬਰਾਂ ਨੂੰ ਵੀ ਕੌਮੀ ਕਾਰਜਕਾਰਨੀ ਲਈ ਚੁਣ ਲਿਆ ਗਿਆ। ਪੰਜਾਬ ਅਤੇ ਚੰਡੀਗੜ੍ਹ ਦੇ ਸੂਬਾਈ ਪ੍ਰਧਾਨ ਜੈ ਸਿੰਘ ਛਿੱਬਰ ਅਤੇ ਸਕੱਤਰ ਜਨਰਲ ਸੰਤੋਖ ਗਿੱਲ ਸਮੇਤ ਦੂਜੇ ਸੂਬਿਆਂ ਦੇ ਪ੍ਰਧਾਨ ਅਤੇ ਸਕੱਤਰ ਜਨਰਲ ਵੀ ਕੌਮੀ ਕਾਰਜਕਾਰਨੀ ਵਿੱਚ ਸ਼ਾਮਲ ਕੀਤੇ ਗਏ ਹਨ।

# ਭਗਵਾਨ ਮਹਾਂਵੀਰ ਦੀ ਜਨਮ ਵਰ੍ਹੇਗੰਢ ਸਮਾਰੋਹ ਜੈਨ ਸਥਾਨਕ ਨਵਾਂਸ਼ਹਿਰ ਵਿਖੇ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ



ਨਵਾਂਸ਼ਹਿਰ, 31 ਮਾਰਚ (ਪੱਤਰ ਪ੍ਰੇਰਕ)-ਐਸ.ਐਸ ਜੈਨ ਸਭਾ ਦੇ ਪ੍ਰਧਾਨ ਮੁਨੀਸ਼ ਜੈਨ ਅਤੇ ਜਨਰਲ ਸਕੱਤਰ ਰਤਨ ਕੁਮਾਰ ਜੈਨ ਨੇ ਦੱਸਿਆ ਕਿ ਭਗਵਾਨ ਮਹਾਂਵੀਰ ਦੀ ਜਨਮ ਵਰ੍ਹੇਗੰਢ ਸ਼੍ਰੀ ਸੁਯਸ਼ ਪ੍ਰਭਾ ਜੀ ਮਹਾਰਾਜ ਅਤੇ ਸਾਧਵੀ ਸ਼੍ਰੀ ਅਰਾਧਨਾ ਜੀ ਮਹਾਰਾਜ ਠਾਣੇ-2 ਦੀ ਮੌਜੂਦਗੀ ਵਿੱਚ ਜੈਨ ਸਭਾ ਦੇ ਪ੍ਰਧਾਨ ਮੁਨੀਸ਼ ਜੈਨ ਦੀ ਅਗਵਾਈ ਹੇਠ ਬਹੁਤ ਧੂਮਧਾਮ ਅਤੇ ਸ਼ਰਧਾ ਨਾਲ ਮਨਾਈ ਗਈ। ਇਸ ਸ਼ੁਭ ਮੌਕੇ 'ਤੇ, ਮਹਾਸਾਧਵੀ ਸ਼੍ਰੀ ਸੁਯਸ਼ ਪ੍ਰਭਾ ਜੀ ਅਤੇ ਸ਼੍ਰੀ ਅਰਾਧਨਾ ਜੀ ਮਹਾਰਾਜ ਨੇ ਕਿਹਾ ਕਿ ਪੂਰੀ ਦੁਨੀਆ ਨੂੰ ਭਗਵਾਨ ਮਹਾਂਵੀਰ ਸਵਾਮੀ ਦੇ ਅਹਿੰਸਾ ਅਤੇ ਜੀਓ ਅਤੇ ਜੀਣ ਦਿਓ ਦੇ ਸੰਦੇਸ਼ ਦੀ ਸਭ ਤੋਂ ਵੱਧ ਲੋੜ ਹੈ। ਇਸ ਦੁਨੀਆ ਵਿੱਚ ਸ਼ਾਂਤੀ ਭਗਵਾਨ ਮਹਾਂਵੀਰ ਸਵਾਮੀ ਦੀਆਂ ਸਿੱਖਿਆਵਾਂ ਦੀ ਪਾਲਣਾ ਕਰਕੇ ਹੀ ਆ ਸਕਦੀ ਹੈ। ਇਸ ਮੌਕੇ ਤ੍ਰਿਪਤਾ ਜੈਨ, ਰਿਤੂ ਜੈਨ, ਪ੍ਰਧਾਨ ਮੁਨੀਸ਼ ਜੈਨ ਅਤੇ ਜਨਰਲ ਸਕੱਤਰ ਰਤਨ ਕੁਮਾਰ ਜੈਨ ਨੇ ਭਾਸ਼ਣ ਦਿੱਤੇ। ਰਿਤੂ ਜੈਨ, ਨੀਤੀਕਾ ਜੈਨ ਅਤੇ ਮੀਨਾਕਸ਼ੀ ਜੈਨ ਦੇ ਨਿਰਦੇਸ਼ਨ ਹੇਠ, ਸ਼੍ਰੀ ਚੰਦਨਬਾਲਾ ਜੈਨ ਯੁਵਤੀ ਮੰਡਲ ਅਤੇ ਸ਼੍ਰੀ ਰਮਣੀਕ ਬਾਲ ਕਲਾ ਮੰਡਲ ਦੇ ਮੈਂਬਰਾਂ ਨੇ ਭਗਵਾਨ ਮਹਾਂਵੀਰ ਸਵਾਮੀ ਨੂੰ ਸ਼ਰਧਾਂਜਲੀ ਦਿੰਦੇ ਹੋਏ ਸੁੰਦਰ ਨਾਟਕ ਪੇਸ਼ ਕੀਤੇ। ਜੈਨ ਸਭਾ ਦੇ ਜਨਰਲ ਸਕੱਤਰ ਰਤਨ ਕੁਮਾਰ ਜੈਨ ਅਤੇ ਖਜ਼ਾਨਚੀ ਰਾਕੇਸ਼ ਜੈਨ ਬੱਬੀ ਨੇ ਦੱਸਿਆ ਕਿ ਅੱਜ ਸਵੇਰੇ 5 ਵਜੇ ਜੈਨ ਸਭਾ ਦੇ ਪ੍ਰਧਾਨ ਮੁਨੀਸ਼ ਜੈਨ ਦੀ ਅਗਵਾਈ ਹੇਠ ਸ਼ੋਭਾ ਯਾਤਰਾ ਕੱਢੀ ਗਈ। ਸ਼੍ਰੀ ਮਹਾਵੀਰ ਜੈਨ ਯੁਵਕ ਮੰਡਲ ਵੱਲੋਂ ਪੰਜ ਲੱਕੀ ਡਰਾਅ ਵੀ ਕੱਢੇ ਗਏ। ਇਸ ਤੋਂ ਬਾਅਦ, ਐਸ.ਐਸ ਜੈਨ ਸਭਾ ਦੇ ਪ੍ਰਧਾਨ ਮੁਨੀਸ਼ ਜੈਨ ਨੇ ਜੈਨ ਸਥਾਨਕ ਉੱਤੇ ਜੈਨ ਝੰਡਾ ਲਹਿਰਾਇਆ ਅਤੇ ਜੈਨ ਮਹਿਲਾ ਮੰਡਲ ਦੀ ਪ੍ਰਧਾਨ ਕੰਚਨ ਜੈਨ ਨੇ ਜੈਨ ਮਹਿਲਾ ਸਥਾਨਕ ਉੱਤੇ ਜੈਨ ਝੰਡਾ ਲਹਿਰਾਇਆ। ਅੱਜ ਦੇ ਪ੍ਰੋਗਰਾਮ ਵਿੱਚ, ਸ਼੍ਰੀ ਮਹਾਵੀਰ ਜੈਨ ਯੁਵਕ ਮੰਡਲ ਦੇ ਪ੍ਰਧਾਨ ਪੰਕਜ ਜੈਨ ਦੀ ਅਗਵਾਈ ਹੇਠ ਸਵੇਰ ਦੀ ਸ਼ੋਭਾ ਯਾਤਰਾ ਅਤੇ ਲੰਗਰ ਦੇ ਪ੍ਰਬੰਧ ਸੁੰਦਰ ਢੰਗ ਨਾਲ ਕੀਤੇ ਗਏ। ਅੱਜ ਦੇ ਪੂਰੇ ਪ੍ਰੋਗਰਾਮ ਵਿੱਚ, ਸ਼੍ਰੀ ਮਹਾਵੀਰ ਜੈਨ ਯੁਵਕ ਮੰਡਲ, ਸ਼੍ਰੀ ਵਰਧਮਾਨ ਜੈਨ ਸੇਵਾ ਸੰਘ, ਜੈਨ ਮਹਿਲਾ ਮੰਡਲ, ਸ਼੍ਰੀ ਚੰਦਨਬਾਲਾ ਜੈਨ ਯੁਵਤੀ ਮੰਡਲ, ਸ਼੍ਰੀ ਰਮਣੀਕ ਬਾਲ ਕਲਾ ਮੰਡਲ ਅਤੇ ਜੈਨ ਸਮਾਜ ਦੇ ਸਾਰੇ ਮੈਂਬਰਾਂ ਨੇ ਉਤਸ਼ਾਹ ਨਾਲ ਹਿੱਸਾ ਲਿਆ ਅਤੇ ਭਗਵਾਨ ਮਹਾਂਵੀਰ ਸਵਾਮੀ ਜੀ ਪ੍ਰਤੀ ਆਪਣੀ ਸ਼ਰਧਾ ਪ੍ਰਗਟ ਕੀਤੀ!

# ਦਵਿੰਦਰ ਖ਼ੁਦਕਸ਼ੀ: ਏਦਾਂ ਦਿਨ ਨੀਂ ਚੜ੍ਹਨਾ ਨਾਂ ਰਾਤ ਹੀ ਆਉਣੀ ਜਦੋਂ ਮਿਲੀ ਤੇਰੀ ਮੌਤ ਸੁਨਾਉਣੀ




ਬਠਿੰਡਾ, 31 ਮਾਰਚ (ਪੱਤਰ ਪ੍ਰੇਰਕ)-ਜ਼ਿੰਦਗੀ ਦੇ ਆਖਰੀ ਮੋੜ 'ਤੇ ਪਰਮਿੰਦਰ ਕੌਰ ਇਕੱਲੀ ਰਹਿ ਗਈ ਹੈ। ਕੜੀ ਵਰਗੇ ਗੱਭਰੂ ਪੁੱਤ ਦੀ ਮੌਤ ਨੇ ਉਸ ਨੂੰ ਧੁਰ ਅੰਦਰ ਤੱਕ ਝੰਜੋੜ ਦਿੱਤਾ ਹੈ। ਬਠਿੰਡਾ ਦੀ ਗਣਪਤੀ ਐਨਕਲੇਵ ਕਲੋਨੀ ਵਿੱਚ ਰਹਿਣ ਵਾਲੇ ਮਰਹੂਮ ਕਾਂਗਰਸੀ ਆਗੂ ਸੁਖਰਾਜ ਸਿੰਘ ਨੱਤ ਦੇ ਇਕਲੌਤੇ ਪੁੱਤਰ ਅਤੇ ਪੇਸ਼ੇ ਤੋਂ ਵਕੀਲ ਦਵਿੰਦਰਪਾਲ ਸਿੰਘ ਨੱਤ ਨੇ ਚੰਡੀਗੜ੍ਹ ਦੇ ਕਾਲੋਨਾਈਜ਼ਰ ਬਿੰਦਰਪਾਲ ਮਿੱਤਲ ਅਤੇ ਉਸ ਦੇ ਪੁੱਤਰਾਂ ਭਰਤ ਮਿੱਤਲ ਤੇ ਪ੍ਰਤੀਕ ਮਿੱਤਲ, ਨੂੰ ਆਪਣੀ ਮੌਤ ਦਾ ਜ਼ਿੰਮੇਵਾਰ ਠਹਿਰਾਉਂਦਿਆਂਖੁਦਕਸ਼ੀ ਕਰ ਲਈ ਸੀ। ਬਿੰਦਰਪਾਲ ਮਿੱਤਲ, ਮਰਹੂਮ ਸੁਖਰਾਜ ਸਿੰਘ ਨੱਤ ਦਾ ਦੋਸਤ ਸੀ ਜੋ ਛੇ ਸਾਲ ਪਹਿਲਾਂ ਚੱਲ ਵਸੇ ਸਨ। ਦੋਵੇਂ ਤਲਵੰਡੀ ਸਾਬੋ ਦੇ ਨਜ਼ਦੀਕ ਪਿੰਡ ਨੱਤ ਦੇ ਰਹਿਣ ਵਾਲੇ ਸਨ। ਦਵਿੰਦਰ ਬਿੰਦਰਪਾਲ ਨੂੰ ਚਾਚਾ ਆਖਿਆ ਕਰਦਾ ਸੀ। ਪ੍ਰੀਵਾਰਕ ਸੂਤਰਾਂ ਨੇ ਦੱਸਿਆ ਕਿ ਜਿਸ ਬਿੰਦਰਪਾਲ 'ਤੇ ਦਵਿੰਦਰ ਨੂੰ ਰੱਬ ਜਿੱਡਾ ਮਾਣ ਸੀ ਉਹੀ ਉਸ ਨਾਲ ਕਥਿਤ ਠੱਗੀ ਮਾਰ ਗਿਆ। ਪ੍ਰਮਿੰਦਰ ਕੌਰ ਨੂੰ ਵੀ ਇਹੋ ਝੋਰਾ ਹੈ ਕਿ ਸੁਖਰਾਜ ਸਿੰਘ ਦੇ ਚਲੇ ਜਾਣ ਤੋਂ ਬਾਅਦ ਜਿੰਨ੍ਹਾਂ ਨੇ ਦਵਿੰਦਰ ਦੇ ਸਿਰ 'ਤੇ ਛਾਂ ਕਰਨੀ ਸੀ ਉਹੀ ਉਸ ਦੀ ਮੌਤ ਦਾ ਕਾਰਨ ਬਣ ਗਏ। ਦਵਿੰਦਰ ਨੇ ਤਾਂ ਹਾਲੇ ਆਪਣੀ ਨਵੀਂ ਜ਼ਿੰਦਗੀ ਵੀ ਸ਼ੁਰੂ ਨਹੀਂ ਕੀਤੀ ਸੀ ਜਿਸ ਤੋਂ ਮਾਂ ਨੂੰ ਵੱਡੀਆਂ ਆਸਾਂ ਸਨ ਪਰ ਉਸ ਨੂੰ ਚੰਦ ਛਿੱਲੜਾਂ ਕਾਰਨ ਸਿਰੇ ਦਾ ਖਤਰਨਾਕ ਕਦਮ ਚੁੱਕਣ ਲਈ ਮਜਬੂਰ ਕਰ ਦਿੱਤਾ ਗਿਆ। ਜਦੋਂ ਪਰਮਿੰਦਰ ਕੌਰ ਦੇ ਪਤੀ ਦੀ ਮੌਤ ਹੋਈ ਤਾਂ ਉਸ ਨੇ ਭਾਣਾ ਮੰਨ ਲਿਆ ਸੀ ਪਰ ਹੁਣ ਜਦੋਂ ਡਾਢਿਆਂ ਨੇ ਉਸ ਦੇ ਬੁਢਾਪੇ ਦੀ ਆਖਰੀ ਡੰਗੋਰੀ ਵੀ ਤੋੜ ਦਿੱਤੀ ਹੈ ਤਾਂ ਪਰਮਿੰਦਰ ਕੌਰ ਵੱਲੋਂ ਦੁਹੱਥੜਾਂ ਮਾਰਕੇ ਪੁੱਤ ਦੇ ਵਿਯੋਗ 'ਚ ਕੀਤਾ ਜਾ ਰਿਹਾ ਵਿਰਲਾਪ ਝੱਲਿਆ ਨਹੀਂ ਜਾਂਦਾ ਹੈ। ਪਰਮਿੰਦਰ ਕੌਰ ਨੂੰ ਆਪਣੇ ਪੁੱਤ ਦੇ ਚਿਹਰੇ ਚੋਂ ਪਤੀ ਦੀ ਹੋਂਦ ਦਾ ਝਾਉਲਾ ਅਤੇ ਆਪਣੇ ਅੱਛੇ ਦਿਨ ਨਜ਼ਰੀਂ ਪੈਂਦੇ ਸਨ। ਪੁੱਤ ਦੀ ਇੰਜ ਅਚਾਨਕ ਟੁੱਟੀ ਤੰਦ ਨੇ ਪਰਮਿੰਦਰ ਕੌਰ ਨੂੰ ਰੋਹੀ ਦਾ ਰੁੱਖ ਬਣਾ ਦਿੱਤਾ ਹੈ। ਹਾਲਾਂਕਿ ਪੁਲਿਸ ਨੇ ਉਸ ਦੇ ਪੁੱਤ ਦੇ ਕਥਿਤ ਕਾਤਲਾਂ ਖਿਲਾਫ ਮੁਕੱਦਮਾ ਦਰਜ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ ਪਰ ਉਸ ਨੂੰ ਕਿਧਰੋਂ ਵੀ ਕੋਈ ਧਰਵਾਸ ਨਹੀਂ ਬੱਝ ਰਿਹਾ ਹੈ। ਵਕਤੋਂ ਪਹਿਲਾਂ ਬੁੱਢੀ ਦਿਸਦੀ ਪਰਮਿੰਦਰ ਕੌਰ ਕੋਲ ਪਿੱਛੇ ਸਿਰਫ ਦੋ ਤਸਵੀਰਾਂ ਹੀ ਬਚੀਆਂ ਹਨ ਜੋ ਬੋਲਣ ਅਤੇ ਦੁੱਖ ਸੁਨਣ ਤੋਂ ਅਸਮਰੱਥ ਹਨ। ਸੱਥਰ ਤੇ ਬੈਠੀ ਇਹ ਬਜੁਰਗ ਆਪਣੇ ਦੁੱਖਾਂ ਦੀ ਪੋਟਲੀ ਫਰੋਲ ਰਹੀ ਹੈ ਪਰ ਉਸ ਕੋਲ ਆਉਣ ਵਾਲੀਆਂ ਔਰਤਾਂ ਨੂੰ ਤਾਂ ਇਹ ਸਮਝ ਹੀ ਨਹੀਂ ਪੈ ਰਹੀ ਕਿ ਉਹ ਕਿੱਦਾਂ ਅਫਸੋਸ ਜਤਾਉਣ ।ਪਹਾੜ ਤੋਂ ਵੱਡੇ ਦੁੱਖਾਂ ਅੱਗੇ ਲਫਜ਼ਾਂ ਦੀ ਘਾਟ ਪੈ ਗਈ ਹੈ। ਅਚਾਨਕ ਆਏ ਇੱਕ ਵਾਵਰੋਲੇ ਨੇ ਜਿਸ ਦੀਆਂ ਸੱਧਰਾਂ ਹਵਾ ਵਿੱਚ ਉਡਾ ਦਿੱਤੀਆਂ ਹੋਣ ਤਾਂ ਉਸ ਔਰਤ ਨੂੰ ਕੋਈ ਹੌਂਸਲਾ ਦਿੱਤਾ ਵੀ ਕਿੰਜ ਜਾ ਸਕਦਾ ਹੈ। ਇਸ ਜਹਾਨੋਂ ਹਮੇਸ਼ਾ ਲਈ ਤੁਰ ਗਏ ਦਵਿੰਦਰਪਾਲ ਦੇ ਸੰਗੀ ਸਾਥੀ ਵੀ ਅੱਜ ਉਦਾਸ ਹਨ ਜਿੰਨ੍ਹਾਂ ਦਾ ਕਹਿਣਾ ਸੀ ਕਿ ਬੇਹੱਦ ਚੰਗੇ ਅਤੇ ਨਰਮ ਸੁਭਾਅ ਦਾ ਮੁੰਡਾ ਸੀ ਪਰ ਲਾਲਚੀਆਂ ਕਾਰਨ ਉਸ ਨੂੰ ਦੁਬਾਰਾ ਨਾਂ ਮਿਲਣ ਵਾਲੀ ਜਿੰਦਗੀ ਤੋਂ ਹੱਥ ਧੋਣੇ ਪਏ ਹਨ। ਮ੍ਰਿਤਕ ਦਵਿੰਦਰ ਦੇ ਨਜ਼ਦੀਕੀਆਂ 'ਚ ਇਹੋ ਚਰਚਾ ਭਾਰੂ ਹੈ ਕਿ ਕਿੰਨੀ ਵੱਡੀ ਗੱਲ ਹੋਈ ਹੋਵੇਗੀ ਕਿ ਹੋਰਨਾਂ ਨੂੰ ਹੌਂਸਲਾ ਦੇਣ ਵਾਲੇ ਦਵਿੰਦਰ ਨੇ ਅਚਾਨਕ ਇਸ ਤਰਾਂ ਮੌਤ ਨੂੰ ਗਲੇ ਲਾ ਲਿਆ। ਪਿੰਡ ਨੱਤ 'ਚ ਜਿੱਥੇ ਵੀ ਚਾਰ ਬੰਦੇ ਜੁੜਦੇ ਹਨ ਉੱਥੇ ਹੀ ਇਹੋ ਗੱਲਾਂ ਹੋ ਰਹੀਆਂ ਹਨ ਕਿ 'ਚੰਗਾ ਮੁੰਡਾ ਸੀ ਦਵਿੰਦਰ ਸਿਓਂ ਪਰ ਮਾੜੀ ਕਰ ਗਿਆ ।ਸੁਖਰਾਜ ਸਿੰਘ ਨੱਤ ਦੇ ਕਈ ਨਜ਼ਦੀਕੀਆਂ ਦੀ ਅੱਖਾਂ 'ਚ ਅੱਥਰੂ ਅਤੇ ਉਦਾਸ ਚਿਹਰੇ ਹੁਣ ਉਨ੍ਹਾਂ ਦੁੱਖਾਂ ਦੇ ਗਵਾਹ ਹਨ ਜੋ ਪੁੱਤ ਅਤੇ ਪਤੀ ਦੀ ਗੈਰਮੌਜੂਦਗੀ 'ਚ ਪਰਮਿੰਦਰ ਕੌਰ ਨੂੰ ਹੰਢਾਉਣ ਲਈ ਮਜਬੂਰ ਹੋਣਾ ਪਿਆ ਹੈ। ਦਵਿੰਦਰਪਾਲ ਸਿੰਘ ਨੱਤ ਵੱਲੋਂ ਮੌਤ ਤੋਂ ਪਹਿਲਾਂ ਬਣਾਈ ਗਈ ਇੱਕ ਦਰਦਨਾਕ ਵੀਡੀਓ ਵਿੱਚ ਦਵਿੰਦਰ ਨੱਤ ਨੇ ਦੱਸਿਆ ਕਿ ਸੁਸ਼ਮਾ ਬਿਲਡਟੈਕ ਦੇ ਮਾਲਕ ਬਿੰਦਰਪਾਲ ਮਿੱਤਲ ਅਤੇ ਉਸ ਦੇ ਪੁੱਤਰਾਂ (ਪ੍ਰਤੀਕ ਅਤੇ ਭਰਤ) ਨੇ ਉਨ੍ਹਾਂ ਨਾਲ ਕਰੋੜਾਂ ਰੁਪਏ ਦੀ ਠੱਗੀ ਕੀਤੀ ਹੈ। ਉਸ ਰਾਹੀਂ ਹੋਰਨਾਂ ਦੋਸਤਾਂ ਵੱਲੋਂ ਉਸ ਰਾਹੀਂ ਨਿਵੇਸ਼ ਕੀਤੇ ਗਏ 6-7 ਕਰੋੜ ਵੀ ਵਾਪਸ ਨਹੀਂ ਮੋੜਿਆ ਜਾ ਰਿਹਾ ਸੀ, ਜਿਸ ਕਾਰਨ ਉਹ ਭਾਰੀ ਮਾਨਸਿਕ ਪਰੇਸ਼ਾਨੀ ਵਿੱਚ ਹੈ। ਉਨ੍ਹਾਂ ਕਿਹਾ ਕਿ ਪਿਤਾ ਦੀ ਮੌਤ ਤੋਂ ਬਾਅਦ ਮਿਲੇ 55 ਲੱਖ ਰੁਪਏ, ਮਾਂ ਦੇ ਜਮ੍ਹਾਂ ਕੀਤੇ 6 ਲੱਖ ਅਤੇ ਪਿਤਾ ਦੀ ਪਿਸਤੌਲ ਵੇਚ ਕੇ ਆਏ 12 ਲੱਖ ਰੁਪਏ ਵੀ ਉਨ੍ਹਾਂ ਨੇ ਬਿਲਡਰ ਨੂੰ ਦੇ ਦਿੱਤੇ ਸਨ। ਦਵਿੰਦਰਪਾਲ ਦਾ ਵੀਡੀਓ 'ਚ ਕਹਿਣਾ ਸੀ ਕਿ ਉਨ੍ਹਾਂ ਕੋਲ ਸਾਰੀਆਂ ਬੈਂਕ ਐਂਟਰੀਆਂ ਮੌਜੂਦ ਹਨ।

# ਰਣਬੀਰ ਕਪੂਰ ਨੇ ਲਾਸ ਏਂਜਲਸ 'ਚ ਦਿਖਾਇਆ 'ਰਾਮਾਇਣ' ਦਾ ਪਹਿਲਾ ਟੀਜ਼ਰ

## ਭਾਰਤ 'ਚ ਹਨੂਮਾਨ ਜਯੰਤੀ 'ਤੇ ਹੋਵੇਗਾ ਅਧਿਕਾਰਤ ਲਾਂਚ, ਫਿਲਮ 'ਚ ਯਸ਼ ਬਣਨਗੇ ਰਾਵਣ






